PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 05 ਫਰਵਰੀ ਤੋਂ 11 ਫਰਵਰੀ, 2026 | Email :- editor@punjabstar.com, Vo. 20. Issue:1223

## ਕੈਨੇਡਾ: ਜੂਨੀਅਰ ਹਾਕੀ ਟੀਮ ਦੇ ਤਿੰਨ ਖਿਡਾਰੀ ਸੜਕ ਹਾਦਸੇ 'ਚ ਹਲਾਕ




(ਪੰਜਾਬ ਸਟਾਰ ਬਿਊਰੋ): ਅਲਬਰਟਾ ਵਿੱਚ ਸਟੈਵਲੀ ਕੋਲ ਹੋਏ ਟਰੱਕ ਤੇ ਕਾਰ ਦੀ ਸਿੱਧੀ ਟੱਕਰ ਵਿੱਚ ਜੂਨੀਅਰ ਹਾਕੀ ਟੀਮ ਦੇ ਤਿੰਨ ਖਿਡਾਰੀਆਂ ਦੀ ਮੌਤ ਹੋ ਗਈ। ਜਦੋਂ ਹਾਈਵੇਅ 2 'ਤੇ 55 ਐਵੇਨਿਊ ਨੇੜੇ ਹਾਦਸਾ ਵਾਪਰਿਆ, ਉਹ ਟੀਮ ਸਮੇਤ ਪ੍ਰੈਕਿਟਸ ਲਈ ਜਾ ਰਹੇ ਸਨ। ਹਾਦਸੇ ਦੌਰਾਨ ਦੋ ਖਿਡਾਰੀਆਂ ਨੇ ਡਾਕਟਰੀ ਮਦਦ ਮਿਲਣ ਤੋਂ ਪਹਿਲਾਂ ਦਮ ਤੋੜ ਦਿੱਤਾ ਜਦ ਕਿ ਜ਼ਖ਼ਮਾਂ ਦੀ ਤਾਬ ਨਾ *ਬਾਕੀ ਸਫ਼ਾ 2 'ਤੇ

## ਬਰੈਂਪਟਨ ਅਤੇ ਮਿਸੀਸਾਗਾ 'ਚ ਡਾਕੇ ਮਾਰਨ ਵਾਲੇ 95 ਕਾਬੂ

### ਵੱਡੇ ਸ਼ੌਪਿੰਗ ਮੌਲਜ਼ ਨੂੰ ਬਣਾਉਂਦੇ ਸਨ ਨਿਸ਼ਾਨਾ



ਬਰੈਂਪਟਨ, (ਪੰਜਾਬ ਸਟਾਰ ਬਿਊਰੋ): ਬਰੈਂਪਟਨ ਅਤੇ ਮਿਸੀਸਾਗਾ ਦੇ ਵੱਡੇ ਸ਼ੌਪਿੰਗ ਮਾਲਜ਼ ਵਿਚ ਡਾਕੇ ਮਾਰਨ ਵਾਲੇ 95 ਸ਼ੱਕੀਆਂ ਨੂੰ ਪੀਲ ਰੀਜਨਲ ਪੁਲਿਸ ਨੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ ਜਿਨ੍ਹਾਂ ਵਿਚੋਂ 77 ਪੇਸ਼ੇਵਰ ਅਪਰਾਧੀ ਹਨ। ਪੁਲਿਸ ਨੇ ਦੱਸਿਆ ਕਿ ਇਕ ਮਹੀਨੇ ਤੱਕ ਚਲਾਈ ਵਿਸ਼ੇਸ਼ ਮੁਹਿੰਮ ਦੌਰਾਨ *ਬਾਕੀ ਸਫ਼ਾ 2 'ਤੇ

## ਨਾਇਜੀਰੀਆ 'ਚ ਦਹਿਸ਼ਤਗਰਦਾਂ ਵੱਲੋਂ 162 ਪਿੰਡ ਵਾਸੀਆਂ ਦੀ ਹੱਤਿਆ

### ਦੋ ਪਿੰਡਾਂ 'ਤੇ ਹਥਿਆਰਬੰਦਾਂ ਨੇ ਹਮਲਾ ਕੀਤਾ; ਘਰਾਂ ਨੂੰ ਅੱਗ ਲਾਈ



(ਪੰਜਾਬ ਸਟਾਰ ਬਿਊਰੋ): ਇਸਲਾਮਿਕ ਦਹਿਸ਼ਤਗਰਦਾਂ ਨੇ ਪੱਛਮੀ ਨਾਇਜੀਰੀਆ ਦੇ ਦੋ ਪਿੰਡਾਂ 'ਤੇ ਹਮਲਾ ਕਰਕੇ 162 ਜਣਿਆਂ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਪਿੰਡਾਂ ਦੇ ਵੱਡੀ ਗਿਣਤੀ ਘਰਾਂ ਨੂੰ ਅੱਗ ਲਾ ਦਿੱਤੀ ਤੇ ਤਸ਼ੱਦਦ ਢਾਹਿਆ। ਇੱਥੋਂ ਦੇ ਸੰਸਦ ਮੈਂਬਰ ਨੇ ਕਿਹਾ ਕਿ ਇਹ ਹਾਲ ਹੀ ਦੇ ਮਹੀਨਿਆਂ ਵਿੱਚ ਸਭ ਤੋਂ ਘਾਤਕ ਹਮਲਾ ਹੈ।

ਇਸ ਖੇਤਰ ਦੀ ਨੁਮਾਇੰਦਗੀ ਕਰਨ ਵਾਲੇ ਸੰਸਦ ਮੈਂਬਰ ਮੁਹੰਮਦ ਉਮਰ ਬਾਇਓ ਨੇ ਕਿਹਾ ਕਿ ਇਸ ਦੌਰਾਨ ਕਵਾਰਾ ਸੂਬੇ ਦੇ ਵੋਰੋ ਅਤੇ ਨੂਕੂ ਪਿੰਡਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਹਮਲੇ ਇਸਲਾਮਿਕ ਸਟੇਟ ਨਾਲ ਸਬੰਧਤ ਹਥਿਆਰਬੰਦਾਂ ਵਲੋਂ ਕੀਤੇ ਗਏ ਪਰ ਹਾਲੇ ਤਕ ਕਿਸੇ ਨੇ ਵੀ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ। *ਬਾਕੀ ਸਫ਼ਾ 2 'ਤੇ

## ਗ੍ਰੀਸ 'ਚ 14 ਪ੍ਰਵਾਸੀਆਂ ਦੀ ਹੋਈ ਮੌਤ

### ਲਾਪਤਾ ਲੋਕਾਂ ਦੀ ਭਾਲ ਜਾਰੀ



(ਪੰਜਾਬ ਸਟਾਰ ਬਿਊਰੋ): ਗ੍ਰੀਸ ਦੇ ਪੂਰਬੀ ਏਜੀਅਨ ਸਾਗਰ ਵਿੱਚ ਚੀਓਸ ਟਾਪੂ ਦੇ ਨੇੜੇ ਇੱਕ ਵੱਡਾ ਸਮੁੰਦਰੀ ਹਾਦਸਾ ਵਾਪਰਿਆ। ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਛੋਟੀ ਕਿਸ਼ਤੀ ਤੁਰਕੀ ਦੇ ਤੱਟ 'ਤੇ ਇੱਕ ਯੂਨਾਨੀ ਤੱਟ ਰੱਖਿਅਕ ਗਸ਼ਤੀ ਜਹਾਜ਼ ਨਾਲ ਟਕਰਾ ਗਈ, ਜਿਸ ਵਿੱਚ ਘੱਟੋ-ਘੱਟ 14 ਪ੍ਰਵਾਸੀ ਮਾਰੇ ਗਏ।

ਕੋਸਟ ਗਾਰਡ ਦੇ ਅਧਿਕਾਰੀਆਂ ਅਨੁਸਾਰ, ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਨੇ ਚਿਓਸ ਵੱਲ *ਬਾਕੀ ਸਫ਼ਾ 2 'ਤੇ

## ਅਮਰੀਕਾ 'ਚ 7 ਭਾਰਤੀਆਂ ਸਣੇ 655 ਹੋਣਗੇ ਡਿਪੋਰਟ

### ਟਰੰਪ ਨੇ ਰੱਦ ਕੀਤੀ ਗੁਰਮੀਤ ਸਿੰਘ ਦੀ ਸਿਟੀਜ਼ਨਸ਼ਿਪ




ਫ਼ਿਲਾਡੈਲਫ਼ੀਆ, (ਪੰਜਾਬ ਸਟਾਰ ਬਿਊਰੋ): ਡੌਨਲਡ ਟਰੰਪ ਦੇ ਇੰਮੀਗ੍ਰੇਸ਼ਨ ਅਫ਼ਸਰਾਂ ਨੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਛਾਪੇ ਮਾਰਦਿਆਂ 7 ਭਾਰਤੀ ਨਾਗਰਿਕਾਂ ਸਣੇ ਘੱਟੋ ਘੱਟ 655 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ ਜਿਨ੍ਹਾਂ ਵਿਚੋਂ ਸਾਗਰ ਸਿੰਘ ਨੂੰ ਟਰੱਕਾਂ ਦੀ ਚੈਕਿੰਗ ਦੌਰਾਨ ਹਿਰਾਸਤ ਵਿਚ ਲਿਆ ਗਿਆ। ਦੂਜੇ ਪਾਸੇ ਨਿਊ ਯਾਰਕ ਦੇ ਗੁਰਮੀਤ ਸਿੰਘ ਤੋਂ ਯੂ.ਐਸ. ਸਿਟੀਜ਼ਨਸ਼ਿਪ ਖੋਹੀ ਜਾ ਰਹੀ ਹੈ ਜਿਸ ਨੇ ਬਲਾਤਕਾਰ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਜਾਣ ਨਾਲ ਸਬੰਧਤ ਜਾਣਕਾਰੀ ਇੰਮੀਗ੍ਰੇਸ਼ਨ ਵਿਭਾਗ ਤੋਂ ਲੁਕਾ ਕੇ ਰੱਖੀ। ਗੁਰਮੀਤ ਸਿੰਘ ਫ਼ੈਮਿਲੀ ਬੇਸਡ ਇੰਮੀਗ੍ਰੇਸ਼ਨ ਯੋਜਨਾ ਅਧੀਨ ਅਮਰੀਕਾ ਵਿਚ ਦਾਖਲ ਹੋਇਆ ਅਤੇ ਅਕਤੂਬਰ 2011 ਵਿਚ ਅਮੈਰਿਕਨ ਸਿਟੀਜ਼ਨ ਬਣ ਗਿਆ। ਨਾਗਰਿਕਤਾ ਮਿਲਣ ਮਗਰੋਂ ਨਿਊ ਯਾਰਕ ਦੀ ਅਦਾਲਤ ਨੇ ਗੁਰਮੀਤ ਸਿੰਘ ਨੂੰ ਅਗਵਾ ਅਤੇ ਬਲਾਤਕਾਰ ਦੇ ਦੋਸ਼ੀ ਕਰਾਰ ਦਿੰਦਿਆਂ 20 ਸਾਲ ਵਾਸਤੇ ਜੇਲ ਭੇਜ ਦਿਤਾ। ਅਮਰੀਕਾ ਦੇ ਨਿਆਂ ਵਿਭਾਗ ਦੀ ਸਿਵਲ ਡਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਬ੍ਰੈਟ ਸ਼ੁਮੇਟ ਨੇ ਦੱਸਿਆ ਕਿ ਘਿਨਾਉਣੀ ਹਰਕਤ ਕਰਨ ਵਾਲਿਆਂ ਨੂੰ ਯੂ.ਐਸ. ਸਿਟੀਜ਼ਨਸ਼ਿਪ ਨਹੀਂ ਦਿਤੀ ਜਾ ਸਕਦੀ।

ਅਮਰੀਕਾ ਵਿਚ ਆਉਣ ਮਗਰੋਂ ਗੁਰਮੀਤ ਸਿੰਘ ਨੇ ਦਿਲ ਕੰਬਾਊ ਅਪਰਾਧ ਕੀਤਾ ਅਤੇ ਨਾਗਰਿਕਤਾ ਦੀ ਸਹੁੰ ਚੁੱਕਣ ਤੋਂ ਪਹਿਲਾਂ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਨਾ ਕੀਤੀ। *ਬਾਕੀ ਸਫ਼ਾ 2 'ਤੇ

## ਕੈਨੇਡਾ ਦੇ 800 ਲੋਕਾਂ ਨਾਲ 33 ਮਿਲੀਅਨ ਡਾਲਰ ਦੀ ਠੱਗੀ

### * ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਦੀ ਕੈਦ

### * ਅਦਾਲਤ ਨੇ 12-12 ਮਿਲੀਅਨ ਡਾਲਰ ਜੁਰਮਾਨਾ ਵੀ ਲਾਇਆ



ਵਿੰਨੀਪੈਗ, (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਨਾਲ ਸਬੰਧਤ 800 ਤੋਂ ਵੱਧ ਲੋਕਾਂ ਤੋਂ ਕਰੋੜਾਂ ਡਾਲਰ ਠੱਗਣ ਵਾਲੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਸਟਿਸ ਡੈਨੀਅਲ ਮੂਰ ਨੇ ਦੋਹਾਂ ਨੂੰ ਸਜ਼ਾ ਦਾ ਐਲਾਨ ਕਰਦਿਆਂ 12-12 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨ ਦੇ ਹੁਕਮ ਵੀ ਦਿਤੇ ਅਤੇ ਕਿਹਾ ਕਿ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਹਾਂ ਨੂੰ ਪੰਜ-ਪੰਜ ਸਾਲ ਵਾਧੂ ਜੇਲ ਕੱਟਣੀ ਪਵੇਗੀ। ਜਸਟਿਸ ਮੂਰ ਨੇ ਕਿਹਾ ਕਿ ਕੋਈ ਸਜ਼ਾ ਨਿਵੇਸ਼ਕਾਂ ਦੀ ਰਕਮ ਵਾਪਸ ਨਹੀਂ ਲਿਆ ਸਕਦੀ ਅਤੇ ਨਾ ਹੀ ਆਰਥਿਕ ਅਤੇ ਮਾਨਸਿਕ ਤੌਰ 'ਤੇ ਹੋਏ ਨੁਕਸਾਨ ਦੀ ਭਰਪਾਈ ਕਰ ਸਕਦੀ ਹੈ। ਦੂਜੇ ਪਾਸੇ ਰਾਠੌਰ ਅਤੇ ਪੈਟਰੋਜ਼ਾ ਦੇ ਵਕੀਲਾਂ ਨੇ ਉਨਟਾਰੀਓ ਕੋਰਟ ਆਫ਼ ਜਸਟਿਸ ਵਿਚ ਅਪੀਲ ਦਾਇਰ ਕਰ ਦਿਤੀ ਅਤੇ ਦੋਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ।

ਫੌਰਟ੍ਰੈੱਸ ਰੀਅਲ ਡਿਵੈਲਪਮੈਂਟਸ ਦੇ ਕੋਅ ਫ਼ਾਊਂਡਰ ਜਵਾਦ ਰਾਠੌਰ ਵੱਲੋਂ ਪੇਸ਼ ਵਕੀਲ ਸਕੌਟ ਫੈਂਟਨ ਨੇ ਦੋਸ਼ ਲਾਇਆ ਕਿ ਮੁਕੱਦਮੇ ਦੀ ਸੁਣਵਾਈ ਕਰ ਰਹੇ ਜੱਜ ਨੇ ਫ਼ੌਰਟ੍ਰੈੱਸ ਦੇ ਸਾਰੇ ਪ੍ਰੌਜੈਕਟਾਂ ਨਾਲ ਸਬੰਧਤ ਸਬੂਤਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਜਦਕਿ ਸਿਰਫ਼ ਦੋ ਪ੍ਰੌਜੈਕਟਾਂ ਵੱਲ ਧਿਆਨ ਕੇਂਦਰਤ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਵੱਲੋਂ ਕੰਪਨੀ ਦੀ ਸ਼ੁਰੂਆਤ 2008 ਵਿਚ ਕੀਤੀ ਗਈ। ਕੰਪਨੀ ਵੱਲੋਂ ਆਰੰਭੀ ਵਿਲੱਖਣ ਕਿਸਮ ਦੀ ਮੌਰਗੇਜ ਯੋਜਨਾ ਲੋਕਾਂ ਵਿਚ ਬੇਹੱਦ ਮਕਬੂਲ ਹੋਈ ਅਤੇ 14 ਹਜ਼ਾਰ ਤੋਂ ਵੱਧ ਰਿਟੇਲ ਇਨਵੈਸਟਰਜ਼ ਨੇ ਕੈਨੇਡਾ ਦੇ ਵੱਖ ਵੱਖ ਸ਼ਹਿਰ ਵਿਚ 80 ਉਸਾਰੀ ਪ੍ਰੌਜੈਕਟਾਂ ਵਾਸਤੇ 920 ਮਿਲੀਅਨ ਡਾਲਰ ਦੀ ਰਕਮ ਨਿਵੇਸ਼ ਕਰ ਦਿਤੀ ਪਰ ਉਨਟਾਰੀਓ ਦੇ ਬੈਰੀ ਸ਼ਹਿਰ ਵਿਖੇ ਕੌਲੀਅਰਜ਼ ਸੈਂਟਰ ਅਤੇ *ਬਾਕੀ ਸਫ਼ਾ 2 'ਤੇ

## ਭਾਰੀ ਬਰਫ਼ਬਾਰੀ ਕਾਰਨ ਉੱਤਰੀ ਜਾਪਾਨ 'ਚ 35 ਲੋਕਾਂ ਦੀ ਹੋਈ ਮੌਤ



ਟੋਕੀਓ, (ਪੰਜਾਬ ਸਟਾਰ ਬਿਊਰੋ): ਉੱਤਰੀ ਜਾਪਾਨ ਵਿੱਚ ਹੋਈ ਘਾਤਕ ਬਰਫ਼ਬਾਰੀ ਨੇ ਸ਼ਹਿਰ ਨੂੰ ਮੌਤ ਦੀ ਚਾਦਰ ਵਿੱਚ ਢੱਕ ਦਿੱਤਾ ਹੈ। ਉੱਤਰੀ ਜਾਪਾਨ ਵਿੱਚ ਪਿਛਲੇ ਦੋ ਹਫ਼ਤਿਆਂ ਤੋਂ ਲਗਾਤਾਰ ਭਾਰੀ ਬਰਫ਼ਬਾਰੀ ਹੋ ਰਹੀ ਹੈ। ਭਾਰੀ ਬਰਫ਼ਬਾਰੀ ਕਾਰਨ ਹੁਣ ਤੱਕ 35 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੌਤਾਂ ਅਚਾਨਕ ਦਿਲ ਦੇ ਦੌਰੇ ਜਾਂ ਬਰਫ਼ ਸਾਫ਼ ਕਰਦੇ ਸਮੇਂ ਫਿਸਲਣ ਕਾਰਨ ਹੋਈਆਂ ਹਨ। ਜਾਪਾਨੀ ਅਧਿਕਾਰੀਆਂ ਦੇ ਅਨੁਸਾਰ, ਬੁੱਧਵਾਰ ਤੱਕ 15 ਪ੍ਰੀਫੈਕਚਰ ਪ੍ਰਭਾਵਿਤ ਹੋਏ ਸਨ, ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ 2 ਮੀਟਰ (6.5 ਫੁੱਟ) ਤੱਕ ਬਰਫ਼ ਪਈ ਸੀ। ਉੱਤਰੀ ਜਾਪਾਨ ਦੇ ਚੌਲ ਉਤਪਾਦਕ ਖੇਤਰ, ਨਿਗਾਟਾ ਪ੍ਰੀਫੈਕਚਰ ਵਿੱਚ ਸਭ ਤੋਂ ਵੱਧ 12 ਮੌਤਾਂ ਦਰਜ ਕੀਤੀਆਂ ਗਈਆਂ। 21 ਜਨਵਰੀ ਨੂੰ ਉਓਨੁਮਾ ਸ਼ਹਿਰ ਵਿੱਚ ਇੱਕ 50 ਸਾਲਾ ਵਿਅਕਤੀ ਦੀ ਆਪਣੇ ਘਰ ਦੀ ਛੱਤ ਤੋਂ ਫਿਸਲਣ ਕਾਰਨ ਮੌਤ ਹੋ ਗਈ। ਇਸ ਦੌਰਾਨ, ਨਾਗਾਓਕਾ ਸ਼ਹਿਰ ਵਿੱਚ, ਇੱਕ 70 ਸਾਲਾ ਵਿਅਕਤੀ ਆਪਣੇ ਘਰ ਦੇ ਸਾਹਮਣੇ ਡਿੱਗਿਆ ਹੋਇਆ ਮਿਲਿਆ ਅਤੇ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ। ਸ਼ੱਕ ਹੈ ਕਿ ਉਹ ਛੱਤ ਤੋਂ ਬਰਫ਼ ਹਟਾਉਂਦੇ ਸਮੇਂ ਡਿੱਗ ਪਿਆ ਸੀ। ਨਿਗਾਟਾ ਤੋਂ ਇਲਾਵਾ, ਅਕੀਤਾ ਪ੍ਰੀਫੈਕਚਰ ਵਿੱਚ ਸੱਤ ਅਤੇ ਯਾਮਾਗਾਟਾ ਵਿੱਚ ਪੰਜ ਮੌਤਾਂ ਦੀ ਰਿਪੋਰਟ ਕੀਤੀ ਗਈ ਹੈ। ਬਰਫ਼ਬਾਰੀ ਕਾਰਨ ਦੇਸ਼ ਭਰ ਵਿੱਚ ਜ਼ਮੀਨ ਖਿਸਕਣ ਅਤੇ ਫਿਸਲਣ *ਬਾਕੀ ਸਫ਼ਾ 2 'ਤੇ

## ਰਾਹੁਲ ਵੱਲੋਂ ਵਰਤੇ 'ਗੱਦਾਰ' ਸ਼ਬਦ ਕਾਰਨ ਸਿਆਸੀ ਵਿਵਾਦ ਛਿੜਿਆ



(ਪੰਜਾਬ ਸਟਾਰ ਬਿਊਰੋ): ਰਾਹੁਲ ਗਾਂਧੀ ਵੱਲੋਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਿਰੁੱਧ ਕੀਤੀ ਗਈ "ਗੱਦਾਰ" (traitor) ਦੀ ਟਿੱਪਣੀ ਨੇ ਇੱਕ ਵੱਡਾ ਸਿਆਸੀ ਹੰਗਾਮਾ ਖੜ੍ਹਾ ਕਰ ਦਿੱਤਾ ਹੈ। ਸੱਤਾਧਾਰੀ ਭਾਜਪਾ ਨੇ ਇੱਕ ਮਾਣਮੱਤੇ ਸਿੱਖ ਦਾ ਅਪਮਾਨ ਕਰਨ ਲਈ ਰਾਹੁਲ ਗਾਂਧੀ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਜਿਸ ਤਰ੍ਹਾਂ ਗਾਂਧੀ ਨੇ ਇੱਕ ਸੰਸਦ ਮੈਂਬਰ ਅਤੇ ਸਤਿਕਾਰਤ ਸਿੱਖ ਆਗੂ ਸਰਦਾਰ ਰਵਨੀਤ ਸਿੰਘ ਬਿੱਟੂ ਨੂੰ 'ਗੱਦਾਰ' ਕਹਿ ਕੇ ਸੰਬੋਧਨ ਕੀਤਾ, ਉਸ ਨੇ ਸੱਭਿਅਤਾ, ਸ਼ਾਲੀਨਤਾ ਅਤੇ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਪੁਰੀ ਨੇ ਕਿਹਾ, "ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਉਹ ਦਿਸ਼ਾਹੀਣ ਕਾਂਗਰਸ ਨਾਲੋਂ ਮੋਦੀ ਸਰਕਾਰ ਦੀਆਂ ਵਿਕਾਸ ਨੀਤੀਆਂ ਨੂੰ ਚੁਣਨ ਲਈ ਬਿੱਟੂ ਜੀ ਵਿਰੁੱਧ ਡੂੰਘੀ ਨਫ਼ਰਤ ਰੱਖਦੇ ਹੋਣ। ਪਰ, ਇਹ ਇੱਕ ਮਾਣਮੱਤੇ ਸਿੱਖ ਵਿਰੁੱਧ ਅਜਿਹੀ ਭੱਦੀ ਟਿੱਪਣੀ ਨੂੰ ਕਦੇ ਵੀ ਜਾਇਜ਼ ਨਹੀਂ * ਬਾਕੀ ਸਫ਼ਾ 2 'ਤੇ

## ਬ੍ਰਾਜ਼ੀਲ 'ਚ ਸ਼ਰਧਾਲੂਆਂ ਨਾਲ ਭਰੀ ਬੱਸ ਪਲਟੀ, 15 ਦੀ ਹੋਈ ਮੌਤ

### ਮ੍ਰਿਤਕਾਂ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ



ਸਾਓ ਪਾਓਲੋ, (ਪੰਜਾਬ ਸਟਾਰ ਬਿਊਰੋ): ਬ੍ਰਾਜ਼ੀਲ 'ਚ ਸ਼ਰਧਾਲੂਆਂ ਨਾਲ ਭਰੀ ਬੱਸ ਚਟਾਨ ਨਾਲ ਟਕਰਾਉਣ ਤੋਂ ਬਾਅਦ ਪਲਟਣ ਕਾਰਨ ਇਕ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਦੌਰਾਨ 15 ਵਿਅਕਤੀਆਂ ਦੀ ਮੌਤ ਹੋ ਗਈ, ਮ੍ਰਿਤਕਾਂ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ। ਬੱਸ ਇੱਕ ਧਾਰਮਿਕ ਮੇਲੇ ਤੋਂ ਵਾਪਸ ਆ ਰਹੀ ਸੀ ਜਦੋਂ ਉਸਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਇੱਕ ਚਟਾਨ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬੱਸ ਵਿਚ ਲਗਭਗ 30 ਲੋਕ ਸਵਾਰ ਸਨ । ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ *ਬਾਕੀ ਸਫ਼ਾ 2 'ਤੇ












# ‘ਮੇਰੇ ਗੱਦਾਰ ਦੋਸਤ, ਤੁਸੀਂ ਵਾਪਸ ਆਓਗੇ’

## ਸੰਸਦ ਵਿੱਚ ਰਾਹੁਲ ਗਾਂਧੀ ਤੇ ਰਵਨੀਤ ਬਿੱਟੂ ਵਿਚਕਾਰ ਤਿੱਖੀ ਬਹਿਸ




ਕਾਂਗਰਸ ਦੇ ਸੰਸਦ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ "ਸਮਝੌਤਾ" (compromised) ਕਰਨ ਦਾ ਦੋਸ਼ ਲਾਉਂਦਿਆਂ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਕਾਰ ਤਿੱਖੀ ਤਕਰਾਰ ਹੋ ਗਈ। ਕਾਂਗਰਸੀ ਸੰਸਦ ਮੈਂਬਰ ਸੰਸਦ ਦੇ ਬਾਹਰ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਇਕੱਠੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਸੀ "PM is compromised"। ਇਹ ਪ੍ਰਦਰਸ਼ਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਇੱਕ ਦਿਨ ਪਹਿਲਾਂ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਮੀਡੀਆ ਸਾਹਮਣੇ ਕੀਤੇ ਗਏ ਦਾਅਵਿਆਂ ਨੂੰ ਦੁਹਰਾਉਣ ਲਈ ਕੀਤਾ ਗਿਆ ਸੀ। ਇਸ ਦੌਰਾਨ ਜਦੋਂ ਰੇਲ ਰਾਜ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਪ੍ਰਦਰਸ਼ਨ ਕਰ ਰਹੇ ਸੰਸਦ ਮੈਂਬਰਾਂ ਦੇ ਕੋਲੋਂ ਲੰਘੇ, ਤਾਂ ਰਾਹੁਲ ਗਾਂਧੀ ਨੇ ਉਨ੍ਹਾਂ (ਬਿੱਟੂ) ਵੱਲ ਇਸ਼ਾਰਾ ਕਰਦਿਆਂ "ਗੱਦਾਰ ਦੋਸਤ" (traitor friend) ਕਿਹਾ। ਗਾਂਧੀ ਨੇ ਫਿਰ ਵਿਅੰਗਮਈ ਢੰਗ ਨਾਲ ਬਿੱਟੂ ਵੱਲ ਹੱਥ ਵਧਾਇਆ ਅਤੇ ਕਿਹਾ ਕਿ ਉਹ ਆਖਿਰਕਾਰ ਕਾਂਗਰਸ ਵਿੱਚ ਵਾਪਸ ਆਉਣਗੇ।

ਬਿੱਟੂ ਨੇ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਗੁੱਸੇ ਵਿੱਚ ਜਵਾਬ ਦਿੰਦਿਆਂ ਗਾਂਧੀ 'ਤੇ ਦੇਸ਼ ਦੇ ਖ਼ਿਲਾਫ਼ ਹੋਣ ਦਾ ਦੋਸ਼ ਲਾਇਆ। ਦੋਵਾਂ ਨੂੰ ਕੁਝ ਦੇਰ ਲਈ ਤਿੱਖੇ ਸ਼ਬਦਾਂ ਦਾ ਆਦਾਨ-ਪ੍ਰਦਾਨ ਕਰਦੇ ਦੇਖਿਆ ਗਿਆ। ਇਸ ਜ਼ਬਾਨੀ ਜੰਗ ਨੇ ਪ੍ਰਦਰਸ਼ਨ ਦੇ ਮਾਹੌਲ ਨੂੰ ਹੋਰ ਗਰਮਾ ਦਿੱਤਾ। ਇਹ ਟਕਰਾਅ ਲੋਕ ਸਭਾ ਵਿੱਚ ਸੈਸ਼ਨ ਦੇ ਬਾਕੀ ਰਹਿੰਦੇ ਸਮੇਂ ਲਈ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਤੋਂ ਬਾਅਦ ਵਧੇ ਤਣਾਅ ਦੇ ਵਿਚਕਾਰ ਹੋਇਆ ਹੈ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਗੁਰਜੀਤ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਅਮਰਿੰਦਰ ਸਿੰਘ ਰਾਜਾ ਵੜਿੰਗ, ਬੀ ਮਾਣਿਕਮ ਟੈਗੋਰ, ਡਾ. ਪ੍ਰਸ਼ਾਂਤ ਯਾਦਵਰਾਓ ਪਡੋਲੇ, ਚਾਮਲਾ ਕਿਰਨ ਕੁਮਾਰ ਰੈਡੀ ਅਤੇ ਐਸ ਵੈਂਕਟੇਸ਼ਨ ਸ਼ਾਮਲ ਹਨ।

# ਐਲੋਨ ਮਸਕ ਬਣੇ 850 ਬਿਲੀਅਨ ਡਾਲਰ ਦੀ ਜਾਇਦਾਦ ਵਾਲੇ ਪਹਿਲੇ ਵਿਅਕਤੀ

## ਇੱਕ ਦਿਨ 'ਚ ਹੀ ਹੋਇਆ ਰਿਕਾਰਡ ਵਾਧਾ



ਨਵੀ ਦਿੱਲੀ : ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੀ ਦੌਲਤ ਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲੋਨ ਮਸਕ ਨੇ 850 ਬਿਲੀਅਨ ਡਾਲਰ ਦਾ ਅੰਕੜਾ ਪਾਰ ਕਰ ਲਿਆ ਹੈ, ਜਿਸਦੀ ਕੁੱਲ ਜਾਇਦਾਦ ਇੱਕ ਦਿਨ ਵਿੱਚ 84 ਬਿਲੀਅਨ ਡਾਲਰ ਵਧੀ ਹੈ।

ਦੱਸ ਦਈਏ ਫੋਰਬਸ ਦੇ ਅਨੁਸਾਰ ਮਸਕ ਹੁਣ ਇਤਿਹਾਸ ਦਾ ਸਭ ਤੋਂ ਅਮੀਰ ਵਿਅਕਤੀ ਹੈ। ਉਸਦੀ ਦੌਲਤ ਵਿੱਚ ਇਹ ਵਾਧਾ ਉਸਦੀ ਰਾਕੇਟ ਬਣਾਉਣ ਵਾਲੀ ਕੰਪਨੀ ਸਪੇਸਐਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਸਟਾਰਟਅੱਪ xAI ਦੇ ਰਲੇਵੇਂ ਕਾਰਨ ਹੋਇਆ ਹੈ। ਮਿਲੀ ਜਾਣਕਾਰੀ ਮਸਕ ਦੀ ਕੁੱਲ ਜਾਇਦਾਦ ਸਿਰਫ਼ ਚਾਰ ਮਹੀਨਿਆਂ ਵਿੱਚ 70% ਵਧੀ ਹੈ। ਇਹ ਅਕਤੂਬਰ 2025 ਵਿੱਚ $500 ਬਿਲੀਅਨ ਤੱਕ ਪਹੁੰਚ ਗਈ।

ਜ਼ਿਕਰਯੋਗ ਹੈ ਕਿ ਉਸਦੀ ਕੁੱਲ ਜਾਇਦਾਦ ਹੁਣ ਪਾਕਿਸਤਾਨ, ਸ਼੍ਰੀਲੰਕਾ ਅਤੇ ਨੇਪਾਲ ਦੇ GDP ਤੋਂ ਵੀ ਵੱਧ ਹੈ। ਇਹ ਭਾਰਤ ਦੇ ਚੋਟੀ ਦੇ 40 ਅਮੀਰ ਲੋਕਾਂ ਦੀ ਸਾਂਝੀ ਜਾਇਦਾਦ ਤੋਂ ਵੀ ਵੱਧ ਹੈ। ਮਸਕ ਦੀ ਰਾਕੇਟ ਕੰਪਨੀ ਸਪੇਸਐਕਸ ਨੇ ਉਸਦੀ ਏਆਈ ਕੰਪਨੀ xAI ਨੂੰ ਹਾਸਲ ਕਰ ਲਿਆ ਹੈ। ਇਹ ਦੋਵੇਂ ਪਹਿਲਾਂ ਵੱਖ-ਵੱਖ ਇਕਾਈਆਂ ਸਨ। ਹੁਣ ਉਹ ਇੱਕ ਸਿੰਗਲ ਵੱਡੀ ਕੰਪਨੀ ਬਣਾਉਂਦੇ ਹਨ, ਜਿਸਦੀ ਕੀਮਤ $1.25 ਟ੍ਰਿਲੀਅਨ (ਲਗਭਗ 104 ਲੱਖ ਕਰੋੜ ਰੁਪਏ) ਹੈ। ਇਸ ਰਲੇਵੇਂ ਨਾਲ ਮਸਕ ਦੀ ਕੀਮਤ $84 ਬਿਲੀਅਨ ਵੱਧ ਗਈ।

ਰਲੇਵੇਂ ਤੋਂ ਪਹਿਲਾਂ ਮਸਕ ਕੋਲ ਸਪੇਸਐਕਸ ਵਿੱਚ 42% ਹਿੱਸੇਦਾਰੀ ਸੀ, ਜਿਸਦੀ ਕੀਮਤ $336 ਬਿਲੀਅਨ ਸੀ। ਣਐਈ ਵਿੱਚ ਉਸਦੀ 49% ਹਿੱਸੇਦਾਰੀ ਦੀ ਕੀਮਤ $122 ਬਿਲੀਅਨ ਸੀ। ਮਸਕ ਕੋਲ ਹੁਣ ਨਵੀਂ ਬਣੀ ਕੰਪਨੀ ਵਿੱਚ 43% ਹਿੱਸੇਦਾਰੀ ਹੈ, ਜਿਸਦੀ ਕੀਮਤ $542 ਬਿਲੀਅਨ ਹੈ।

ਮਸਕ ਅਤੇ ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਵਿਚਕਾਰ ਪਾੜਾ ਤਿੰਨ ਗੁਣਾ ਤੋਂ ਵੱਧ ਵਧ ਗਿਆ ਹੈ। ਗੂਗਲ ਦੇ ਸਹਿ-ਸੰਸਥਾਪਕ ਲੈਰੀ ਪੇਜ 281 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਦੂਜੇ ਸਥਾਨ ‘ਤੇ ਹਨ। ਮਸਕ ਉਨ੍ਹਾਂ ਤੋਂ 578 ਬਿਲੀਅਨ ਡਾਲਰ ਅਮੀਰ ਹਨ। ਜਿਸ ਦਰ ਨਾਲ ਉਨ੍ਹਾਂ ਦੀ ਦੌਲਤ ਵਧ ਰਹੀ ਹੈ, ਉਹ ਜਲਦੀ ਹੀ ਦੁਨੀਆ ਦਾ ਪਹਿਲਾ ਖਰਬਪਤੀ ਬਣ ਸਕਦਾ ਹੈ।

# ਪੇਜ ਇੱਕ ਦੀ ਬਾਕੀ

## ਕੈਨੇਡਾ: ਜੂਨੀਅਰ ਹਾਕੀ...

ਝਲਦੇ ਹੋਏ ਤੀਜੇ ਨੌਜਵਾਨ ਦੀ ਵੀ ਹਸਪਤਾਲ ’ਚ ਮੌਤ ਹੋ ਗਈ। ਪੁਲੀਸ ਵਲੋਂ ਤਿੰਨਾਂ ਦੀ ਪਛਾਣ ਕੇਡਨ ਫਾਈਨ (17), ਜੇਜੇ ਵਿੰਗਰ (18) ਅਤੇ ਕੈਮਰਨ ਕੈਸੋਰਸੋ (18) ਵਜੋਂ ਜਾਰੀ ਕੀਤੀ ਗਈ ਹੈ। ਵਿੰਗਰ ਖੱਬੂ ਤੇ ਕੈਮਰਨ ਨੂੰ ਗੋਲ ਕੀਪਰ ਵਜੋਂ ਖੇਡਣ ਦੇ ਮੁਹਾਰਤੀ ਸਨ ਤੇ ਦੋਵੇਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪ ਦੇ ਰਹਿਣ ਵਾਲੇ ਸਨ। ਫਾਈਨ ਅਮਰੀਕਨ ਸ਼ਹਿਰ ਅਲਬਾਮਾ ਦਾ ਰਹਿਣ ਵਾਲਾ ਸੀ। ਵੇਰਵਿਆਂ ਅਨੁਸਾਰ ਹਾਦਸੇ ਮੌਕੇ ਕਾਰ ’ਚ 5 ਵਿਅਕਤੀ ਸਵਾਰ ਸਨ। ਪੁਲੀਸ ਵਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਟਰੱਕ ਡਰਾਇਵਰ ਨੂੰ ਕੁਝ ਸੱਟਾਂ ਲੱਗੀਆਂ। ਟੀਮ ਮੈਨੇਜਰ ਮੁਸਤੰਗ ਨੇ ਹਾਦਸੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰ ਹੋਏ ਕਿਹਾ ਕਿ ਟੀਮ ਇੱਕ ਪਰਿਵਾਰ ਤਰ੍ਹਾਂ ਸੀ, ਜਿਸ ਨੂੰ ਇੰਨੇ ਚੰਗੇ ਖਿਡਾਰੀਆਂ ਦੀ ਘਾਟ ਹਮੇਸ਼ਾ ਮਹਿਸੂਸ ਹੋਵੇਗੀ।

## ਨਾਇਜੀਰੀਆ 'ਚ...

ਕਵਾਰਾ ਵਿਚ ਰੈੱਡ ਕਰਾਸ ਦੇ ਸਕੱਤਰ ਅਯੋਦੇਜੀ ਇਮੈਨੁਅਲ ਬਾਬਾਓਮੋ ਨੇ ਕਿਹਾ ਕਿ ਉਹ ਹਾਲੇ ਤਕ ਪੀੜਤਾਂ ਤਕ ਨਹੀਂ ਪੁੱਜੇ ਕਿਉਂਕਿ ਇਹ ਦੂਰ-ਦੁਰਾਡਾ ਖੇਤਰ ਹੈ ਪਰ ਇਸ ਲਈ ਯਤਨ ਕੀਤੇ ਜਾ ਰਹੇ ਹਨ।

ਸਥਾਨਕ ਟੈਲੀਵਿਜ਼ਨ ’ਤੇ ਘਟਨਾ ਵਾਲੀ ਥਾਂ ਦੀਆਂ ਵੀਡੀਓਜ਼ ਦਿਖਾਈਆਂ ਜਾ ਰਹੀਆਂ ਹਨ ਜਿਸ ਵਿਚ ਜ਼ਮੀਨ ’ਤੇ ਲਾਸ਼ਾਂ ਦਿਖਾਈ ਦੇ ਰਹੀਆਂ ਹਨ। ਵੀਡੀਓਜ਼ ਵਿਚ ਇਸ ਤੋਂ ਇਲਾਵਾ ਕਈ ਜਣਿਆਂ ਦੇ ਹੱਥ ਬੰਨ੍ਹੇ ਹੋਏ ਹਨ ਅਤੇ ਨਾਲ ਹੀ ਕਈ ਘਰ ਸੜ ਰਹੇ ਦਿਖਾਈ ਦੇ ਰਹੇ ਹਨ। ਗਵਰਨਰ ਅਬਦੁਲ ਰਹਿਮਾਨ ਅਬਦੁਲ ਰਜ਼ਾਕ ਨੇ ਇਸ ਨੂੰ ਕਾਇਰਤਾ ਵਾਲਾ ਕਦਮ ਦੱਸਿਆ ਹੈ।

## ਅਮਰੀਕਾ 'ਚ 7 ਭਾਰਤੀਆਂ...

ਇੰਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਅਧੀਨ ਕਿਸੇ ਵੀ ਅਮਰੀਕੀ ਨਾਗਰਿਕ ਨੂੰ ਸਿਟੀਜ਼ਨਸ਼ਿਪ ਤੋਂ ਵਾਂਝਾ ਕੀਤਾ ਜਾ ਸਕਦਾ ਹੈ ਜੇ ਉਸ ਵੱਲੋਂ ਗੁੰਮਰਾਹਕੁਨ ਜਾਂ ਗਲਤ ਜਾਣਕਾਰੀ ਪੇਸ਼ ਕੀਤੀ ਗਈ ਹੋਵੇ। ਉਧਰ ਇੰਮੀਗ੍ਰੇਸ਼ਨ ਛਾਪਿਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਮਿਨੀਆਪੌਲਿਸ ਅਤੇ ਪੋਰਟਲੈਂਡ ਸ਼ਹਿਰਾਂ ਵਿਚ ਵੱਡੇ ਪੱਧਰ ’ਤੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ ਫੜੀ ਮਗਰੋਂ ਆਈਸ ਏਜੰਟਾਂ ਨੇ ਵੈਸਟ ਵਰਜੀਨੀਆ ਦੇ ਮਾਰਟਿਨਜ਼ਬਰਗ, ਮੂਰਫੀਲਡ, ਮੌਰਗਨਟਾਊਨ, ਬੈਕਲੀ, ਹੰਟਿੰਗਟਨ ਅਤੇ ਰਾਜਧਾਨੀ ਚਾਰਲਸਟਨ ਵਿਖੇ ਵੱਡੇ ਪੱਧਰ ’ਤੇ ਛਾਪੇ ਮਾਰਦਿਆਂ ਸੈਂਕੜੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰ ਕੇ ਡਿਟੈਨਸ਼ਨ ਸੈਂਟਰਾਂ ਵਿਚ ਭੇਜ ਦਿਤਾ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਇਨ੍ਹਾਂ ਪ੍ਰਵਾਸੀਆ ਨੂੰ ਲੋਕ ਸੁਰੱਖਿਆ ਵਾਸਤੇ ਵੱਡਾ ਖ਼ਤਰਾ ਦੱਸਿਆ ਜਾ ਰਿਹਾ ਹੈ ਜੋ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਏ। ਅਪ੍ਰੇਸ਼ਨ ਆਈਸ ਵੌਲ ਅਧੀਨ ਭਾਰਤੀ ਨਾਗਰਿਕ ਸਾਗਰ ਸਿੰਘ ਵੀ ਅੜਿੱਕੇ ਆ ਗਿਆ ਜਿਸ ਨੇ ਆਪਣਾ ਟਰੱਕ ਬਰੇਕ ਚੈੱਕ ਸਟੇਸ਼ਨ ’ਤੇ ਨਾ ਰੋਕਿਆ ਅਤੇ ਮੌਕੇ ’ਤੇ ਤੈਨਾਤ ਅਫ਼ਸਰਾਂ ਨੇ ਪਿੱਛਾ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਸਾਗਰ ਸਿੰਘ ਦੇ ਟਰੱਕ ਵਿਚ ਕਈ ਹੋਰ ਨੁਕਸ ਵੀ ਨਜ਼ਰ ਆਏ ਅਤੇ ਇੰਮੀਗ੍ਰੇਸ਼ਨ ਅਦਾਲਤ ਉਸ ਨੂੰ ਡਿਪੋਰਟ ਕਰਨ ਦੇ ਹੁਕਮ ਪਹਿਲਾਂ ਹੀ ਜਾਰੀ ਕਰ ਚੁੱਕੀ ਹੈ। ਵੈਸਟ ਵਰਜੀਨੀਆ ਦੇ ਗਵਰਨਰ ਪੈਟ੍ਰਿਕ ਮੌਰਿਜ਼ੀ ਨੇ ਇੰਮੀਗ੍ਰੇਸ਼ਨ ਛਾਪਿਆਂ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਖ਼ਤਰਨਾਕ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸੂਬੇ ਵਿਚੋਂ ਕੱਢਣਾ ਬੇਹੱਦ ਲਾਜ਼ਮੀ ਹੋ ਗਿਆ ਸੀ। ਜੋਅ ਬਾਇਡਨ ਦੀਆਂ ਨਾਕਸ ਇੰਮੀਗ੍ਰੇਸ਼ਨ ਨੀਤੀਆਂ ਨੇ ਸਿਰਫ਼ ਵੈਸਟ ਵਰਜੀਨੀਆ ਹੀ ਨਹੀਂ ਸਗੋਂ ਪੂਰੇ ਮੁਲਕ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦਾ ਹੜ੍ਹ ਲਿਆ ਦਿਤਾ। ਆਈਸ ਏਜੰਟਾਂ ਦੇ ਛਾਪਿਆਂ ਨੇ ਬਗੈਰ ਇੰਮੀਗ੍ਰੇਸ਼ਨ ਸਟੇਟਸ ਵਾਲੇ ਹੋਰਨਾਂ ਪ੍ਰਵਾਸੀਆਂ ਨੂੰ ਵੀ ਸੰਕੇਤ ਮਿਲ ਗਿਆ ਹੈ ਕਿ ਅਪਰਾਧਕ ਸਰਗਰਮੀਆਂ ਵਿਚ ਸ਼ਮੂਲੀਅਤ ਉਨ੍ਹਾਂ ਨੂੰ ਵੀ ਅਮਰੀਕਾ ਤੋਂ ਡਿਪੋਰਟ ਕਰਵਾ ਸਕਦੀ ਹੈ।

## ਬਰੈਂਪਟਨ ਅਤੇ ਮਿਸੀਸਾਗਾ...

ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਜਿਸ ਦੌਰਾਨ 82 ਹਜ਼ਾਰ ਡਾਲਰ ਦਾ ਲੁੱਟਿਆ ਸਮਾਨ ਵੀ ਬਰਾਮਦ ਹੋਇਆ।

ਦੱਸ ਦੇਈਏ ਕਿ ਮਿਸੀਸਾਗਾ ਦੇ ਸਕੁਏਅਰ ਵੰਨ ਸ਼ੌਪਿੰਗ ਸੈਂਟਰ, ਐਰਿਨ ਮਿਲਜ਼ ਟਾਊਨ ਸੈਂਟਰ ਅਤੇ ਕ੍ਰੀਕਸਾਈਡ ਕ੍ਰੌਸਿੰਗ ਨੂੰ ਕਈ ਮੌਕਿਆਂ ’ਤੇ ਨਿਸ਼ਾਨਾ ਬਣਾਇਆ ਗਿਆ ਜਦਕਿ ਬਰੈਂਪਟਨ ਦੇ ਬਰੈਮਲੀ ਸਿਟੀ ਸੈਂਟਰ ਅਤੇ ਓਰੀਅਨ ਬਿਜ਼ਨਸ ਪਾਰਕ ਵਿਚ ਲੁੱਟ ਦੀਆਂ ਵਾਰਦਾਤਾਂ ਸਾਹਮਣੇ ਆਈਆਂ। ਪੁਲਿਸ ਨੇ ਦੱਸਿਆ ਕਿ ਜ਼ਿਆਦਾਤਰ ਮਾਮਲਿਆਂ ਵਿਚ ਗਹਿਣਿਆਂ ਦੇ ਸਟੋਰ ਨਿਸ਼ਾਨਾ ਬਣੇ ਅਤੇ ਹਿੰਸਕ ਤਰੀਕੇ ਨਾਲ ਵਾਰਦਾਤਾਂ ਨੂੰ ਅੰਜਾਮ ਦਿਤਾ ਗਿਆ। ਗ੍ਰਿਫ਼ਤਾਰ ਕੀਤੇ ਸ਼ੱਕੀਆਂ 248 ਦੋਸ਼ ਆਇਦ ਕੀਤੇ ਗਏ ਹਨ ਅਤੇ ਭਵਿੱਖ ਵਿਚ ਹੋਰ ਗ੍ਰਿਫਤਾਰੀਆਂ ਹੋਣ ਤੋਂ ਇਨਕਾਰ ਨਹੀਂ ਕੀਤਾ ਗਿਆ। ਵਾਰਦਾਤਾਂ ਦੇ ਮੱਦੇਨਜ਼ਰ ਸ਼ੌਪਿੰਗ ਮਾਲਜ਼ ਅਤੇ ਹੋਰ ਜਨਤਕ ਥਾਵਾਂ ਨੇੜੇ ਪੁਲਿਸ ਦੀ ਗਸ਼ਤ ਵਿਚ ਵਾਧਾ ਕੀਤਾ ਗਿਆ ਹੈ।

## ਗ੍ਰੀਸ 'ਚ 14 ਪ੍ਰਵਾਸੀਆਂ...

ਵਧ ਰਹੀ ਇੱਕ ਸ਼ੱਕੀ ਕਿਸ਼ਤੀ ਨੂੰ ਦੇਖਿਆ ਅਤੇ ਉਸ ਨੂੰ ਵਾਪਸ ਮੁੜਨ ਦਾ ਨਿਰਦੇਸ਼ ਦਿੱਤਾ। ਅਧਿਕਾਰੀ ਦਾ ਦਾਅਵਾ ਹੈ ਕਿ ਤਸਕਰਾਂ ਨੇ ਜਾਣਬੁੱਝ ਕੇ ਕਿਸ਼ਤੀ ਦਾ ਰੁਖ ਕੋਸਟ ਗਾਰਡ ਦੇ ਜਹਾਜ਼ ਵੱਲ ਮੋੜ ਦਿੱਤਾ, ਜਿਸ ਕਾਰਨ ਦੋਵਾਂ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਲਾਂਕਿ, ਸੁਤੰਤਰ ਤੌਰ 'ਤੇ ਅਜੇ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਟੱਕਰ ਦਾ ਅਸਲ ਕਾਰਨ ਕੀ ਸੀ। ਹੁਣ ਤੱਕ 14 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਪ੍ਰਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਹਾਦਸੇ ਵਿੱਚ ਕੋਸਟ ਗਾਰਡ ਦੇ ਦੋ ਅਧਿਕਾਰੀ ਵੀ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਕਿਸ਼ਤੀ ਵਿੱਚ ਸਵਾਰ ਪ੍ਰਵਾਸੀਆਂ ਦੀ ਕੌਮੀਅਤ (ਨਾਗਰਿਕਤਾ) ਦਾ ਅਜੇ ਪਤਾ ਨਹੀਂ ਹੈ।

## ਕੈਨੇਡਾ ਦੇ 800...

ਵਿੰਨੀਪੈਗ ਦੇ ਸਕਾਈ ਸਿਟੀ ਪ੍ਰੌਜੈਕਟ ਵਿਵਾਦਾਂ ਵਿਚ ਘਿਰ ਗਏ। ਜਸਟਿਸ ਮੂਰ ਨੇ ਤਮਾਮ ਸਬੂਤਾਂ ’ਤੇ ਗੌਰ ਕਰਦਿਆਂ ਸਿੱਟਾ ਕੱਢਿਆ ਕਿ ਨਿਵੇਸ਼ਕਾਂ ਨੂੰ ਠੱਗਿਆ ਗਿਆ।

ਸਰਕਾਰੀ ਵਕੀਲਾਂ ਨੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ 10 ਸਾਲ ਸਜ਼ਾ ਸੁਣਾਉਣ ਅਤੇ 26 ਮਿਲੀਅਨ ਡਾਲਰ ਦੀ ਰਕਮ ਜ਼ਬਤ ਕੀਤੇ ਜਾਣ ਦੀ ਮੰਗ ਕੀਤੀ ਜਦਕਿ ਬਚਾਅ ਪੱਖ ਦੇ ਵਕੀਲਾਂ ਨੇ 2 ਸਾਲ ਸਾਲ ਦੀ ਸ਼ਰਤੀਆ ਸਜ਼ਾ ਜਿਸ ਵਿਚ ਇਕ ਸਾਲ ਘਰ ਵਿਚ ਨਜ਼ਰਬੰਦੀ ਸ਼ਾਮਲ ਹੋਵੇ, ਦੀ ਮੰਗ ਕੀਤੀ। ਜਸਟਿਸ ਮੂਰ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਕਿਹਾ ਕਿ 10 ਸਾਲ ਦੀ ਸਜ਼ਾ ਪੌਂਜ਼ੀ ਸਕੀਮਾਂ ਦੇ ਮਾਮਲੇ ਵਿਚ ਸੁਣਾਈ ਜਾਂਦੀ ਹੈ ਪਰ ਇਥੇ ਪੌਂਜ਼ੀ ਕਿਸਮ ਵਰਗੀ ਠੱਗੀ ਸਾਹਮਣੇ ਨਹੀਂ ਆਈ। ਇਥੇ ਦਸਣਾ ਬਣਦਾ ਹੈ ਕਿ 49 ਸਾਲ ਦਾ ਜਵਾਦ ਰਾਠੌਰ ਛੇ ਬੱਚਿਆਂ ਦਾ ਪਿਉ ਹੈ ਜਦਕਿ 50 ਸਾਲਾ ਪੈਟਰੋਜ਼ਾ ਤਿੰਲ ਬੱਚਿਆਂ ਦਾ ਪਿਉ ਹੈ ਜੋ ਯੂਨੀਵਰਸਿਟੀ ਵਿਚ ਪੜ੍ਹਦੇ ਹਨ। ਜ਼ਮਾਨਤੀ ਦਸਤਾਵੇਜ਼ਾਂ ਵਿਚ ਯਕੀਨ ਦਿਵਾਇਆ ਗਿਆ ਹੈ ਕਿ ਰਾਠੌਰ ਅਤੇ ਪੈਟਰੋਜ਼ਾ ਫਰਾਰ ਨਹੀਂ ਹੋਣਗੇ ਅਤੇ ਦੋਹਾਂ ਵੱਲੋਂ 2 ਲੱਖ 75 ਹਜ਼ਾਰ ਦਾ ਬੌਂਡ ਭਰਿਆ ਗਿਆ ਹੈ।

## ਭਾਰੀ ਬਰਫ਼ਬਾਰੀ ਕਾਰਨ...

ਦੀਆਂ ਸਥਿਤੀਆਂ ਪੈਦਾ ਹੋ ਗਈਆਂ ਹਨ। ਹੁਣ ਤੱਕ, 393 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ 126 ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਵਿੱਚੋਂ 42 ਨਿਗਾਟਾ ਵਿੱਚ ਹਨ। ਚੌਦਾਂ ਘਰਾਂ ਨੂੰ ਨੁਕਸਾਨ ਪਹੁੰਚਿਆ, ਜਿਨ੍ਹਾਂ ਵਿੱਚ ਨਿਗਾਟਾ ਵਿੱਚ ਤਿੰਨ ਅਤੇ ਅਓਮੋਰੀ ਵਿੱਚ ਅੱਠ ਸ਼ਾਮਲ ਹਨ। ਮੁੱਖ ਕੈਬਨਿਟ ਸਕੱਤਰ ਮਿਨੋਰੂ ਕਿਹਾਰਾ ਨੇ ਚੇਤਾਵਨੀ ਦਿੱਤੀ ਕਿ ਗਰਮ ਮੌਸਮ ਕਾਰਨ ਬਰਫ਼ ਪਿਘਲ ਜਾਵੇਗੀ, ਜਿਸ ਨਾਲ ਜ਼ਮੀਨ ਖਿਸਕਣ ਅਤੇ ਫਿਸਲਣ ਦੀਆਂ ਸਥਿਤੀਆਂ ਦਾ ਖ਼ਤਰਾ ਵਧ ਜਾਵੇਗਾ। ਉਨ੍ਹਾਂ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦਿਓ। ਬਰਫ਼ ਹਟਾਉਂਦੇ ਸਮੇਂ ਹੈਲਮੇਟ ਪਾਓ ਜਾਂ ਲਾਈਫਲਾਈਨ ਰੱਸੀ ਦੀ ਵਰਤੋਂ ਕਰੋ।

## ਰਾਹੁਲ ਵੱਲੋਂ ਵਰਤੇ...

ਠਹਿਰਾ ਸਕਦਾ, ਜਿਸ ਦੇ ਆਪਣੇ ਦਾਦਾ ਅਤਿਵਾਦੀਆਂ ਹੱਥੋਂ ਸ਼ਹੀਦ ਹੋਏ ਸਨ। ਕਿਸੇ ਨੂੰ 'ਗੱਦਾਰ ਦੋਸਤ' ਕਹਿਣ ਦਾ ਮਤਲਬ ਹੈ ਕਿ ਉਸ ਨੇ ਆਪਣੇ ਦੇਸ਼ ਨਾਲ ਧੋਖਾ ਕੀਤਾ ਹੈ। ਗਾਂਧੀ ਦੇ ਕਈ ਦੋਸਤ ਗੱਦਾਰ ਹੋ ਸਕਦੇ ਹਨ, ਪਰ ਸ਼੍ਰੀ ਬਿੱਟੂ ਨਿਸ਼ਚਿਤ ਤੌਰ 'ਤੇ ਉਨ੍ਹਾਂ ਵਿੱਚੋਂ ਇੱਕ ਨਹੀਂ ਹਨ।" ਉਨ੍ਹਾਂ ਕਿਹਾ ਕਿ ਇੱਕ ਉੱਘੇ ਸਿੱਖ ਨੂੰ ਬਿਨਾਂ ਕਿਸੇ ਅਧਾਰ ਦੇ ਗੱਦਾਰ ਕਹਿਣਾ ਪੂਰੀ ਸਿੱਖ ਕੌਮ 'ਤੇ ਕਲੰਕ ਹੈ।

ਪੁਰੀ ਨੇ ਅੱਗੇ ਕਿਹਾ, "ਅਜਿਹੀਆਂ ਅਪਮਾਨਜਨਕ ਟਿੱਪਣੀਆਂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਸਾਡੇ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਪਤਾ ਹੋਣਾ ਚਾਹੀਦਾ ਸੀ। ਉਨ੍ਹਾਂ ਨੂੰ ਉਸ ਦੇਸ਼ ਪ੍ਰੇਮ ਬਾਰੇ ਪਤਾ ਹੋਣਾ ਚਾਹੀਦਾ ਸੀ ਜੋ ਸਿੱਖ ਧਰਮ ਹਰ ਸਿੱਖ ਨੂੰ ਸਿਖਾਉਂਦਾ ਹੈ ਅਤੇ ਉਸ ਬਹਾਦਰੀ ਬਾਰੇ ਵੀ ਜਿਸ ਨਾਲ ਸਿੱਖ ਭਾਰਤ ਮਾਤਾ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਹਥਿਆਰਬੰਦ ਸੈਨਾਵਾਂ ਵਿੱਚ ਵੱਡੀ ਗਿਣਤੀ ਵਿੱਚ ਸੇਵਾ ਕਰਦੇ ਹਨ।" ਮੰਤਰੀ ਨੇ ਕਿਹਾ ਕਿ ਰਾਹੁਲ ਦੀ ਟਿੱਪਣੀ ਹਰ ਸਿੱਖ ਲਈ ਇੱਕ ਅਪਮਾਨ ਹੈ ਅਤੇ ਇਹ ਹਰ ਖੇਤਰ ਵਿੱਚ ਸਿੱਖਾਂ ਦੇ ਯੋਗਦਾਨ ਦਾ ਨਿਰਾਦਰ ਹੈ। ਇਹ ਸਾਡੇ ਵਿਸ਼ਵਾਸ, ਮਾਤ ਭੂਮੀ ਲਈ ਸਾਡੇ ਪਿਆਰ ਅਤੇ ਬਿੱਟੂ ਦੇ ਦਾਦਾ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦੀ ਕੁਰਬਾਨੀ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਉਸੇ ਮਾਨਸਿਕਤਾ ਨਾਲ 1984 ਵਿੱਚ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਨੂੰ ਵੀ ਨਹੀਂ ਭੁੱਲਣਾ ਚਾਹੀਦਾ। ਦਿੱਲੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਲੋਕ ਸਭਾ ਸਪੀਕਰ ਤੋਂ ਗਾਂਧੀ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਕਿਹਾ, "ਗਾਂਧੀ ਪਰਿਵਾਰ ਅਸਲੀ ਗੱਦਾਰ ਹੈ, ਜਿਸ ਤਰ੍ਹਾਂ ਉਨ੍ਹਾਂ ਨੇ ਦਰਬਾਰ ਸਾਹਿਬ ’ਤੇ ਬੰਬਾਰੀ ਕੀਤੀ ਅਤੇ ਜਿਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਮਾਰਿਆ। ਕਾਂਗਰਸ ਦੀ ਸਿੱਖ ਵਿਰੋਧੀ ਮਾਨਸਿਕਤਾ ਜੋ 1984 ਵਿੱਚ ਦਿਖਾਈ ਦਿੱਤੀ ਸੀ, ਉਹ ਅੱਜ ਵੀ ਬਰਕਰਾਰ ਹੈ।" ਇਸ ਤੋਂ ਪਹਿਲਾਂ ਬਿੱਟੂ ਨੇ ਇੱਕ ਵੀਡੀਓ ਬਿਆਨ ਜਾਰੀ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਗੱਦਾਰ ਕਿਹਾ ਅਤੇ ਫਿਰ ਹੱਥ ਮਿਲਾਉਣ ਲਈ ਹੱਥ ਵਧਾਇਆ। ਬਿੱਟੂ ਨੇ ਕਿਹਾ, "ਉਹ ਰਾਜਿਆਂ ਵਾਂਗ ਵਿਵਹਾਰ ਕਰਦੇ ਹਨ, ਜਿਵੇਂ ਦੁਨੀਆ ਉਨ੍ਹਾਂ ਦੀ ਹੋਵੇ। ਪਰ ਇਹ ਇੱਕ ਸਰਦਾਰ ਦਾ ਹੱਥ ਹੈ ਜੋ ਅਜਿਹੇ ਲੋਕਾਂ ਲਈ ਕਦੇ ਨਹੀਂ ਵਧੇਗਾ ਜਿਨ੍ਹਾਂ ਨੇ 1984 ਵਿੱਚ ਸਿੱਖਾਂ ਦਾ ਕਤਲ ਕੀਤਾ, ਜਿਨ੍ਹਾਂ ਨੇ ਸਾਡੇ ਪਵਿੱਤਰ ਅਸਥਾਨ 'ਤੇ ਟੈਂਕ ਭੇਜੇ ਅਤੇ ਉਸ ਦੀ ਬੇਅਦਬੀ ਕੀਤੀ।"

ਬਿੱਟੂ ਨੇ ਅੱਗੇ ਕਿਹਾ ਕਿ ਜਦੋਂ ਤੱਕ ਉਹ ਕਾਂਗਰਸ ਵਿੱਚ ਸਨ, ਰਾਹੁਲ ਨੂੰ ਉਨ੍ਹਾਂ ਨਾਲ ਕੋਈ ਸਮੱਸਿਆ ਨਹੀਂ ਸੀ। ਪਰ ਕਿਉਂਕਿ ਉਹ ਹੁਣ ਭਾਜਪਾ ਵਿੱਚ ਹਨ, ਉਹ ਗੱਦਾਰ ਬਣ ਗਏ। ਉਨ੍ਹਾਂ ਕਿਹਾ, "ਸੱਚਾਈ ਇਹ ਹੈ ਕਿ ਮੇਰੇ ਦਾਦਾ ਜੀ ਅਤਿਵਾਦੀਆਂ ਹੱਥੋਂ ਮਾਰੇ ਗਏ ਸਨ ਅਤੇ ਇਸ ਲਈ ਜਦੋਂ ਵੀ ਰਾਜੀਵ ਗਾਂਧੀ ਦਾ ਨਾਂ ਲਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਨਾਂ ਵੀ ਲੈਣਾ ਪੈਂਦਾ ਹੈ ਅਤੇ ਇਹੀ ਉਨ੍ਹਾਂ ਦੀ ਸਮੱਸਿਆ ਹੈ।" ਅੱਜ ਸਵੇਰੇ, ਜਦੋਂ ਬਿੱਟੂ ਸੰਸਦ ਦੇ ਮੁੱਖ ਪ੍ਰਵੇਸ਼ ਦੁਆਰ ਦੀਆਂ ਪੌੜੀਆਂ ਚੜ੍ਹ ਰਹੇ ਸਨ, ਤਾਂ ਰਾਹੁਲ ਨੇ ਉਨ੍ਹਾਂ ਨੂੰ "ਗੱਦਾਰ ਦੋਸਤ" ਕਿਹਾ ਸੀ। ਬਿੱਟੂ ਨੇ ਜਵਾਬ ਵਿੱਚ ਕਿਹਾ, "ਤੁਸੀਂ ਸਾਰੇ ਦੇਸ਼ ਦੇ ਦੁਸ਼ਮਣ ਹੋ।" ਬਿੱਟੂ ਨੇ ਰਾਹੁਲ ਵੱਲੋਂ ਹੱਥ ਮਿਲਾਉਣ ਦੀ ਕੋਸ਼ਿਸ਼ ਨੂੰ ਵੀ ਨਕਾਰ ਦਿੱਤਾ ਸੀ।

## ਬ੍ਰਾਜ਼ੀਲ 'ਚ ਸ਼ਰਧਾਲੂਆਂ...

ਵਿੱਚ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕਾਂ ’ਚ 5 ਮਰਦ, 7 ਔਰਤਾਂ ਅਤੇ 3 ਬੱਚੇ ਸ਼ਾਮਲ ਹਨ। ਪ੍ਰਾਪਤ ਹੋਈ ਅਨੁਸਾਰ ਬੱਸ ਅਵਰ ਲੇਡੀ ਆਫ਼ ਕੈਂਡੇਲੇਰੀਆ ਨਾਮਕ ਇੱਕ ਧਾਰਮਿਕ ਤਿਉਹਾਰ ਤੋਂ ਵਾਪਸ ਆ ਰਹੀ ਸੀ। ਇਹ ਤਿਉਹਾਰ ਹਰ ਸਾਲ 2 ਫਰਵਰੀ ਨੂੰ ਆਉਂਦਾ ਹੈ ਅਤੇ ਬ੍ਰਾਜ਼ੀਲ ਦੇ ਸੀਰਾ ਰਾਜ ਵਿੱਚ ਹਜ਼ਾਰਾਂ ਸ਼ਰਧਾਲੂ ਇਸ ਵਿੱਚ ਸ਼ਾਮਲ ਹੁੰਦੇ ਹਨ। ਅਲਾਗੋਆਸ ਏਵੀਏਸ਼ਨ ਵਿਭਾਗ ਦੇ ਡਾਇਰੈਕਟਰ ਕਰਨਲ ਆਂਡਰੇ ਮਡੇਰੋ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਤੁਰੰਤ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤੇ। ਉਨ੍ਹਾਂ ਕਿਹਾ ਕਿ ਬੱਸ ਇੱਕ ਮੋੜ 'ਤੇ ਸੜਕ ਤੋਂ ਉਤਰ ਗਈ ਅਤੇ ਪਲਟ ਗਈ, ਜਿਸ ਨਾਲ ਬਹੁਤ ਸਾਰੇ ਲੋਕ ਬਾਹਰ ਨਿਕਲ ਗਏ ਜਦਕਿ ਕੁੱਝ ਹੇਠ ਫਸ ਗਏ। ਇਹ ਇੱਕ ਬਹੁਤ ਹੀ ਭਿਆਨਕ ਅਤੇ ਅਸਾਧਾਰਨ ਹਾਦਸਾ ਸੀ। ਅਲਾਗੋਆਸ ਦੇ ਰਾਜਪਾਲ ਪਾਉਲੋ ਡਾਂਟਾਸ ਨੇ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਰਾਜ ਵਿੱਚ ਤਿੰਨ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਉਸਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਮੈਂ ਇਸ ਦੁਖਦਾਈ ਸਮੇਂ ਵਿੱਚ ਪੀੜਤਾਂ ਦੇ ਪਰਿਵਾਰਾਂ ਨਾਲ ਆਪਣੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਡੇਰਾ ਬਿਆਸ ਮੁਖੀ ਦਾ ਨਾਂ ਲਏ ਬਿਨਾਂ ਕਸਿਆ ਤੰਜ਼

## ਕਿਹਾ : ਅਦਾਲਤਾਂ ਦਾ ਉਥੇ ਰੱਬ ਹੀ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ



ਚੰਡੀਗੜ੍ਹ, : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਦਾ ਨਾਮ ਲਏ ਬਿਨਾ ਉਨ੍ਹਾਂ ’ਤੇ ਤੰਜ਼ ਸਕਿਆ ਹੈ। ਮੁੱਖ ਮੰਤਰੀ ਮਾਨ ਨੇ ਪੰਜਾਬੀ ਵਿਚ ਟਵੀਟ ਕੀਤਾ ਅਤੇ ਲਿਖਿਆ ‘ਕੱਲ੍ਹ ਬਣ ਜਾਣ ਭਾਵੇਂ ਅੱਜ ਬਣ ਜਾਣ, ਅਦਾਲਤਾਂ ਦਾ ਉਥੇ ਰੱਬ ਰਾਖਾ ਜਿਥੇ ਮੁਲਾਕਾਤੀ ਹੀ ਜੱਜ ਬਣ ਜਾਣ..’।

ਜਿਕਰਯੋਗ ਹੈ ਕਿ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਕੱਲ੍ਹ ਨਾਭਾ ਜੇਲ੍ਹ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਮਗਰੋਂ ਉਹਨਾਂ ਖਿਲਾਫ ਦਰਜ ਕੇਸਾਂ ਨੂੰ ਝੂਠੇ ਕਰਾਰ ਦਿੱਤਾ ਸੀ। ਉਨ੍ਹਾਂ ਵੱਲੋਂ ਕੀਤੀ ਗਈ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਹੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ।

# ਮੋਬਾਈਲ ਗੇਮਿੰਗ ਨੇ ਉਜਾੜਿਆ ਇਕ ਹੋਰ ਘਰ!

## 3 ਨਾਬਾਲਿਗ ਭੈਣਾਂ ਨੇ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਕੀਤੀ ਖ਼ੁਦਕੁਸ਼ੀ




ਉੱਤਰ ਪ੍ਰਦੇਸ਼ : ਗਾਜ਼ੀਆਬਾਦ ਵਿੱਚ ਤਿੰਨ ਨਾਬਾਲਗ ਭੈਣਾਂ ਨੇ ਇੱਕ ਇਮਾਰਤ ਦੀ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਉਨ੍ਹਾਂ ਨੇ ਮਾਪਿਆਂ ਦੁਆਰਾ ਔਨਲਾਈਨ ਗੇਮਿੰਗ ‘ਤੇ ਇਤਰਾਜ਼ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ। ਕੁੜੀਆਂ ਦੇ ਪਿਤਾ ਦਾ ਨਾਮ ਚੇਤਨ ਕੁਮਾਰ ਦੱਸਿਆ ਜਾ ਰਿਹਾ ਹੈ। ਪਰਿਵਾਰ ਨੇ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕੀਤਾ। ਜਾਣਕਾਰੀ ਮਿਲਣ ‘ਤੇ ਪੁਲਿਸ ਮੌਕੇ ‘ਤੇ ਪਹੁੰਚੀ ਅਤੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਤਿੰਨੋਂ ਭੈਣਾਂ ਪਿਛਲੇ ਕੁਝ ਮਹੀਨਿਆਂ ਤੋਂ ਔਨਲਾਈਨ ਗੇਮ ਖੇਡਣ ਦੀਆਂ ਆਦੀ ਹੋ ਗਈਆਂ ਸਨ ਅਤੇ ਕੋਵਿਡ-19 ਮਹਾਂਮਾਰੀ ਤੋਂ ਬਾਅਦ ਨਿਯਮਿਤ ਤੌਰ ‘ਤੇ ਸਕੂਲ ਨਹੀਂ ਜਾ ਰਹੀਆਂ ਸਨ। ਮ੍ਰਿਤਕਾਂ ਦੀ ਉਮਰ 16, 14 ਅਤੇ 12 ਸਾਲ ਸੀ। ਪੁਲਿਸ ਨੂੰ ਮੌਕੇ ਤੋਂ ਇੱਕ ਸੁਸਾਈਡ ਨੋਟ ਮਿਲਿਆ ਹੈ। ਨੋਟ ਦੇ ਅਨੁਸਾਰ, ਖੁਦਕੁਸ਼ੀ ਦਾ ਕਾਰਨ ਇੱਕ ਮੋਬਾਈਲ ਗੇਮਿੰਗ ਐਪ ਦੱਸਿਆ ਗਿਆ। ਪੁਲਿਸ ਸੁਸਾਈਡ ਨੋਟ ਦੀ ਜਾਂਚ ਕਰ ਰਹੀ ਹੈ। ਇਹ ਘਟਨਾ ਮੰਗਲਵਾਰ ਰਾਤ ਨੂੰ ਲਗਭਗ 2 ਵਜੇ ਵਾਪਰੀ। ਚੇਤਨ ਕੁਮਾਰ ਆਪਣੀ ਪਤਨੀ ਨਾਲ ਦੂਜੇ ਕਮਰੇ ਵਿੱਚ ਸੌਂ ਰਿਹਾ ਸੀ। ਇਸ ਦੌਰਾਨ ਤਿੰਨਾਂ ਭੈਣਾਂ ਨੇ ਆਪਣੇ ਕਮਰੇ ਦੀ ਖਿੜਕੀ ਤੋਂ ਛਾਲ ਮਾਰ ਦਿੱਤੀ। ਇਸ ਕਾਰਨ ਉਸਦੀ ਮੌਕੇ ‘ਤੇ ਹੀ ਮੌਤ ਹੋ ਗਈ। ਮ੍ਰਿਤਕ ਕੁੜੀਆਂ ਦੇ ਨਾਮ ਨਿਸ਼ਿਕਾ (16 ਸਾਲ), ਪ੍ਰਾਚੀ (14 ਸਾਲ), ਪਾਖੀ (12 ਸਾਲ) ਹਨ। ਮੀਡੀਆ ਰਿਪੋਰਟਾਂ ਅਨੁਸਾਰ ਤਿੰਨੋਂ ਭੈਣਾਂ ਇੱਕ ਔਨਲਾਈਨ ਟਾਸਕ ਅਧਾਰਤ ਕੋਰੀਅਨ ਲਵਰ ਗੇਮ ਖੇਡਦੀਆਂ ਸਨ।

ਐਡੀਸ਼ਨਲ ਪੁਲਿਸ ਕਮਿਸ਼ਨਰ (ਲਾਅ ਐਂਡ ਆਰਡਰ) ਆਲੋਕ ਪ੍ਰਿਯਦਰਸ਼ੀ ਨੇ ਦੱਸਿਆ “ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਹੁਣ ਤੱਕ ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਤਿੰਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਤਿੰਨੋਂ ਇਕੱਠੀਆਂ ਹੀ ਰਹਿੰਦੀਆਂ ਸਨ ਅਤੇ ਮੋਬਾਈਲ ‘ਤੇ ਗੇਮਾਂ ਖੇਡਦੀਆਂ ਸਨ। ਕਿਨ੍ਹਾਂ ਹਾਲਾਤਾਂ ਵਿੱਚ ਖ਼ੁਦਕੁਸ਼ੀ ਕੀਤੀ ਗਈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਤਿੰਨੋਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਮੁਰਦਾਘਰ ਵਿੱਚ ਭੇਜ ਦਿੱਤਾ ਗਿਆ ਹੈ। ਮੋਬਾਈਲ ਫੋਨ ਜ਼ਬਤ ਕਰ ਲਏ ਗਏ ਹਨ ਅਤੇ ਜਾਂਚ ਕੀਤੀ ਜਾ ਰਹੀ ਹੈ।”

# ਗੋਲਡੀ ਬਰਾੜ ਦੇ ਪਿਤਾ ਨੂੰ ਮਿਲੀ ਹਸਪਤਾਲੋਂ ਛੁੱਟੀ

## ਪੇਟ ਦਰਦ ਦੀ ਸ਼ਿਕਾਇਤ 'ਤੇ ਕਰਾਇਆ ਸੀ ਭਰਤੀ



ਗੈਂਗਸਟਰ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਨੂੰ ਬੁੱਧਵਾਰ ਨੂੰ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਹੁਣ ਉਸ ਨੂੰ ਪੁਲਿਸ ਵਾਰੰਟ ‘ਤੇ ਕਪੂਰਥਲਾ ਲਿਜਾਇਆ ਜਾ ਰਿਹਾ ਹੈ।

ਸ਼ਮਸ਼ੇਰ ਸਿੰਘ ਨੂੰ ਤਿੰਨ ਦਿਨ ਪਹਿਲਾਂ ਪੇਟ ਦਰਦ ਦੀ ਸ਼ਿਕਾਇਤ ਤੋਂ ਬਾਅਦ ਸ੍ਰੀ ਮੁਕਤਸਰ ਸਾਹਿਬ ਪੁਲਿਸ ਨੇ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਉਸ ਦੀ ਖਰਾਬ ਸਿਹਤ ਕਾਰਨ ਉਸ ਨੂੰ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਤਿੰਨ ਦਿਨ ਹਸਪਤਾਲ ਵਿੱਚ ਰਹਿਣ ਤੋਂ ਬਾਅਦ ਉਸਨੂੰ ਛੁੱਟੀ ਦੇ ਦਿੱਤੀ ਗਈ।

ਹਸਪਤਾਲ ਦੇ ਬਾਹਰ ਭਾਰੀ ਪੁਲਿਸ ਤਾਇਨਾਤ ਸੀ। ਨਾ ਤਾਂ ਪੁਲਿਸ ਅਧਿਕਾਰੀ ਅਤੇ ਨਾ ਹੀ ਹਸਪਤਾਲ ਦੇ ਡਾਕਟਰ ਇਸ ਮਾਮਲੇ ‘ਤੇ ਕੋਈ ਟਿੱਪਣੀ ਕਰਨ ਲਈ ਤਿਆਰ ਹਨ। ਸ਼ਮਸ਼ੇਰ ਸਿੰਘ ਅਤੇ ਉਸ ਦੀ ਪਤਨੀ 50 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ਵਿੱਚ 14 ਫਰਵਰੀ ਤੱਕ ਨਿਆਂਇਕ ਹਿਰਾਸਤ ਵਿੱਚ ਹਨ। ਮੁਕਤਸਰ ਪੁਲਿਸ ਨੇ ਕੁਝ ਦਿਨ ਪਹਿਲਾਂ ਸ਼ਮਸ਼ੇਰ ਸਿੰਘ ਅਤੇ ਉਸ ਦੀ ਮਾਂ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇਂਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ ‘ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਅਮਰੀਕਾ ਦੇ ਜਾਰਜੀਆ 'ਚ ਫਾਇਰਿੰਗ; ਇੱਕ ਪੁਲਿਸ ਅਧਿਕਾਰੀ ਦੀ ਮੌਤ; ਦੂਜਾ ਗੰਭੀਰ ਜ਼ਖਮੀ

ਜਾਰਜੀਆ: ਅਮਰੀਕੀ ਰਾਜ ਜਾਰਜੀਆ ਦੇ ਉਪਨਗਰ ਐਟਲਾਂਟਾ ਵਿੱਚ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਪੁਲਿਸ ਮੁਲਾਜ਼ਮ ਦੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਰੂਪ ਵਿੱਚ ਜ਼ਖਮੀ ਹੈ। ਐਤਵਾਰ ਨੂੰ ਐਟਲਾਂਟਾ ਦੇ ਬਾਹਰੀ ਇਲਾਕੇ ਵਿੱਚ ਸਥਿਤ ਇੱਕ ਹੋਟਲ ਵਿੱਚ ਪੁਲਿਸ ਵੱਲੋਂ ਪੁੱਛਗਿੱਛ ਕੀਤੇ ਜਾ ਰਹੇ ਇੱਕ ਵਿਅਕਤੀ ਨੇ ਦੋ ਪੁਲਿਸ ਅਧਿਕਾਰੀ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਇੱਕ ਅਧਿਕਾਰੀ ਦੀ ਮੌਤ ਹੋ ਗਈ ਅਤੇ ਦੂਜਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਗਵਿਨੇਟ ਕਾਉਂਟੀ ਪੁਲਿਸ ਮੁਖੀ ਜੇ.ਡੀ. ਮੈਕਕਲੂਰ ਨੇ ਕਿਹਾ ਕਿ ਗੋਲੀਬਾਰੀ ਕਰਨ ਵਾਲੇ ਸ਼ੱਕੀ 'ਤੇ ਜਵਾਬੀ ਕਰਵਾਈ ਵੀ ਕੀਤੀ ਗਈ ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਉਸਦਾ ਇਲਾਜ ਚੱਲ ਰਿਹਾ ਹੈ। ਇਹ ਗੋਲੀਬਾਰੀ ਐਤਵਾਰ ਸਵੇਰੇ ਸਟੋਨ ਮਾਊਂਟੇਨ ਦੇ ਕੋਲ ਹੋਈ, ਜੋ ਐਟਲਾਂਟਾ ਤੋਂ ਲਗਭਗ 40 ਕਿਲੋਮੀਟਰ ਉੱਤਰ-ਪੂਰਬ (ਨੌਰਥ ਈਸਟ) ਵਿੱਚ ਸਥਿਤ ਹੈ। ਪੁਲਿਸ ਮੁਖੀ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਰਿਪੋਰਟ ਤੋਂ ਬਾਅਦ ਅਧਿਕਾਰੀਆਂ ਨੂੰ ਇੱਕ ਹੋਟਲ ਭੇਜਿਆ ਗਿਆ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਉੱਥੇ ਠਹਿਰੇ ਇੱਕ ਵਿਅਕਤੀ ਨੇ ਧੋਖਾਧੜੀ ਜਾਂ ਜਾਲਸਾਜ਼ੀ ਨਾਲ ਕਮਰਾ ਕਿਰਾਏ 'ਤੇ ਲਿਆ ਹੈ। ਉਹਨਾਂ ਨੇ ਦੱਸਿਆ ਕਿ ਜਦ ਪੁਲਿਸ ਹੋਟਲ ਪੁੱਜੀ ਤਾਂ ਸ਼ੱਕੀ ਨੇ ਆਪਣੇ ਕਮਰੇ ਦੇ ਦਰਵਾਜ਼ੇ 'ਤੇ ਅਧਿਕਾਰੀਆਂ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਅੰਦਰ ਆਉਣ ਲਈ ਕਿਹਾ।




ਮੈਕਲੂਰ ਨੇ ਕਿਹਾ ਕਿ ਪਹਿਲਾਂ ਤਾਂ ਮੁਲਜ਼ਮ ਨੇ ਉਹਨਾਂ ਨਾਲ ਘਟਨਾ ਬਾਰੇ ਚਰਚਾ ਸ਼ੁਰੂ ਕੀਤੀ ਅਤੇ ਕੁਝ ਸਮੇਂ ਬਾਅਦ ਸ਼ੱਕੀ ਨੇ ਇੱਕ ਹੈਂਡਗਨ ਕੱਢੀ ਅਤੇ ਬਿਨਾਂ ਕਿਸੇ ਉਕਸਾਵੇ ਦੇ ਸਾਡੇ ਗਵਿਨੇਟ ਕਾਉਂਟੀ ਪੁਲਿਸ ਅਧਿਕਾਰੀਆਂ 'ਤੇ ਗੋਲੀਆਂ ਚਲਾ ਦਿੱਤੀਆਂ। ਮੈਕਲੂਰ ਨੇ ਦੱਸਿਆ ਕਿ ਅਧਿਕਾਰੀ ਪ੍ਰਦੀਪ ਤਮਾਂਗ ਦੀ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਮੌਤ ਹੋ ਗਈ। ਨੇਪਾਲ ਦੇ ਮੂਲ ਨਿਵਾਸੀ ਤਮਾਂਗ ਪਿਛਲੇ ਸਾਲ ਹੀ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਏ ਸਨ। ਪੁਲਿਸ ਮੁਖੀ ਨੇ ਦੱਸਿਆ ਕਿ ਅਧਿਕਾਰੀ ਡੇਵਿਡ ਰੀਡ ਨੂੰ ਐਤਵਾਰ ਦੁਪਹਿਰ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਫਿਲਹਾਲ ਇਸ ਮਾਮਲੇ ਦੀ ਜਾਂਚ ਜਾਰਜੀਆ ਬਿਊਰੋ ਆਫ਼ ਇਨਵੈਸਟੀਗੇਸ਼ਨ (GBI) ਨੂੰ ਸੌਂਪੀ ਜਾ ਰਹੀ ਹੈ, ਇਹ ਉਹ ਸੰਸਥਾ ਹੈ ਜੋ ਆਮ ਤੌਰ 'ਤੇ ਪੁਲਿਸ ਨਾਲ ਸਬੰਧਤ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰਦੀ ਹੈ। ਮੈਕਲੂਰ ਨੇ ਕਿਹਾ ਕਿ ਐਂਡਰਿਊਜ਼ ਦੇ ਖਿਲਾਫ ਕੀ ਦੋਸ਼ ਲਗਾਏ ਜਾਣ, ਇਹ ਤੈਅ ਕਰਨਾ GBI ਅਤੇ ਸਥਾਨਕ ਸਰਕਾਰੀ ਵਕੀਲਾਂ (ਅਭਿਯੋਜਕਾਂ) 'ਤੇ ਨਿਰਭਰ ਕਰੇਗਾ।

# ਕੈਨੇਡੀ ਸੈਂਟਰ ਦੋ ਸਾਲਾਂ ਲਈ ਕਿਉਂ ਬੰਦ ਰਹੇਗਾ? ਟਰੰਪ ਨੇ ਇਸਨੂੰ ਬੰਦ ਕਰਨ ਦਾ ਦਿੱਤਾ ਹੁਕਮ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਵਾਸ਼ਿੰਗਟਨ ਦੇ ਕੈਨੇਡੀ ਸੈਂਟਰ ਪਰਫਾਰਮਿੰਗ ਆਰਟਸ ਸੈਂਟਰ ਨੂੰ ਜੁਲਾਈ ਤੋਂ ਉਸਾਰੀ ਲਈ ਦੋ ਸਾਲਾਂ ਲਈ ਬੰਦ ਕਰ ਦੇਣਗੇ। ਵ੍ਹਾਈਟ ਹਾਊਸ ਵਾਪਿਸ ਆਉਣ ਤੋਂ ਬਾਅਦ ਇਹ ਇਤਿਹਾਸਕ ਸਥਾਨ ਨੂੰ ਬਦਲਣ ਦੀ ਉਸਦੀ ਤਾਜ਼ਾ ਕੋਸ਼ਿਸ਼ ਹੈ। ਟਰੰਪ ਦਾ ਸੋਸ਼ਲ ਮੀਡੀਆ 'ਤੇ ਇਹ ਐਲਾਨ ਕਈ ਮਸ਼ਹੂਰ ਕਲਾਕਾਰਾਂ ਅਤੇ ਸਮੂਹਾਂ ਦੁਆਰਾ ਆਪਣੇ ਸ਼ੋਅ ਰੱਦ ਕਰਨ ਤੋਂ ਬਾਅਦ ਆਇਆ ਹੈ ਜਦੋਂ ਰਾਸ਼ਟਰਪਤੀ ਦੁਆਰਾ ਪਿਛਲੀ ਲੀਡਰਸ਼ਿਪ ਨੂੰ ਹਟਾ ਕੇ ਇਮਾਰਤ ਵਿੱਚ ਆਪਣਾ ਨਾਮ ਜੋੜਿਆ ਗਿਆ ਸੀ। ਟਰੰਪ ਨੇ ਆਪਣੀ ਪੋਸਟ ਵਿੱਚ ਹਾਲ ਹੀ ਵਿੱਚ ਰੱਦ ਕੀਤੇ ਜਾਣ ਦਾ ਕੋਈ ਜ਼ਿਕਰ ਨਹੀਂ ਕੀਤਾ।



ਡੋਨਾਲਡ ਟਰੰਪ ਦਾ ਇਹ ਪ੍ਰਸਤਾਵ ਪਹਿਲੀ ਮਹਿਲਾ ਬਾਰੇ ਇੱਕ ਦਸਤਾਵੇਜ਼ੀ ਫਿਲਮ "ਮੇਲਾਨੀਆ" ਦੇ ਪ੍ਰੀਮੀਅਰ ਤੋਂ ਕੁਝ ਦਿਨ ਬਾਅਦ ਆਇਆ ਹੈ, ਜੋ ਕਿ ਕੇਂਦਰ ਵਿੱਚ ਦਿਖਾਈ ਗਈ ਸੀ। ਉਨ੍ਹਾਂ ਕਿਹਾ ਕਿ ਇਹ ਕੈਨੇਡੀ ਸੈਂਟਰ ਦੇ ਬੋਰਡ ਦੁਆਰਾ ਪ੍ਰਵਾਨਗੀ ਦੇ ਅਧੀਨ ਹੈ, ਜਿਸ ਵਿੱਚ ਉਸਦੇ ਚੁਣੇ ਹੋਏ ਸਹਿਯੋਗੀ ਸ਼ਾਮਲ ਹਨ। ਟਰੰਪ ਖੁਦ ਸੈਂਟਰ ਦੇ ਟਰੱਸਟੀ ਬੋਰਡ ਦੇ ਚੇਅਰਮੈਨ ਹਨ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, "ਇਹ ਮਹੱਤਵਪੂਰਨ ਫੈਸਲਾ, ਬਹੁਤ ਸਾਰੇ ਸਤਿਕਾਰਤ ਮਾਹਰਾਂ ਦੇ ਵਿਚਾਰਾਂ ਦੇ ਅਧਾਰ ਤੇ, ਇੱਕ ਥੱਕੇ ਹੋਏ, ਖੰਡਰ ਅਤੇ ਟੁੱਟੇ ਹੋਏ ਕੇਂਦਰ ਨੂੰ ਬਹਾਲ ਕਰਨਾ ਹੈ ਜੋ ਕਈ ਸਾਲਾਂ ਤੋਂ ਵਿੱਤੀ ਅਤੇ ਢਾਂਚਾਗਤ ਤੌਰ 'ਤੇ ਖਰਾਬੀ ਵਿੱਚ ਹੈ।" ਇਹ ਵੀ ਧਿਆਨ ਦੇਣ ਯੋਗ ਹੈ ਕਿ, ਹੁਣ ਤੱਕ, ਨਾ ਤਾਂ ਟਰੰਪ ਅਤੇ ਨਾ ਹੀ ਕੈਨੇਡੀ ਸੈਂਟਰ ਦੇ ਪ੍ਰਧਾਨ ਰਿਕ ਗ੍ਰੇਨੇਲ, ਜੋ ਕਿ ਟਰੰਪ ਦੇ ਸਹਿਯੋਗੀ ਹਨ, ਨੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਕੋਈ ਸਬੂਤ ਪ੍ਰਦਾਨ ਨਹੀਂ ਕੀਤਾ ਹੈ ਕਿ ਇਮਾਰਤ ਮਾੜੀ ਹਾਲਤ ਵਿੱਚ ਹੈ।

ਇਸ ਅਚਾਨਕ ਫੈਸਲੇ ਦਾ ਵਿਰੋਧ ਹੋਣ ਦੀ ਸੰਭਾਵਨਾ ਹੈ ਕਿਉਂਕਿ ਟਰੰਪ ਇਸ ਪ੍ਰਸਿੱਧ ਸਥਾਨ ਨੂੰ ਬਦਲ ਰਹੇ ਹਨ, ਜੋ ਕਿ ਇੱਕ ਰਾਸ਼ਟਰੀ ਸੱਭਿਆਚਾਰਕ ਕੇਂਦਰ ਵਜੋਂ ਸ਼ੁਰੂ ਹੋਇਆ ਸੀ। 1964 ਵਿੱਚ ਕਤਲ ਕੀਤੇ ਗਏ ਰਾਸ਼ਟਰਪਤੀ ਜੌਨ ਐਫ. ਕੈਨੇਡੀ ਦੀ ਮੌਤ ਤੋਂ ਬਾਅਦ ਕਾਂਗਰਸ ਨੇ ਇਸਦਾ ਨਾਮ 'ਜੀਵਤ ਯਾਦਗਾਰ' ਰੱਖਿਆ। ਇਹ ਕੇਂਦਰ ਸਾਲ ਭਰ ਕਲਾਵਾਂ ਦੇ ਜਨਤਕ ਪ੍ਰਦਰਸ਼ਨ ਵਜੋਂ ਖੁੱਲ੍ਹਾ ਰਹਿੰਦਾ ਹੈ, ਜਿਸ ਵਿੱਚ ਨੈਸ਼ਨਲ ਸਿੰਫਨੀ ਆਰਕੈਸਟਰਾ ਦੁਆਰਾ ਪ੍ਰਦਰਸ਼ਨ ਵੀ ਸ਼ਾਮਲ ਹਨ।

# ਸਰੀ 'ਚ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ 3 ਪੰਜਾਬੀ ਗ੍ਰਿਫ਼ਤਾਰ, ਜਬਰਨ ਵਸੂਲੀ ਦੇ ਵੀ ਲੱਗੇ ਇਲਜ਼ਾਮ

ਸਰੀ 'ਚ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ ਵੱਡੀ ਅਪਡੇਟ ਸਾਹਮਣੇ ਆਈ ਹੈ। ਇਸ ਮਾਮਲੇ ਵਿਚ 3 ਪੰਜਾਬੀ ਗ੍ਰਿਫ਼ਤਾਰ ਕੀਤੇ ਗਏ ਹਨ ਤੇ ਗ੍ਰਿਫ਼ਤਾਰ ਕੀਤੇ ਤਿੰਨੋਂ ਨੌਜਵਾਨਾਂ 'ਤੇ ਚਾਰਜ ਲਗਾਏ ਗਏ ਹਨ। ਗ੍ਰਿਫਤਾਰ ਕੀਤੇ ਗਏ ਪੰਜਾਬੀਆਂ ਦੀ ਪਛਾਣ ਹਰਜੋਤ ਸਿੰਘ, ਤਰਨਵੀਰ ਸਿੰਘ ਤੇ ਦਯਾਜੀਤ ਸਿੰਘ ਵਜੋਂ ਹੋਈ ਹੈ। ਇਨ੍ਹਾਂ 'ਤੇ ਜਬਰਨ ਵਸੂਲੀ ਤੇ ਗੋਲੀਬਾਰੀ ਕਰਨ ਦੇ ਇਲਜ਼ਾਮ ਲੱਗੇ ਹਨ। ਪੁਲਿਸ ਨੇ ਜਾਂਚ ਦੌਰਾਨ 2 ਵਾਹਨ ਵੀ ਜ਼ਬਤ ਕੀਤੇ ਹਨ। ਦੱਸ ਦੇਈਏ ਕਿ ਕੈਨੇਡਾ ਦੇ ਸਰੀ ਵਿਚ ਕਰਿਸੈਂਟ ਬੀਚ ਇਲਾਕੇ ਵਿੱਚ ਗਸ਼ਤ ਕਰ ਰਹੇ ਅਧਿਕਾਰੀਆਂ ਨੂੰ ਸਵੇਰੇ ਘਰ ਨੇੜੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਮੌਕੇ 'ਤੇ ਪਹੁੰਚ ਕੇ ਇਲਾਕੇ ਨੂੰ ਘੇਰ ਲਿਆ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ। ਘਟਨਾ ਨੂੰ ਅੰਜਾਮ ਦੇਣ ਮਗਰੋਂ ਮੁਲਜ਼ਮ ਵੱਲੋਂ ਭੱਜਣ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲਿਸ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਡੂੰਘਾਈ ਨਾਲ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।



# ਬਜਟ ਇਜਲਾਸ 'ਚ ਹਿੱਸਾ ਨਹੀਂ ਲੈ ਸਕਣਗੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ

ਚੰਡੀਗੜ੍ਹ : ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੀ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਦਿੱਤੀ ਅਸਥਾਈ ਪੈਰੋਲ ਦੀ ਅਰਜ਼ੀ ਨੂੰ ਸਪੱਸ਼ਟ ਤੌਰ 'ਤੇ ਖਾਰਜ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਕਾਰ ਦਾ ਮੰਨਣਾ ਹੈ ਕਿ ਜੇਕਰ ਅੰਮ੍ਰਿਤਪਾਲ ਨੂੰ ਅਸਥਾਈ ਤੌਰ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਜਾਂਦਾ ਹੈ, ਤਾਂ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਸਕਦੀ ਹੈ। ਇਸ ਡਰ ਕਾਰਨ ਉਸਦੀ ਪੈਰੋਲ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਮਹੀਨੇ ਪੰਜਾਬ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਦੀ ਅਸਥਾਈ ਰਿਹਾਈ ਦੀ ਪਟੀਸ਼ਨ 'ਤੇ ਸੱਤ ਦਿਨਾਂ ਦੇ ਅੰਦਰ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਸੀ। ਅੰਮ੍ਰਿਤਪਾਲ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਉਨ੍ਹਾਂ ਨੂੰ ਸੋਮਵਾਰ ਨੂੰ ਪੰਜਾਬ ਸਰਕਾਰ ਤੋਂ ਸੰਸਦ ਮੈਂਬਰ ਦੀ ਰਿਹਾਈ ਦੀ ਅਰਜ਼ੀ ਦੇ ਸਬੰਧ ਵਿੱਚ ਜਵਾਬ ਮਿਲਿਆ ਹੈ। ਬਜਟ ਸੈਸ਼ਨ 28 ਜਨਵਰੀ ਨੂੰ ਸ਼ੁਰੂ ਹੋਇਆ ਸੀ ਅਤੇ ਪਹਿਲੇ ਪੜਾਅ ਵਿੱਚ 13 ਫਰਵਰੀ ਤੱਕ ਜਾਰੀ ਰਹੇਗਾ। ਦੂਜਾ ਪੜਾਅ 9 ਮਾਰਚ ਤੋਂ 2 ਅਪ੍ਰੈਲ ਤੱਕ ਹੋਵੇਗਾ।

# ਪੰਜਾਬ 'ਚ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ 'ਤੇ ਲੱਗੀ ਰੋਕ

ਚੰਡੀਗੜ੍ਹ: ਪੰਜਾਬ ਸਰਕਾਰ ਨੂੰ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਨੌਂ ਨਗਰ ਨਿਗਮਾਂ ਅਤੇ 100 ਤੋਂ ਵੱਧ ਨਗਰ ਕਮੇਟੀਆਂ ਦੀਆਂ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾ ਦਿੱਤੀ ਗਈ ਹੈ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਨ੍ਹਾਂ ਸਾਰੀਆਂ ਨਗਰ ਨਿਗਮਾਂ ਲਈ ਚੋਣ ਪ੍ਰਕਿਰਿਆ ਉਦੋਂ ਤੱਕ ਅੱਗੇ ਨਹੀਂ ਵਧ ਸਕਦੀ ਜਦੋਂ ਤੱਕ ਸਰਕਾਰ ਵਾਰਡਬੰਦੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦਾ ਜਵਾਬ ਦਾਇਰ ਨਹੀਂ ਕਰਦੀ।




ਅਦਾਲਤ ਨੂੰ ਪਤਾ ਲੱਗਿਆ ਕਿ ਵਾਰਡਬੰਦੀ ਨੂੰ ਚੁਣੌਤੀ ਦੇਣ ਵਾਲੀਆਂ ਕਈ ਪਟੀਸ਼ਨਾਂ 'ਤੇ ਪਹਿਲਾਂ ਹੀ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਪਰ ਸਰਕਾਰ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ। ਹਾਈ ਕੋਰਟ ਨੇ ਇਸ 'ਤੇ ਸਖ਼ਤ ਨਾਰਾਜ਼ਗੀ ਪ੍ਰਗਟ ਕਰਦਿਆਂ ਹੋਇਆਂ ਕਿਹਾ ਕਿ ਸਰਕਾਰ ਦਾ ਰਵੱਈਆ ਨਿਆਂਇਕ ਪ੍ਰਕਿਰਿਆ ਦੀ ਅਣਦੇਖੀ ਦੇ ਬਰਾਬਰ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 18 ਫਰਵਰੀ ਨੂੰ ਹੋਵੇਗੀ। ਇਨ੍ਹਾਂ ਸਾਰੇ ਮਾਮਲਿਆਂ ਵਿੱਚ, ਸਰਕਾਰ ਦੀਆਂ ਨਵੀਆਂ ਵਾਰਡਬੰਦੀਆਂ ਨੂੰ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨਰਾਂ ਨੇ ਵਾਰਡਬੰਦੀਆਂ ਵਿੱਚ ਗੰਭੀਰ ਖਾਮੀਆਂ ਦਾ ਦੋਸ਼ ਲਗਾਇਆ ਹੈ, ਜਿਸ ਵਿੱਚ ਮਨਮਾਨੀ, ਰਾਜਨੀਤਿਕ ਪੱਖਪਾਤ ਅਤੇ ਜਨਸੰਖਿਆ ਅਸੰਤੁਲਨ ਸ਼ਾਮਲ ਹਨ। ਨਤੀਜੇ ਵਜੋਂ, ਹਾਈ ਕੋਰਟ ਵਿੱਚ ਪਟੀਸ਼ਨਾਂ ਦੀ ਇੱਕ ਲੜੀ ਦਾਇਰ ਕੀਤੀ ਜਾ ਰਹੀ ਹੈ, ਅਤੇ ਇਹ ਗਿਣਤੀ ਹੁਣ ਦਰਜਨਾਂ ਤੱਕ ਪਹੁੰਚ ਗਈ ਹੈ। ਪਟੀਸ਼ਨਰਾਂ ਨੇ ਹਾਈ ਕੋਰਟ ਵਿੱਚ ਦਲੀਲ ਦਿੱਤੀ ਕਿ ਨਵੀਂ ਵਾਰਡਬੰਦੀ ਵਿੱਚ ਮਨਮਾਨੀ ਕੀਤੀ ਗਈ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਹੱਦਬੰਦੀ ਵਿੱਚ ਰਾਜਨੀਤਿਕ ਪੱਖਪਾਤ ਦਿਖਾਇਆ ਗਿਆ ਹੈ ਅਤੇ ਆਬਾਦੀ ਸੰਤੁਲਨ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਨਗਰ ਪਾਲਿਕਾਵਾਂ ਦੀ ਗਿਣਤੀ ਹੁਣ ਦਰਜਨਾਂ ਤੱਕ ਪਹੁੰਚ ਗਈ ਹੈ।

ਅਦਾਲਤ ਨੇ ਇਨ੍ਹਾਂ 9 ਨਗਰ ਨਿਗਮਾਂ ਲਈ ਵਾਰਡਬੰਦੀਆਂ 'ਤੇ ਰੋਕ ਲਗਾ ਦਿੱਤੀ ਹੈ ਜਿਨ੍ਹਾਂ ਨਗਰ ਨਿਗਮਾਂ ਦੇ ਵਾਰਡਬੰਦੀਆਂ ਨੂੰ ਸਿੱਧੇ ਤੌਰ 'ਤੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ, ਉਨ੍ਹਾਂ ਵਿੱਚ ਬਟਾਲਾ, ਪਠਾਨਕੋਟ, ਕਪੂਰਥਲਾ, ਹੁਸ਼ਿਆਰਪੁਰ, ਮੋਹਾਲੀ, ਬਠਿੰਡਾ, ਅਬੋਹਰ, ਮੋਗਾ ਅਤੇ ਬਰਨਾਲਾ ਸ਼ਾਮਲ ਹਨ। ਅਦਾਲਤ ਨੇ ਇਨ੍ਹਾਂ ਸਾਰੀਆਂ ਨਗਰ ਨਿਗਮਾਂ ਲਈ ਚੋਣ ਨੋਟੀਫਿਕੇਸ਼ਨਾਂ 'ਤੇ 18 ਫਰਵਰੀ ਤੱਕ ਰੋਕ ਲਗਾ ਦਿੱਤੀ ਹੈ। ਇਹ ਹੁਕਮ ਸੂਬੇ ਭਰ ਦੀਆਂ 100 ਤੋਂ ਵੱਧ ਨਗਰ ਨਿਗਮਾਂ ਨੂੰ ਵੀ ਕਵਰ ਕਰਦਾ ਹੈ। ਹਾਈ ਕੋਰਟ ਦੇ ਇਸ ਹੁਕਮ ਕਾਰਨ ਇਨ੍ਹਾਂ 9 ਨਗਰ ਨਿਗਮਾਂ ਲਈ ਵਾਰਡਬੰਦੀ 'ਤੇ ਰੋਕ ਲੱਗ ਗਈ ਹੈ। ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਕਰਵਾਉਣ ਲਈ ਪੰਜਾਬ ਸਰਕਾਰ ਦੀ ਪੂਰੀ ਸਮਾਂ-ਸੀਮਾ ਹੁਣ ਖ਼ਤਰੇ ਵਿੱਚ ਹੈ। ਪ੍ਰਸ਼ਾਸਨਿਕ ਤਿਆਰੀਆਂ ਲਗਭਗ ਪੂਰੀਆਂ ਹੋਣ ਦੇ ਬਾਵਜੂਦ, ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਇੱਕ ਵੀ ਕਦਮ ਨਹੀਂ ਚੁੱਕਿਆ ਜਾ ਸਕਦਾ। ਸਰਕਾਰ 'ਤੇ ਦਬਾਅ ਵਧ ਰਿਹਾ ਹੈ ਕਿ ਉਹ ਜਲਦੀ ਤੋਂ ਜਲਦੀ ਵਿਸਤ੍ਰਿਤ ਜਵਾਬ ਦਾਇਰ ਕਰੇ, ਨਹੀਂ ਤਾਂ ਚੋਣ ਪ੍ਰਕਿਰਿਆ ਲੰਬਿਤ ਰਹੇਗੀ। ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਮਾਮਲੇ ਦੀ ਅਗਲੀ ਸੁਣਵਾਈ 18 ਫਰਵਰੀ ਨੂੰ ਹੋਵੇਗੀ। ਉਹ ਦਿਨ ਸਰਕਾਰ ਦੀ ਰਾਹਤ ਦੀ ਹੱਦ ਨਿਰਧਾਰਤ ਕਰੇਗਾ ਜਾਂ ਕੀ ਅਦਾਲਤ ਆਪਣੇ ਅੰਤਰਿਮ ਹੁਕਮ ਨੂੰ ਵਧਾਏਗੀ। ਇਸ ਵੇਲੇ, ਪੰਜਾਬ ਭਰ ਵਿੱਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ 'ਤੇ ਨਿਆਂਇਕ ਵਿਰਾਮ ਲਗਾਇਆ ਗਿਆ ਹੈ, ਅਤੇ ਇਸਨੂੰ ਰਾਜਨੀਤਿਕ ਹਲਕਿਆਂ ਵਿੱਚ ਇੱਕ ਵੱਡਾ ਸੰਵਿਧਾਨਕ ਝਟਕਾ ਮੰਨਿਆ ਜਾ ਰਿਹਾ ਹੈ।

# ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਨਾਲ ਸਬੰਧਤ ਜ਼ਮੀਨ ਦੀ ਵਿਕਰੀ ਧੋਖਾਧੜੀ ਨਾਲ ਕਰਨ ਦੇ ਮਾਮਲੇ 'ਚ ਮੈਨੇਜਰ ਮੁਅੱਤਲ

ਚੰਡੀਗੜ੍ਹ: ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਹੈ। ਜੇਕਰ ਮੈਨੇਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੀ ਵੀ ਇਸ ਮਾਮਲੇ ਵਿੱਚ ਸ਼ਮੂਲੀਅਤ ਪਾਈ ਜਾਂਦੀ ਹੈ, ਤਾਂ ਉਨ੍ਹਾਂ ਵਿਰੁੱਧ ਵੀ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਵਧੇਰੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਤੇ ਅਧਾਰਤ ਇੱਕ ਕਮੇਟੀ ਬਣਾਈ ਗਈ ਹੈ ਅਤੇ ਮੈਨੇਜਰ ਵੱਲੋਂ ਕਰਵਾਈ ਗਈ ਰਜਿਸਟਰੀ ਨੂੰ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਉਪ-ਦਫ਼ਤਰ ਵਿਖੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਪੱਧਰ ਉੱਤੇ ਗੁਰੂ ਘਰ ਨਾਲ ਸਬੰਧਤ ਕਿਸੇ ਜਾਇਦਾਦ ਨੂੰ ਵੇਚ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸੰਸਥਾ ਨੇ ਕੋਈ ਜ਼ਮੀਨ ਵੇਚਣੀ ਜਾਂ ਖਰੀਦਣੀ ਹੋਵੇ ਤਾਂ ਇਹ ਕਾਰਵਾਈ ਬਾਕਾਇਦਾ ਨਿਯਮਾਂ ਅਨੁਸਾਰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸਬੰਧਤ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਰਾਹੀਂ ਹੀ ਕੀਤੀ ਜਾ ਸਕਦੀ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਵਧੇਰੀ ਵਿਭਾਗੀ ਜਾਂਚ ਪੜਤਾਲ ਲਈ ਇੱਕ ਪੰਜ-ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਚਰਨਜੀਤ ਸਿੰਘ ਕਾਲੇਵਾਲ, ਸੁਰਜੀਤ ਸਿੰਘ ਭਿੱਟੇਵੱਡ ਅਤੇ ਪਰਮਜੀਤ ਸਿੰਘ ਲੱਖੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੇ ਮੈਨੇਜਰ ਰਜਿੰਦਰ ਸਿੰਘ ਨੇ ਬਿਨਾਂ ਕਿਸੇ ਦਫ਼ਤਰੀ ਪ੍ਰਵਾਨਗੀ ਦੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਪਿੰਡ ਸੈਣੀਮਾਜਰਾ ਵਿੱਚ ਇਹ ਜ਼ਮੀਨ 4 ਖਰੀਦਦਾਰਾਂ ਨੂੰ ਵਿਕਰੀ ਕੀਤੀ ਹੈ, ਜਿਸ ਦੀ ਰਜਿਸਟਰੀ 2 ਦਸੰਬਰ 2025 ਨੂੰ ਵੱਖ-ਵੱਖ ਲੋਕਾਂ ਦੇ ਨਾਮ ਧੋਖੇ ਨਾਲ ਕਰ ਦਿੱਤੀ ਗਈ।

ਇਹ ਮਾਮਲਾ ਦਫ਼ਤਰ ਦੇ ਧਿਆਨ ਵਿੱਚ ਆਉਣ 'ਤੇ ਇਸ ਦੀ ਤੁਰੰਤ ਪੜਤਾਲ ਕਰਵਾਈ ਗਈ ਹੈ। ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਵੱਲੋਂ ਅਧਿਕਾਰ ਪ੍ਰਾਪਤ ਕਰਨ ਲਈ ਦਫ਼ਤਰ ਦੇ ਲੈਟਰਪੈਡ ਤੇ ਖੁਦ ਇੱਕ ਜਾਹਲੀ ਚਿੱਠੀ ਤਿਆਰ ਕੀਤੀ ਗਈ ਹੈ, ਜੋ ਇਹ ਖੁਦ ਲਿਖਤੀ ਤੌਰ ਉੱਤੇ ਮੰਨਿਆ ਵੀ ਹੈ। ਉਨ੍ਹਾਂ ਕਿਹਾ ਕਿ ਮੈਨੇਜਰ ਸ. ਰਜਿੰਦਰ ਸਿੰਘ ਵੱਲੋਂ 4 ਖਰੀਦਦਾਰਾਂ ਨੂੰ ਵਿਕਰੀ ਕਰਕੇ ਇਸ ਬਦਲੇ 1 ਕਰੋੜ 32 ਲੱਖ ਰੁਪਏ ਦੇ ਚਾਰ ਚੈੱਕ ਲਏ ਗਏ, ਜੋ ਆਪਣੇ ਨਿੱਜੀ ਖਾਤੇ ਵਿਚ ਕੈਸ਼ ਕਰਵਾਏ ਗਏ। ਉਨ੍ਹਾਂ ਕਿਹਾ ਕਿ ਇਹ ਵੀ ਪਤਾ ਲਗਾ ਹੈ ਕਿ ਰਜਿੰਦਰ ਸਿੰਘ ਨੇ ਇਸ ਤੋਂ ਇਲਾਵਾ ਵੀ ਕਰੋੜਾਂ ਰੁਪਏ ਵਸੂਲ ਕੀਤੇ ਹਨ, ਜਿਸ ਬਾਰੇ ਪੜਤਾਲੀਆ ਟੀਮ ਨੂੰ ਕੋਈ ਵੇਰਵਾ ਨਹੀਂ ਦਿੱਤਾ ਗਿਆ, ਜਿਸ ਦੀ ਜਾਂਚ ਜਾਰੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਜਗ੍ਹਾ ਦੀ ਵਿਕਰੀ ਲਈ ਸ਼੍ਰੋਮਣੀ ਕਮੇਟੀ ਕੋਲ ਕੋਈ ਵੀ ਕੇਸ ਜਾਂ ਲਿਖਾਪੜ੍ਹੀ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਅਜਿਹਾ ਫੈਸਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀਆਂ ਅਮਾਨਤਾਂ ਵਿਚ ਖਿਆਨਤ ਕਰਨ ਵਾਲੇ ਕਿਸੇ ਵੀ ਕਰਮਚਾਰੀ ਤੇ ਅਧਿਕਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਮਗਰੋਂ ਮੈਨੇਜਰ ਰਜਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਆਦੇਸ਼ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਕਿਸੇ ਵੀ ਹੋਰ ਵਿਅਕਤੀ ਦੀ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਬੰਧਤ ਜ਼ਮੀਨ ਦੀਆਂ ਇਹ ਰਜਿਸਟਰੀਆਂ ਰੱਦ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਉਣ ਦੇ ਆਦੇਸ਼ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੈਨੇਜਰ ਵੱਲੋਂ ਜਿਥੇ ਸੰਸਥਾ ਦੀ ਬਦਨਾਮੀ ਕਰਵਾਈ ਗਈ ਹੈ, ਉੱਥੇ ਗੁਰਦੁਆਰਾ ਸਾਹਿਬ ਨੂੰ ਵੱਡਾ ਵਿੱਤੀ ਨੁਕਸਾਨ ਵੀ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਕੋਈ ਜਾਇਦਾਦ ਖਰੀਦਣ ਜਾਂ ਵੇਚਣ ਲਈ ਨਿਰਧਾਰਤ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਲਈ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਦੀ ਸਿਫਾਰਸ਼ ਮਗਰੋਂ ਦਫ਼ਤਰ ਦੇ ਰੈਵਿਨਿਊ ਵਿਭਾਗ ਦੀ ਪੜਤਾਲ ਉਪਰੰਤ ਅੰਤ੍ਰਿੰਗ ਕਮੇਟੀ ਤੋਂ ਪ੍ਰਵਾਨਗੀ ਲਈ ਜਾਂਦੀ ਹੈ। ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਗਰੋਂ ਪ੍ਰਧਾਨ ਸਾਹਿਬ ਵੱਲੋਂ ਸਬ-ਕਮੇਟੀ ਨਿਰਧਾਰਤ ਹੁੰਦੀ ਹੈ, ਜਿਸ ਦੀ ਨਿਗਰਾਨੀ ਹੇਠ ਖੁੱਲ੍ਹੀ ਬੋਲੀ ਰਾਹੀਂ ਜਾਇਦਾਦ ਵੇਚਣ ਦੀ ਕਾਰਵਾਈ ਹੁੰਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਹਮੇਸ਼ਾ ਇਹ ਮਨਸ਼ਾ ਰਹੀ ਹੈ ਕਿ ਗੁਰੂ ਘਰ ਦੀਆਂ ਜ਼ਮੀਨਾਂ ਜਾਇਦਾਦਾਂ ਵਿੱਚ ਵਾਧਾ ਹੋਵੇ ਅਤੇ ਇਸੇ ਤਹਿਤ ਹੀ ਬਹੁਤ ਸਾਰੀਆਂ ਨਵੀਂਆਂ ਜ਼ਮੀਨਾਂ ਖਰੀਦੀਆਂ ਗਈਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਸੇਵਾਵਾਂ ਨਿਭਾਉਣ ਵਾਲੇ ਸਮੂਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਖ਼ਤ ਤਾੜਨਾ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਕਰਨ ਅਤੇ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਜਾਂ ਮੁਲਾਜ਼ਮ ਵੱਲੋਂ ਭ੍ਰਿਸ਼ਟਾਚਾਰ ਜਾ ਮਾਮਲਾ ਆਉਂਦਾ ਹੈ ਤਾਂ ਉਸ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਰਣਜੀਤ ਸਿੰਘ ਕਾਹਲੋਂ, ਮੀਤ ਸਕੱਤਰ ਲਖਬੀਰ ਸਿੰਘ, ਜਸਕਰਨ ਸਿੰਘ, ਰਣਜੀਤ ਸਿੰਘ ਜਲੰਧਰ ਮੌਜੂਦ ਸਨ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਂ 'ਸ੍ਰੀ ਗੁਰੂ ਰਵਿਦਾਸ ਜੀ' ਦੇ ਨਾਂ 'ਤੇ ਰੱਖਿਆ

## ਹਲਵਾਰਾ ਹਵਾਈ ਅੱਡੇ ਦੇ ਟਰਮੀਨਲ ਦਾ ਵੀ ਵਰਚੂਅਲੀ ਕੀਤਾ ਉਦਘਾਟਨ

## ਸ੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ ਚੁਣੌਤੀਆਂ ਨਾਲ ਲੜਨਾ ਸਿਖਾਇਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਜਲੰਧਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ 'ਤੇ ਜਲੰਧਰ ਵਿਖੇ ਪਹੁੰਚੇ। ਜਿੱਥੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਜਲੰਧਰ ਦੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਹਵਾਈ ਅੱਡਾ ਆਦਮਪੁਰ ਰੱਖਿਆ। ਇਸੇ ਦੌਰਾਨ ਉਨ੍ਹਾਂ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ਦੇ ਟਰਮੀਨਲ ਦਾ ਵੀ ਵਰਚੂਅਲੀ ਉਦਘਾਟਨ ਕੀਤਾ ਗਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਣ ਲਈ ਰਵਾਨਾ ਹੋਏ, ਜਿੱਥੇ ਉਨ੍ਹਾਂ ਵੱਲੋਂ ਸੰਤ ਨਿਰੰਜਨ ਦਾਸ ਨਾਲ ਮੁਲਾਕਾਤ ਕੀਤੀ ਜਾਵੇਗੀ ਅਤੇ ਲੰਗਰ ਛਕਿਆ ਜਾਵੇਗਾ ਅਤੇ ਉਨ੍ਹਾਂ ਵੱਲੋਂ ਸੰਗਤਾਂ ਨੂੰ ਸੰਬੋਧਨ ਕੀਤਾ ਜਾਵੇਗਾ।

ਜਲੰਧਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਪਹੁੰਚੇ ਅਤੇ ਉਹ ਜਲੰਧਰ ਸਥਿਤ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ ਅਤੇ ਸੰਤ ਨਿਰੰਜਨ ਦਾਸ ਜੀ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਮੇਰਾ ਰਿਸ਼ਤਾ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਸ਼ੀ ਨਾਲ ਹੈ। ਕਾਸ਼ੀ ਵਿਚ ਮਾਂ ਗੰਗੀ ਦੀ ਉਹ ਧਾਰਾ ਹੈ, ਜਿਥੇ ਗੁਰੂ ਰਵਿਦਾਸ ਨੇ ਕਿਹਾ ਸੀ ਕਿ ਮੰਨ ਚੰਗਾ ਤਾਂ ਕਠੋਤੀ ਵਿਚ ਗੰਗਾ। ਇਸ ਮੌਕੇ ਉਨ੍ਹਾਂ ਡੇਰਾ ਸੱਚਖੰਡ ਬੱਲਾਂ ਦੀ ਸ਼ਲਾਘਾ ਕੀਤੀ ਅਤੇ ਕਿ ਡੇਰੇ ਦਾ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ। ਸੰਤ ਨਿਰੰਜਨ ਦਾਸ ਜੀ ਦੀ ਅਗਵਾਈ ਵਿਚ ਇਹ ਕਾਰਜ ਲਗਾਤਾਰ ਜਾਰੀ ਹਨ। ਉਨ੍ਹਾਂ ਸੰਤ ਨਿਰੰਜਨ ਦਾਸ ਨੂੰ ਪਦਮਸ੍ਰੀ ਐਲਾਨੇ ਜਾਣ 'ਤੇ ਵੀ ਵਧਾਈ ਦਿੱਤੀ ਅਤੇ ਉਨ੍ਹਾਂ ਡੇਰਾ ਸੱਚਖੰਡ ਬੱਲਾਂ ਵੱਲੋਂ ਸਮਾਗਮ 'ਚ ਸ਼ਾਮਲ ਹੋਣ ਲਈ ਸੱਦਾ ਦੇਣ ਲਈ ਧੰਨਵਾਦ ਵੀ ਕੀਤਾ।

ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਨੂੰ 600 ਸਾਲ ਤੋਂ ਵੱਧ ਸਮਾਂ ਹੋਇਆ, ਉਸ ਦੌਰ ਵਿਚ ਭਾਰਤ ਨੇ ਕਿੰਨੇ ਵਿਦੇਸ਼ੀ ਹਮਲੇ ਝੱਲੇ, ਕਿੰਨੀ ਹਿੰਸਾ ਅਤੇ ਅਸਥਿਰਤਾ ਝੱਲੀ, ਇਕ ਪਾਸੇ ਬਾਹਰੀ ਹਮਲੇ ਅਤੇ ਦੂਜੇ ਪਾਸੇ ਅੰਦਰੂਨੀ ਚੁਣੌਤੀਆਂ, ਅਜਿਹੇ ਔਖੇ ਸਮੇਂ ਵਿਚ ਕਾਸ਼ੀ ਵਿਚ ਰਵਿਦਾਸ ਜੀ ਵਰਗੇ ਸੰਤ ਦਾ ਜਨਮ ਹੋਇਆ। ਉਨ੍ਹਾਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਿਖਾਇਆ ਕਿ ਅਸੀਂ ਸਾਰੇ ਇਕ ਹੀ ਮਿੱਟੀ ਦੇ ਸਾਰੇ ਭਾਂਡੇ ਤੇ ਸਾਨੂੰ ਬਣਾਉਣ ਵਾਲਾ ਇਕ ਹੀ ਘੁਮਿਆਰ ਹੈ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆ ਨਾਲ ਸਮਾਜ ਵਿਚ ਨਵੀਂ ਚੇਤਨਾ ਜਾਗੀ, ਭਾਰਤ ਦੇ ਸਮਾਜ ਨੇ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਿਆ ਅਤੇ ਉਨ੍ਹਾਂ ਨੂੰ ਦੂਰ ਕੀਤਾ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੇ ਸਾਨੂੰ ਚੁਣੌਤੀਆਂ ਨਾਲ ਲੜਨਾ ਸਿਖਾਇਆ। ਪੰਜਾਬ ਵਿਚ ਲੱਖਾਂ ਲੋਕਾਂ ਸੰਤ ਰਵਿਦਾਸ ਦੇ ਆਦਰਸ਼ਾਂ 'ਤੇ ਚੱਲ ਕੇ ਆਪਣਾ ਜੀਵਨ ਸਵਾਰਿਆ। ਮੈਂ ਗੁਰੂ ਰਵਿਦਾਸ ਜੀ ਦੇ ਨਮਨ ਕਰਦਾ ਹਾਂ। ਮੇਰਾ ਸੰਤ ਰਵਿਦਾਸ ਜੀ ਨਾਲ ਡੂੰਘਾ ਨਾਤਾ ਹੈ। ਡੇਰਾ ਸੱਚਖੰਡ ਬੱਲਾਂ ਆਉਣਾ ਮੇਰੇ ਲਈ ਖ਼ੁਸ਼ਕਿਸਮਤੀ ਹੈ।



ਵਿਕਸਤ ਭਾਰਤ ਸਬੰਧੀ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਭਾਰਤ ਨੂੰ ਵਿਕਸਤ ਭਾਰਤ ਬਣਾਉਣ ਦਾ ਬੀੜਾ ਚੁੱਕਿਆ ਹੈ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਅਸ਼ੀਰਵਾਦ ਨਾਲ ਅਸੀਂ ਇਸ ਟੀਚੇ ਨੂੰ ਜ਼ਰੂਰ ਪ੍ਰਾਪਤ ਕਰ ਲਵਾਂਗੇ। ਮੋਦੀ ਨੇ ਕੀਤੀ ਅਪੀਲ ਸਾਨੂੰ ਆਪਣੇ ਪ੍ਰੋਡਕਟ ਦੀ ਕੁਆਲਿਟੀ 'ਤੇ ਜ਼ੋਰ ਦੇਣਾ ਹੋਵੇਗਾ। ਅਸੀਂ ਆਪਣੇ ਪ੍ਰੋਡਕਟਾਂ ਦੀ ਅਜਿਹੀ ਕੁਆਲਿਟੀ ਜੋ ਵਿਦੇਸ਼ੀ ਲੋਕਾਂ ਦੇ ਦਿਲਾਂ 'ਤੇ ਰਾਜ ਅਤੇ ਉਹ ਭਾਰਤੀ ਪ੍ਰੋਡਕਟ ਖਰੀਦਣ ਲਈ ਮਜਬੂਰ ਹੋ ਜਾਣ। ਬਜਟ 'ਤੇ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬਜਟ ਨਾਲ ਸਾਰਿਆਂ ਨੂੰ ਫਾਇਦਾ ਹੋਵੇਗਾ। ਬਜਟ ਗ਼ਰੀਬ, ਕਿਸਾਨਾਂ ਅਤੇ ਨੌਜਵਾਨਾਂ ਨੂੰ ਹੋਰ ਮਜ਼ਬੂਤ ਬਣਾਏਗਾ। ਬਜਟ ਮਹਿਲਾ ਸ਼ਕਤੀ ਨੂੰ ਹੋਰ ਮਜ਼ਬੂਤ ਕਰੇਗਾ। ਇਹ ਕਿਸਾਨਾਂ ਦੀ ਆਮਦਨ ਵਧਾਉਣ ਵਾਲਾ ਬਜਟ ਹੈ। ਪਿਛਲੇ ਇਕ ਦਹਾਕੇ ਵਿਚ ਭਾਰਤ ਦਾ ਐਕਸਪੋਰਟ ਵਧਿਆ ਹੈ। ਬਜਟ ਦਾ ਇਕ ਹੋਰ ਫੋਕਸ ਸਪੋਰਟਸ 'ਤੇ ਹੈ। ਖੇਡੋ ਇੰਡੀਆ ਮਿਸ਼ਨ ਪੰਜਾਬ ਲਈ ਇਕ ਵੱਡਾ ਮੌਕਾ ਲੈ ਕੇ ਆਵੇਗਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਰੱਖਿਆ ਅਤੇ ਇਥੇ ਹੀ ਉਨ੍ਹਾਂ ਵਰਚੁਅਲੀ ਲੁਧਿਆਣਾ ਸਥਿਤ ਹਲਵਾਰਾ ਹਵਾਈ ਅੱਡੇ ਦੇ ਟਰਮੀਨਲ ਦਾ ਉਦਘਾਟਨ ਕੀਤਾ।









# ਭਾਰਤ ਇਰਾਨ ਦੀ ਥਾਂ ਵੈਨੇਜ਼ੁਏਲਾ ਤੋਂ ਖਰੀਦੇਗਾ ਤੇਲ: ਡੋਨਾਲਡ ਟਰੰਪ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਈਰਾਨ ਦੀ ਬਜਾਏ ਵੈਨੇਜ਼ੁਏਲਾ ਤੋਂ ਤੇਲ ਖਰੀਦੇਗਾ। ਵਾਸ਼ਿੰਗਟਨ, ਡੀ.ਸੀ. ਤੋਂ ਫਲੋਰੀਡਾ ਜਾ ਰਹੇ ਆਪਣੇ ਸਰਕਾਰੀ ਜਹਾਜ਼, ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਟਰੰਪ ਨੇ ਕਿਹਾ, "ਅਸੀਂ ਉਹ ਸੌਦਾ ਪਹਿਲਾਂ ਹੀ ਕਰ ਲਿਆ ਹੈ। ਸੌਦੇ ਦੀ ਧਾਰਨਾ ਪੂਰੀ ਹੋ ਗਈ ਹੈ। "ਸੌਦੇ ਦੀ ਧਾਰਨਾ" ਦਾ ਅਰਥ ਹੈ ਕਿ ਸੌਦੇ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਦੋਵਾਂ ਧਿਰਾਂ ਕੋਲ ਇੱਕ ਬੁਨਿਆਦੀ ਢਾਂਚਾ, ਇੱਕ ਸਮਝ, ਜਾਂ ਇੱਕ ਸ਼ੁਰੂਆਤੀ ਸਮਝੌਤਾ ਹੈ। ਭਾਰਤ ਵੱਲੋਂ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋਈ ਹੈ। ਟਰੰਪ ਨੇ ਇਹ ਵੀ ਕਿਹਾ ਕਿ ਚੀਨ ਜੇਕਰ ਚਾਹੇ ਤਾਂ ਵੈਨੇਜ਼ੁਏਲਾ ਤੋਂ ਤੇਲ ਖਰੀਦਣ ਲਈ ਅਮਰੀਕਾ ਨਾਲ ਸੌਦਾ ਕਰ ਸਕਦਾ ਹੈ ਅਤੇ ਸਵਾਗਤ ਕਰਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ ਜਲਦੀ ਹੀ ਵੈਨੇਜ਼ੁਏਲਾ ਤੋਂ ਤੇਲ ਲੈਣਾ ਸ਼ੁਰੂ ਕਰ ਦੇਣਗੇ ਅਤੇ ਸੰਯੁਕਤ ਰਾਜ ਅਮਰੀਕਾ ਇਸ ਪਹਿਲਕਦਮੀ ਵਿੱਚ ਮੁੱਖ ਭੂਮਿਕਾ ਨਿਭਾਏਗਾ। "ਅਸੀਂ ਦੁਨੀਆ ਭਰ ਦੇ ਦੇਸ਼ਾਂ ਨੂੰ ਸੱਦਾ ਦੇ ਰਹੇ ਹਾਂ। ਉਹ ਤੇਲ ਆਯਾਤ ਕਰਨਾ ਸ਼ੁਰੂ ਕਰਨ ਜਾ ਰਹੇ ਹਨ। ਅਸੀਂ ਇਸ ਪੂਰੀ ਯੋਜਨਾ ਦੀ ਅਗਵਾਈ ਕਰਨ ਜਾ ਰਹੇ ਹਾਂ, ਅਤੇ ਹੁਣ ਤੱਕ ਇਹ ਬਹੁਤ ਵਧੀਆ ਕੰਮ ਕਰ ਰਿਹਾ ਹੈ," ਟਰੰਪ ਨੇ ਕਿਹਾ।

# ਪੁਲੀਸ ਅਫਸਰਾਂ ਦੀ ਆਡੀਓ ਕਲਿਪ ਦੀ ਜਾਂਚ ਦੇ ਹੁਕਮ

ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੌਰਾਨ ਨਾਮਜ਼ਦਗੀ ਪ੍ਰਕਿਰਿਆ ਵਿੱਚ ਵਿਘਨ ਪਾਉਣ ਲਈ ਪੁਲੀਸ ਮੁਲਾਜ਼ਮਾਂ ਨੂੰ ਕਥਿਤ ਤੌਰ 'ਤੇ ਨਿਰਦੇਸ਼ ਦੇਣ ਵਾਲੀ ਆਡੀਓ ਰਿਕਾਰਡਿੰਗ ਸਾਹਮਣੇ ਆਉਣ ਤੋਂ ਇੱਕ ਮਹੀਨੇ ਤੋਂ ਵੱਧ ਸਮੇਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਇਸ ਨੂੰ ਫੋਰੈਂਸਿਕ ਜਾਂਚ ਲਈ ਇੱਕ ਅਜਿਹੀ ਸੁਤੰਤਰ ਏਜੰਸੀ ਕੋਲ ਭੇਜਣ ਦਾ ਹੁਕਮ ਦਿੱਤਾ ਹੈ ਜੋ ਸੂਬਾ ਸਰਕਾਰ ਦੇ ਕੰਟਰੋਲ ਜਾਂ ਨਿਗਰਾਨੀ ਹੇਠ ਨਾ ਹੋਵੇ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ ਮਾਮਲੇ ਵਿੱਚ ਦਾਇਰ ਦੋ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਮੈਂਡਾਮਸ ਰਿੱਟ (ਨਿਆਂਇਕ ਹੁਕਮ) ਜਾਰੀ ਕੀਤੀ। ਅਦਾਲਤ ਨੇ ਨਿਰਦੇਸ਼ ਦਿੱਤੇ ਕਿ ਜਾਂਚ ਅਤੇ ਪਹਿਲਾਂ ਤੋਂ ਦਰਜ ਐੱਫ ਆਈ ਆਰ ਦੇ ਮਕਸਦ ਲਈ ਆਡੀਓ ਕਲਿੱਪ ਸਣੇ ਸਾਰੀ ਇਲੈਕਟ੍ਰੌਨਿਕ ਸਮੱਗਰੀ ਕਿਸੇ ਸੁਤੰਤਰ ਏਜੰਸੀ ਨੂੰ ਭੇਜੀ ਜਾਵੇ। ਅਦਾਲਤ ਨੇ ਜਾਂਚ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ।

# ਸਿੱਖ ਵਿਆਹ ਸਮਾਰੋਹ 'ਆਨੰਦ ਕਾਰਜ' ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ ਸਿੱਕਮ ਵਿੱਚ ਲਾਗੂ



ਸਿੱਖ ਵਿਆਹ ਸਮਾਰੋਹ 'ਆਨੰਦ ਕਾਰਜ' ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ ਸਿੱਕਮ ਵਿੱਚ ਲਾਗੂ ਨਵੀਂ ਦਿੱਲੀ: ਰਾਸ਼ਟਰਪਤੀ ਨੇ "ਆਨੰਦ ਕਾਰਜ" ਵਜੋਂ ਜਾਣੇ ਜਾਂਦੇ ਸਿੱਖ ਵਿਆਹ ਸਮਾਰੋਹਾਂ ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ, 1909 ਨੂੰ ਕੁਝ ਸੋਧਾਂ ਨਾਲ ਸਿੱਕਮ ਤੱਕ ਵਧਾ ਦਿੱਤਾ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਜਾਰੀ ਇੱਕ ਸਰਕਾਰੀ ਨੋਟੀਫਿਕੇਸ਼ਨ ਵਿੱਚ ਦਿੱਤੀ ਗਈ ਸੀ।

ਪਿਛਲੇ ਸਾਲ ਸਤੰਬਰ ਵਿੱਚ, ਸੁਪਰੀਮ ਕੋਰਟ ਨੇ ਕਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ "ਆਨੰਦ ਕਾਰਜ" ਦੀ ਰਜਿਸਟ੍ਰੇਸ਼ਨ ਲਈ ਚਾਰ ਮਹੀਨਿਆਂ ਦੇ ਅੰਦਰ ਨਿਯਮਾਂ ਨੂੰ ਸੂਚਿਤ ਕਰਨ ਦੇ ਨਿਰਦੇਸ਼ ਦਿੱਤੇ ਸਨ।

ਬੁੱਧਵਾਰ ਨੂੰ ਨੋਟੀਫਾਈ ਕੀਤੇ ਗਏ ਰਾਸ਼ਟਰਪਤੀ ਦੇ ਆਦੇਸ਼ ਵਿੱਚ ਕਿਹਾ ਗਿਆ ਹੈ, "ਸੰਵਿਧਾਨ ਦੀ ਧਾਰਾ 371ਢ ਦੀ ਧਾਰਾ (ਨ) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਰਾਸ਼ਟਰਪਤੀ ਇਸ ਦੁਆਰਾ ਆਨੰਦ ਮੈਰਿਜ ਐਕਟ, 1909 (1909 ਦਾ 7) ਨੂੰ ਸਿੱਕਮ ਰਾਜ ਤੱਕ ਵਧਾਉਂਦੇ ਹਨ।"

ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਐਕਟ ਦੇ ਉਪਬੰਧ ਕੇਂਦਰ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਸੂਚਿਤ ਕੀਤੀਆਂ ਗਈਆਂ ਤਾਰੀਖਾਂ ਤੋਂ ਰਾਜ ਵਿੱਚ ਲਾਗੂ ਹੋਣਗੇ।

ਨੋਟੀਫਿਕੇਸ਼ਨ ਦੇ ਅਨੁਸਾਰ, "ਐਕਟ ਦੇ ਵੱਖ-ਵੱਖ ਉਪਬੰਧਾਂ ਅਤੇ ਸਿੱਕਮ ਦੇ ਵੱਖ-ਵੱਖ ਖੇਤਰਾਂ ਲਈ ਵੱਖ-ਵੱਖ ਤਾਰੀਖਾਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।" ਇਸ ਤੋਂ ਇਲਾਵਾ, ਕਿਸੇ ਵੀ ਅਜਿਹੇ ਉਪਬੰਧ ਵਿੱਚ ਉਕਤ ਐਕਟ ਦੇ ਸ਼ੁਰੂ ਹੋਣ ਦੇ ਕਿਸੇ ਵੀ ਹਵਾਲੇ ਨੂੰ ਉਸ ਖੇਤਰ ਵਿੱਚ ਉਸ ਉਪਬੰਧ ਦੇ ਸ਼ੁਰੂ ਹੋਣ ਦੀ ਮਿਤੀ ਦੇ ਹਵਾਲੇ ਵਜੋਂ ਸਮਝਿਆ ਜਾਵੇਗਾ ਜਿੱਥੇ ਇਹ ਲਾਗੂ ਕੀਤਾ ਗਿਆ ਹੈ।

# ਸ਼ਰਾਬੀ ਪਿਓ ਨੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਕੀਤੀਆਂ ਪਾਰ !

## ਆਪਣੀ ਹੀ ਪੰਜ ਸਾਲਾਂ ਧੀ ਨੂੰ ਉਤਾਰਿਆ ਮੌਤ ਦੇ ਘਾਟ




ਜਲੰਧਰ : ਜਲੰਧਰ ਦੇ ਦੂਰਦਰਸ਼ਨ ਐਨਕਲੇਵ ਇਲਾਕੇ ਵਿੱਚ ਇੱਕ ਦਿਲ ਦਹਿਲਾਉਣ ਵਾਲੀ ਘਟਨਾ ਵਾਪਰੀ। ਇੱਕ ਸ਼ਰਾਬੀ ਪਿਓ ਨੇ ਗੁੱਸੇ ਵਿੱਚ ਆ ਕੇ ਆਪਣੀ ਹੀ ਪੰਜ ਸਾਲ ਦੀ ਧੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਦੀ ਪਛਾਣ ਅਰਵਿੰਦਰ ਵਜੋਂ ਹੋਈ ਹੈ, ਜੋ ਮੂਲ ਰੂਪ ਤੋਂ ਛੱਤੀਸਗੜ੍ਹ ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਦੂਰਦਰਸ਼ਨ ਐਨਕਲੇਵ ਵਿੱਚ ਰਹਿ ਰਿਹਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਲੜਕੀ ਦੀ ਮਾਂ, ਨੇਹਾ, ਜੋ ਕਿ ਲੋਕਾਂ ਦੇ ਘਰਾਂ 'ਚ ਕੰਮ ਕਰਦੀ ਸੀ, ਘਟਨਾ ਦੇ ਸਮੇਂ ਘਰ 'ਚ ਨਹੀਂ ਸੀ।

ਦੋਸ਼ੀ ਅਰਵਿੰਦਰ (30) ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ, ਡੇਢ ਸਾਲ ਦੇ ਪੁੱਤਰ ਅਤੇ ਪੰਜ ਸਾਲ ਦੀ ਧੀ ਨਾਲ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਉਸਦੀ ਪਤਨੀ ਮੰਗਲਵਾਰ ਨੂੰ ਕੰਮ 'ਤੇ ਚਲੀ ਗਈ ਸੀ ਜਦ ਕਿ ਉਹ ਆਪ ਆਪਣੀ ਪੰਜ ਸਾਲ ਦੀ ਧੀ ਅਤੇ ਡੇਢ ਸਾਲ ਦੇ ਪੁੱਤਰ ਨਾਲ ਘਰ ਵਿੱਚ ਸੀ। ਉਸਨੇ ਨੇ ਕਿਹਾ ਕਿ ਕੰਮ ਤੋਂ ਛੁੱਟੀ ਹੋਣ ਕਰਕੇ, ਮੈਂ ਦੁਪਹਿਰ ਨੂੰ ਸ਼ਰਾਬ ਪੀਤੀ। ਉਦੋਂ ਤੱਕ, ਮੇਰੀ ਧੀ ਬਾਹਰ ਖੇਡ ਕੇ ਘਰ ਵਾਪਸ ਆ ਗਈ ਸੀ। ਦੁਪਹਿਰ ਦੇ ਲਗਭਗ 2:30 ਵਜੇ ਸਨ। ਉਸਨੂੰ ਭੁੱਖ ਲੱਗੀ ਹੋਈ ਸੀ। ਉਸਨੇ "ਪਾਪਾ ਪਾਪਾ " ਕਹਿ ਮੈਨੂੰ ਅਵਾਜਾ ਮਾਰੀਆਂ ਅਤੇ ਖਾਣਾ ਮੰਗਿਆ, ਇਸ ਲਈ ਮੈਂ ਗੁੱਸੇ ਵਿੱਚ ਉਸਨੂੰ ਥੱਪੜ ਮਾਰਿਆ। ਜਿਸ ਤੋਂ ਬਾਅਦ ਉਹ ਕੁਝ ਦੇਰ ਚੁੱਪਚਾਪ ਬੈਠ ਗਈ। ਅਰਵਿੰਦਰ ਨੇ ਕਿਹਾ, "ਕੁਝ ਦੇਰ ਬਾਅਦ, ਉਹ ਫਿਰ ਰੋਣ ਲੱਗੀ। ਮੈਨੂੰ ਗੁੱਸਾ ਆ ਗਿਆ ਕਿਉਂਕਿ ਸ਼ਰਾਬ ਪੀਣ ਦਾ ਮਜ਼ਾ ਖਰਾਬ ਹੋ ਰਿਹਾ ਸੀ। ਇਸ ਲਈ ਗੁੱਸੇ ਵਿੱਚ ਆ ਕੇ ਕੁੜੀ ਦਾ ਗਲਾ ਘੁੱਟ ਦਿੱਤਾ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।"

ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲੜਕੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪਰਿਵਾਰ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ ਅਤੇ ਅਰਵਿੰਦਰ ਦੀ ਨਸ਼ੇ ਦੀ ਆਦਤ ਨੇ ਇਕ ਹੱਸਦੇ-ਖੇਡਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਉਹ ਦਿਹਾੜੀ ਕਰਦਾ ਸੀ, ਪਰ ਨਸ਼ੇ ਦੇ ਚੱਕਰ ਵਿੱਚ ਕੰਮ 'ਤੇ ਵੀ ਨਹੀਂ ਜਾਂਦਾ ਸੀ।

# ਪਹਾੜਾਂ 'ਤੇ ਬਰਫ਼ਬਾਰੀ ਅਤੇ ਬਾਰਿਸ਼

## ਮੈਦਾਨੀ ਇਲਾਕਿਆਂ 'ਚ ਠੰਢੀਆਂ ਹਵਾਵਾਂ ਕਾਰਨ ਛਿੜੀ ਕੰਬਣੀ

ਚੰਡੀਗੜ੍ਹ : ਫਰਵਰੀ ਦੀ ਸ਼ੁਰੂਆਤ ਦੇ ਨਾਲ ਹੀ ਮੌਸਮ ਦੇ ਦੋ ਵੱਖੋ ਵੱਖਰੇ ਅੰਦਾਜ਼ ਦੇਖਣ ਨੂੰ ਮਿਲੇ। ਜਿੱਥੇ ਦਿਨ ਵੇਲੇ ਤੇਜ਼ ਧੁੱਪ ਰਾਹਤ ਲਿਆਉਂਦੀ ਹੈ, ਉੱਥੇ ਹੀ ਸਵੇਰੇ ਅਤੇ ਰਾਤ ਨੂੰ ਵੱਧ ਰਹੀ ਠੰਢ ਨੇ ਇੱਕ ਵਾਰ ਫਿਰ ਕੰਬਣੀ ਛੇੜ ਦਿੱਤੀ ਹੈ। ਮੌਸਮ ਵਿਭਾਗ ਦੀ ਤਾਜ਼ਾ ਰਿਪੋਰਟ ਅਨੁਸਾਰ, 5 ਅਤੇ 6 ਫਰਵਰੀ ਨੂੰ ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਕਈ ਹਿੱਸਿਆਂ ਵਿੱਚ ਬਾਰਿਸ਼ ਅਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਦੂਜੇ ਪਾਸੇ, ਦਿੱਲੀ-ਐਨਸੀਆਰ ਸਮੇਤ ਉੱਤਰ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਸੰਘਣੀ ਧੁੰਦ ਅਤੇ ਤੇਜ਼ ਠੰਢੀਆਂ ਹਵਾਵਾਂ ਕਾਰਨ ਲੋਕਾਂ ਨੂੰ ਆਮ ਤਾਪਮਾਨ ਦੇ ਬਾਵਜੂਦ ਜ਼ਿਆਦਾ ਠੰਢ ਦਾ ਅਹਿਸਾਸ ਹੋ ਰਿਹਾ ਹੈ।



ਪੰਜਾਬ ਅਤੇ ਚੰਡੀਗੜ੍ਹ ਵਿੱਚ ਅੱਜ (ਵੀਰਵਾਰ) ਸਵੇਰੇ ਅਤੇ ਸ਼ਾਮ ਨੂੰ ਧੁੰਦ ਪੈਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ-ਅੰਬਾਲਾ ਅਤੇ ਅੰਬਾਲਾ-ਦਿੱਲੀ ਹਾਈਵੇਅ 'ਤੇ ਅੰਸ਼ਕ ਤੌਰ 'ਤੇ ਬੱਦਲ ਛਾਏ ਰਹਿਣਗੇ। ਹਾਲਾਂਕਿ, 10 ਵਜੇ ਤੱਕ ਧੁੱਪ ਨਿਕਲ ਆਵੇਗੀ, ਜਿਸ ਨਾਲ ਧੁੰਦ ਸਾਫ਼ ਹੋ ਜਾਵੇਗੀ। ਇਸ ਸਮੇਂ ਉੱਤਰ ਦਿਸ਼ਾ ਤੋਂ ਤੇਜ਼ ਹਵਾਵਾਂ ਚੱਲ ਰਹੀਆਂ ਹਨ, ਜਿਸ ਕਾਰਨ ਠੰਢ ਦਾ ਅਸਰ ਬਣਿਆ ਹੋਇਆ ਹੈ। ਮੌਸਮ ਵਿਭਾਗ ਅਨੁਸਾਰ 9 ਫਰਵਰੀ ਤੱਕ ਮੌਸਮ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਚੇਤਾਵਨੀ ਨਹੀਂ ਹੈ। 9 ਫਰਵਰੀ ਤੋਂ ਪੱਛਮੀ ਗੜਬੜੀ ਸਰਗਰਮ ਹੋਵੇਗੀ ਜਿਸ ਦੇ ਪ੍ਰਭਾਵ ਨਾਲ 10 ਫਰਵਰੀ ਨੂੰ ਸੂਬੇ ਦੇ ਕਈ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

ਦੂਜੇ ਪਾਸੇ ਹਰਿਆਣਾ ਦੇ ਤਾਪਮਾਨ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਜਾਰੀ ਹੈ। 9 ਅਤੇ 10 ਫਰਵਰੀ ਨੂੰ ਮੌਸਮ ਬਦਲੇਗਾ ਅਤੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਬਾਰਿਸ਼ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਬੁੱਧਵਾਰ ਨੂੰ ਸੂਬੇ ਦੇ ਕਈ ਹਿੱਸਿਆਂ ਵਿੱਚ ਸੰਘਣੀ ਧੁੰਦ ਛਾਈ ਰਹੀ ਸੀ, ਜਿਸ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ। ਹਾਲਾਂਕਿ, ਅੱਜ (5 ਫਰਵਰੀ) ਕੋਹਰੇ ਦਾ ਅਸਰ ਕੁਝ ਘੱਟ ਹੋਇਆ ਹੈ ਅਤੇ ਸਿਰਫ਼ ਸੀਮਤ ਥਾਵਾਂ 'ਤੇ ਹੀ ਧੁੰਦ ਦੇਖੀ ਗਈ ਹੈ। ਸਵੇਰ ਦੇ ਸਮੇਂ ਵਿਜ਼ੀਬਿਲਟੀ (ਦਿੱਖ) ਘੱਟ ਰਹਿਣ ਕਾਰਨ ਵਾਹਨ ਚਾਲਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ। 6 ਅਤੇ 7 ਫਰਵਰੀ ਨੂੰ ਆਸਮਾਨ ਵਿੱਚ ਅੰਸ਼ਕ ਤੌਰ 'ਤੇ ਬੱਦਲਵਾਈ ਅਤੇ ਦਰਮਿਆਨੀ ਤੋਂ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। 9 ਫਰਵਰੀ ਨੂੰ ਇੱਕ ਹੋਰ ਪੱਛਮੀ ਗੜਬੜੀ ਦੇ ਅੰਸ਼ਕ ਪ੍ਰਭਾਵ ਕਾਰਨ, 9 ਫਰਵਰੀ ਦੀ ਰਾਤ ਅਤੇ 10 ਫਰਵਰੀ ਨੂੰ ਸੂਬੇ ਵਿੱਚ ਅੰਸ਼ਕ ਤੌਰ 'ਤੇ ਬੱਦਲਵਾਈ ਰਹੇਗੀ ਅਤੇ ਕਿਤੇ-ਕਿਤੇ ਹਵਾਵਾਂ ਤੇ ਗਰਜ-ਚਮਕ ਦੇ ਨਾਲ ਬੂੰਦਾ-ਬਾਂਦੀ ਜਾਂ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਉੱਤਰ-ਪੱਛਮੀ ਹਵਾਵਾਂ ਚੱਲਣ ਕਾਰਨ ਰਾਤ ਦੇ ਤਾਪਮਾਨ ਵਿੱਚ ਗਿਰਾਵਟ ਆਉਣ ਦੀ ਸੰਭਾਵਨਾ ਹੈ।

# ਸਮੁੱਚੇ ਅਕਾਲੀ ਦਲ ਨੂੰ ਮੁੜ ਇਕੱਠਾ ਕਰਾਂਗਾ: ਮਜੀਠੀਆ

ਸ਼੍ਰੋਮਣੀ ਅਕਾਲੀ ਦਲ ਨੂੰ ਕੁਝ ਸਮੇਂ ਤੋਂ ਪੈਦਾ ਹੋਏ ਟਕਰਾਅ ਕਰਕੇ ਢਾਹ ਲੱਗੀ ਹੈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸਿਆਸੀ ਆਗੂ ਪਾਰਟੀ ਤੋਂ ਵੀ ਵੱਖ ਹੋ ਗਏ ਹਨ ਪਰ ਹੁਣ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਜੇਲ੍ਹ ਵਿੱਚੋਂ ਬਾਹਰ ਆਉਣ ਮਗਰੋਂ ਸਮੁੱਚੇ ਅਕਾਲੀ ਦਲ ਨੂੰ ਮੁੜ ਇਕੱਠਾ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਮਜੀਠੀਆ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ ਨਾਲ ਸਬੰਧਤ ਆਗੂਆਂ ਨੂੰ ਮੁੜ ਪਾਰਟੀ ਨਾਲ ਜੋੜਨਗੇ ਅਤੇ ਪਾਰਟੀ ਨੂੰ ਮਜ਼ਬੂਤ ਕਰਨਗੇ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 'ਆਪ' ਵਿਰੁੱਧ ਬੋਲਣ ਵਾਲਿਆਂ 'ਤੇ ਝੂਠੇ ਪੁਲੀਸ ਕੇਸ ਦਰਜ ਕਰਕੇ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਦਬਣ ਵਾਲੇ ਨਹੀਂ ਹਨ। 'ਆਪ' ਚਾਹੇ ਉਸ 'ਤੇ ਹੋਰ 5-7 ਕੇਸ ਦਰਜ ਕਰ ਲਵੇ, ਪਰ ਉਹ ਪੰਜਾਬ ਅਤੇ ਪੰਜਾਬੀਆਂ ਦੀ ਗੱਲ ਕਰਦੇ ਰਹਿਣਗੇ। ਉਨ੍ਹਾਂ ਦੀ ਹਮਾਇਤ ਵਿੱਚ ਆਵਾਜ਼ ਚੁੱਕਣ ਵਾਲੇ ਹੋਰਨਾਂ ਸਿਆਸੀ ਆਗੂਆਂ ਦਾ ਵੀ ਧੰਨਵਾਦ ਕੀਤਾ। ਇਸ ਦੌਰਾਨ ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨਾਲ ਸਬੰਧਤ ਆਗੂ ਵੀ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਰਹੇ ਹਨ। ਇਸ ਲਈ ਉਹ ਇਨਸਾਫ਼ਪਸੰਦ ਲੋਕਾਂ ਨੂੰ ਨਾਲ ਲੈ ਕੇ ਪੰਜਾਬ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨਗੇ।

# ਅਕਾਲੀ ਵਰਕਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ: ਸੁਖਬੀਰ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਮੁੱਚੀ ਕੋਰ ਕਮੇਟੀ ਅੱਜ ਦੁਪਹਿਰ ਵੇਲੇ ਚੰਡੀਗੜ੍ਹ ਦੇ ਸੈਕਟਰ ਨੌਂ ਸਥਿਤ ਡੀਜੀਪੀ ਪੰਜਾਬ ਦੇ ਦਫਤਰ ਪੁੱਜੀ। ਸ਼੍ਰੋਮਣੀ ਅਕਾਲੀ ਦਲ ਨੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਮੁਹਾਲੀ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਦੇ ਆਗੂਆਂ ਨੂੰ ਜਲਦ ਤੋਂ ਜਲਦ ਚੰਡੀਗੜ੍ਹ ਦੇ ਸੈਕਟਰ ਨੌਂ ਸਥਿਤ ਪੰਜਾਬ ਦੇ ਡੀਜੀਪੀ ਦਫਤਰ ਪਹੁੰਚਣ ਦੇ ਨਿਰਦੇਸ਼ ਦਿੱਤੇ ਹਨ। ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਡੀਜੀਪੀ ਪੰਜਾਬ ਦੇ ਦਫਤਰ ਦੇ ਬਾਹਰ ਧਰਨਾ ਲਗਾਉਣ ਦੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਕਰਕੇ ਇੱਕ ਪਾਸੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਮੁੱਚੀ ਕੋਰ ਕਮੇਟੀ ਡੀਜੀਪੀ ਪੰਜਾਬ ਨਾਲ ਮੁਲਾਕਾਤ ਕਰਨ ਲਈ ਡੀਜੀਪੀ ਦਫਤਰ ਪਹੁੰਚੀ ਹੋਈ ਹੈ ਤਾਂ ਦੂਜੇ ਪਾਸੇ ਯੂਥ ਅਕਾਲੀ ਦਲ ਦੇ ਤਿੰਨ ਜ਼ਿਲ੍ਹਿਆਂ ਦੇ ਆਗੂਆਂ ਨੂੰ ਡੀਜੀਪੀ ਪੰਜਾਬ ਦੇ ਦਫਤਰ ਵਿੱਚ ਪਹੁੰਚਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੌਰਾਨ 328 ਸਰੂਪਾਂ ਦੇ ਮਾਮਲੇ ਵਿੱਚ ਪੁਲੀਸ ਵਲੋਂ ਅਕਾਲੀ ਵਰਕਰਾਂ ਨੂੰ ਪ੍ਰੇਸ਼ਾਨ ਕਰਨ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੂਰੀ ਕੋਰ ਕਮੇਟੀ ਅੱਜ ਡੀਜੀਪੀ ਦਫਤਰ ਪਹੁੰਚੀ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਡੀਜੀਪੀ ਨੂੰ ਕਿਹਾ ਕਿ ਜੇਕਰ ਕੋਈ ਕਾਰਵਾਈ ਕਰਨੀ ਹੈ ਤਾਂ ਉਨ੍ਹਾਂ 'ਤੇ ਕੀਤੀ ਜਾਵੇ ਤੇ ਵਰਕਰਾਂ ਨੂੰ ਤੰਗ ਨਾ ਕੀਤਾ ਜਾਵੇ ਜਦ ਤਕ ਪੁਲੀਸ ਅਧਿਕਾਰੀ ਇਸ ਬਾਰੇ ਸਪਸ਼ਟ ਨਹੀਂ ਕਰਨਗੇ ਤਦ ਤਕ ਅਕਾਲੀ ਦਲ ਦੀ ਪੂਰੀ ਲੀਡਰਸ਼ਿਪ ਇੱਥੇ ਹੀ ਮੌਜੂਦ ਰਹੇਗੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਮੁੱਚੀ ਕੋਰ ਕਮੇਟੀ ਚੰਡੀਗੜ੍ਹ ਦੇ ਸੈਕਟਰ ਨੌਂ ਸਥਿਤ ਡੀਜੀਪੀ ਪੰਜਾਬ ਦੇ ਦਫਤਰ ਪੁੱਜੀ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੇ ਕੁਝ ਸਮੇਂ ਤੋਂ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਜੇਲ੍ਹ ਵਿੱਚ ਵੀ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਗਏ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਵਿੱਚ ਹੋਈ। ਇਸ ਦੌਰਾਨ ਫੈਸਲਾ ਹੋਇਆ ਕਿ ਅਕਾਲੀ ਦਲ ਨੂੰ ਇਕਜੁੱਟ ਕਰਨ ਲਈ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਮਜੀਠੀਆ ਰੁੱਸੇ ਆਗੂਆਂ ਨੂੰ ਮਨਾਉਣਗੇ। ਇਹ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ। ਇਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ ਸਣੇ ਹੋਰ ਕਈ ਪਾਰਟੀ ਤੇ ਸੀਨੀਅਰ ਆਗੂ ਸ਼ਾਮਲ ਹੋਏ। ਇਹ ਮੀਟਿੰਗ ਬਿਕਰਮ ਸਿੰਘ ਮਜੀਠੀਆ ਦੇ ਜੇਲ੍ਹ ਵਿੱਚੋਂ ਜ਼ਮਾਨਤ 'ਤੇ ਬਾਹਰ ਆਉਣ ਉਪਰੰਤ ਹੋਈ। ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੀ ਸਿਆਸਤ ਦੇ ਮੌਜੂਦਾ ਹਾਲਾਤ ਅਤੇ ਪਾਰਟੀ ਦੀ ਭਵਿੱਖ ਦੇ ਕੰਮਾਂ ਬਾਰੇ ਰਣਨੀਤੀ ਤਿਆਰ ਕੀਤੀ ਗਈ। ਦੱਸਣਾ ਬਣਦਾ ਹੈ ਕਿ ਬਿਕਰਮ ਸਿੰਘ ਮਜੀਠੀਆ 3 ਫਰਵਰੀ ਨੂੰ ਹੀ ਜੇਲ੍ਹ ਵਿਚੋਂ ਰਿਹਾਅ ਹੋਏ ਸਨ। ਸ੍ਰੀ ਮਜੀਠੀਆ ਨੇ ਕਿਹਾ ਸੀ ਕਿ ਉਹ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕਰਨਗੇ। ਇਸ ਕਰ ਕੇ ਅੱਜ ਵਾਲੀ ਮੀਟਿੰਗ ਅਹਿਮ ਹੈ।




## ਪਾਸਟਰ ਬਜਿੰਦਰ ਤੋਂ ਕੈਸ਼ ਮਿਲਣ ਦਾ ਮਾਮਲਾ : ਹਵਲਦਾਰ 'ਤੇ ਬਜਿੰਦਰ ਦੀ ਮਦਦ ਕਰਨ ਦੇ ਲੱਗੇ ਇਲਜ਼ਾਮ, ਪੁਲਿਸ ਨੇ ਕੀਤਾ ਕਾਬੂ



ਪਾਸਟਰ ਬਜਿੰਦਰ ਕੋਲੋਂ ਮਿਲੇ ਕੈਸ਼ ਦੇ ਮਾਮਲੇ ਵਿੱਚ ਪੁਲਿਸ ਨੇ ਐਕਸ਼ਨ ਲੈਂਦਿਆਂ ਇੱਕ ਜੇਲ੍ਹ ਕਾਂਸਟੇਬਲ ਨੂੰ ਗ੍ਰਿਫ਼ਤਾਰ ਕੀਤਾ ਹੈ। ਕਾਂਸਟੇਬਲ 'ਤੇ ਪਾਸਟਰ ਬਜਿੰਦਰ ਦੀ ਮਦਦ ਕਰਨ ਦੇ ਇਲਜ਼ਾਮ ਲੱਗੇ ਹਨ। ਪੁਲਿਸ ਵੱਲੋਂ ਜੇਲ੍ਹ ਕਾਂਸਟੇਬਲ ਨਿਰਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਮਾਨਸਾ ਲਿਆਂਦਾ ਗਿਆ ਹੈ। ਉਹ ਹੁਣ ਬਰਨਾਲਾ ਜੇਲ੍ਹ ਵਿੱਚ ਤਾਇਨਾਤ ਹੈ।

ਪਾਸਟਰ ਬਜਿੰਦਰ 'ਤੇ ਜ਼ਬਰ-ਜਨਾਹ ਅਤੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਹ ਮਾਨਸਾ ਜੇਲ੍ਹ ਵਿੱਚ ਬੰਦ ਹੈ।

ਜ਼ਿਕਰਯੋਗ ਹੈ ਕਿ 24 ਜੂਨ ਨੂੰ ਮਾਨਸਾ ਦੀ ਤਾਮ ਕੋਟ ਜੇਲ੍ਹ ਵਿੱਚ ਪਾਸਟਰ ਬਜਿੰਦਰ ਤੋਂ ਇੱਕ ਮੋਬਾਈਲ ਫ਼ੋਨ ਅਤੇ 2,500 ਰੁਪਏ ਨਕਦ ਬਰਾਮਦ ਕੀਤੇ ਗਏ ਸਨ। ਪੁਲਿਸ ਨੇ ਪਹਿਲਾਂ ਬਜਿੰਦਰ ਪਾਸਟਰ ਵਿਰੁੱਧ ਕੇਸ ਦਰਜ ਕੀਤਾ ਸੀ। ਹਾਲਾਂਕਿ, ਪੁਲਿਸ ਨੇ ਹੁਣ ਜੇਲ੍ਹ ਕਾਂਸਟੇਬਲ ਨਿਰਪਾਲ ਸਿੰਘ ਦੀ ਪਛਾਣ ਦੋਸ਼ੀ ਵਜੋਂ ਕੀਤੀ ਹੈ, ਜਿਸਨੇ ਇਸ ਮਾਮਲੇ ਵਿੱਚ ਪਾਦਰੀ ਦੀ ਸਹਾਇਤਾ ਕੀਤੀ ਸੀ, ਅਤੇ ਉਸਨੂੰ ਮਾਨਸਾ ਸਦਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

## ਐੱਸਜੀਪੀਸੀ ਪ੍ਰਧਾਨ ਧਾਮੀ ਵੱਲੋਂ ਨੇ ਮਜੀਠੀਆ ਨਾਲ ਮੁਲਾਕਾਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਪ੍ਰਧਾਨ ਬਿਕਰਮ ਮਜੀਠੀਆ ਅਤੇ ਵਿਧਾਇਕ ਗਨੀਵ ਕੌਰ ਮਜੀਠੀਆ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਲੰਘੇ ਦਿਨ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਉੱਤੇ ਪਹੁੰਚੇ ਸਨ। ਇਸ ਤੋਂ ਬਾਅਦ ਅੱਜ ਸਾਰਾ ਦਿਨ ਮਜੀਠੀਆ ਨੂੰ ਮਿਲਣ ਲਈ ਰਾਜਸੀ ਆਗੂ ਪਹੁੰਚਦੇ ਰਹੇ।

# 'ਇਹ ਗੱਦਾਰ ਨਹੀਂ ਤਾ ਹੋਰ ਕੀ ਏ', ਰਵਨੀਤ ਬਿੱਟੂ ਤੇ ਰਾਹੁਲ ਗਾਂਧੀ ਦੀ ਬਹਿਸ 'ਤੇ ਬੋਲੇ ਚੰਨੀ





ਰਾਹੁਲ ਗਾਂਧੀ ਤੇ ਰਵਨੀਤ ਬਿੱਟੂ 'ਚ ਹੋਈ ਬਹਿਸ ਮਗਰੋਂ ਸਿਆਸਤ ਭਖ ਗਈ ਹੈ। ਇਸ ਬਹਿਸ 'ਤੇ ਹੁਣ ਫ ਚਰਨਜੀਤ ਚੰਨੀ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਰਾਹੁਲ ਗਾਂਧੀ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਹ ਗੱਦਾਰ ਨਹੀਂ ਤਾਂ ਕੀ ਹੈ?

ਚੰਨੀ ਨੇ ਕਿਹਾ ਕਿ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ ਰਵਨੀਤ ਬਿੱਟੂ ਦੀ ਸਭ ਤੋਂ ਵੱਧ ਲੋੜ ਸੀ, ਜਿਹੜਾ ਲੋੜ ਵੇਲੇ ਪਾਰਟੀ ਛੱਡ ਕੇ ਚਲਾ ਗਿਆ, ਉਹ ਗੱਦਾਰ ਨਹੀਂ ਹੈ, ਤਾਂ ਕੀ ਹੈ? ਰਵਨੀਤ ਬਿੱਟੂ ਨੇ ਅਹਿਸਾਨਾਂ ਦੇ ਬਦਲੇ ਪਾਰਟੀ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਰਵਨੀਤ ਬਿੱਟੂ ਨੂੰ ਜੋ ਕਿਹਾ ਮੈਂ ਉਸ ਦਾ ਸਮਰਥਨ ਕਰਦਾ ਹਾਂ।

ਦੱਸ ਦੇਈਏ ਕਿ ਸੰਸਦ ਭਵਨ ਦੀਆਂ ਪੌੜੀਆਂ 'ਤੇ ਖੜ੍ਹੇ ਰਾਹੁਲ ਗਾਂਧੀ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਦੌਰਾਨ, ਰਵਨੀਤ ਸਿੰਘ ਬਿੱਟੂ ਉੱਥੋਂ ਲੰਘ ਰਹੇ ਸਨ। ਬਿੱਟੂ ਨੂੰ ਦੇਖ ਕੇ ਰਾਹੁਲ ਗਾਂਧੀ ਨੇ ਪ੍ਰਤੀਕਿਰਿਆ ਦਿੱਤੀ ਅਤੇ ਉਨ੍ਹਾਂ ਨੂੰ ਆਪਣਾ "ਗੱਦਾਰ ਦੋਸਤ" ਕਿਹਾ। ਉਨ੍ਹਾਂ ਕਿਹਾ, "ਮੇਰਾ ਗੱਦਾਰ ਦੋਸਤ। ਚਿੰਤਾ ਨਾ ਕਰੋ, ਵਾਪਸ ਆਊਗਾ।"

ਇਸ 'ਤੇ ਰਵਨੀਤ ਬਿੱਟੂ ਦਾ ਬਿਆਨ ਵੀ ਸਾਹਮਣੇ ਆਇਆ ਉਨ੍ਹਾਂ ਕਿਹਾ ਕਿ "ਬਾਕੀ ਸਾਂਸਦ ਸਨ ਕਿਸੇ ਨੇ ਕੁਝ ਨਹੀਂ ਕਿਹਾ। ਅਸੀਂ ਸਾਥੀ ਹਾਂ ਅਤੇ ਅਸੀਂ ਹਰ ਰੋਜ਼ ਮਿਲਦੇ ਹਾਂ, ਪਰ ਕਿਸੇ ਨੇ ਕੁਝ ਨਹੀਂ ਕਿਹਾ... ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਹਨ ਪਤਾ ਨਹੀਂ ਅੱਜ ਉਨ੍ਹਾਂ ਨੂੰ ਕੀ ਹੋਇਆ ਸੀ ਕੀ ਪਰਸਨਲ ਗੁੱਸਾ ਲੈ ਕੇ ਮਨ ਵਿਚ ਬੈਠੇ ਸਨ... ਇਹ ਬੋਲ ਕੇ ਉਨ੍ਹਾਂ ਨੇ ਹੱਥ ਅੱਗੇ ਕੀਤਾ ਤਾਂ ਮੈਂ ਕਿਹਾ ਕਿ ਤੁਸੀਂ ਮੇਰੀ ਛੱਡੋ ਤੁਸੀਂ ਕੀ ਹੋ? ਤੁਸੀਂ ਦੇਸ਼ ਦੇ ਸਭ ਤੋਂ ਵੱਡੇ ਗੱਦਾਰ ਅਤੇ ਸਿੱਖਾਂ ਦੇ ਕਾਤਲ ਹੋ।"

## ਮੋਹਾਲੀ SSP ਦਫ਼ਤਰ ਬਾਹਰ ਕਤਲ ਕਰਨ ਵਾਲੇ ਮੁਲਜ਼ਮਾਂ ਦੀ ਸਹਾਇਤਾ ਕਰਨ ਵਾਲੇ 2 ਗ੍ਰਿਫ਼ਤਾਰ

ਮੋਹਾਲੀ: ਮੋਹਾਲੀ ਦੇ SSP ਦਫ਼ਤਰ ਬਾਹਰ ਸੜਕ 'ਤੇ ਗੋਲੀਆਂ ਮਾਰ ਕੇ ਗੁਰਵਿੰਦਰ ਸਿੰਘ ਦੇ ਕਤਲ ਦੇ ਮਾਮਲੇ 'ਚ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਪੁਲਿਸ ਨੇ ਕਤਲ ਕਰਨ ਵਾਲੇ ਮੁਲਜ਼ਮਾਂ ਦੀ ਸਹਾਇਤਾ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਤੇਜ ਸਿੰਘ ਉਰਫ਼ ਬੰਟੀ ਵਾਸੀ ਪਿੰਡ ਟਹਿਣਾ ਜ਼ਿਲ੍ਹਾ ਫਰੀਦਕੋਟ ਅਤੇ ਮੰਗਤ ਸਿੰਘ ਉਰਫ਼ ਮੈਕਸ ਵਾਸੀ ਜਲਾਲਾਬਾਦ ਵਜੋਂ ਹੋਈ ਹੈ। ਇਸ ਦੌਰਾਨ ਪੁਲਿਸ ਵੱਲੋਂ ਦੋ ਸ਼ੂਟਰਾਂ ਤੋਂ ਇਲਾਵਾ ਵਿਦੇਸ਼ ਬੈਠੇ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਵਿੱਕੀ ਸਿੰਘ ਉਰਫ ਵਿੱਕੀ ਸੱਟੇਵਾਲਾ ਅਤੇ ਰਵੀ ਕੁਮਾਰ ਉਰਫ਼ ਰਵੀ ਫਰੀਦਕੋਟੀਆ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਇਸ ਦੇ ਨਾਲ ਕਾਨੂੰਨੀ ਤੌਰ 'ਤੇ ਨਾਮਜ਼ਦ ਕੀਤੇ ਵਿਕਅਤੀਆਂ ਦੀ ਗਿਣਤੀ ਕੁੱਲ 7 ਹੋ ਗਈ ਹੈ। ਪੁਲਿਸ ਮੁਤਾਬਕ ਗੁਰਵਿੰਦਰ ਸਿੰਘ 28 ਜਨਵਰੀ ਨੂੰ ਮੋਹਾਲੀ ਅਦਾਲਤ ਵਿਖੇ ਤਾਰੀਖ਼ ਭੁਗਤਣ ਲਈ ਆਇਆ ਸੀ। ਅਦਾਲਤੀ ਕਾਰਵਾਈ ਤੋਂ ਬਾਅਦ ਜਦੋਂ ਉਹ ਕੋਰਟ ਕੰਪਲੈਕਸ ਦੇ ਬਾਹਰ ਸੜਕ 'ਤੇ ਮੌਜੂਦ ਸੀ, ਤਾਂ ਅਣਪਛਾਤੇ ਹਮਲਾਵਰਾਂ ਵਲੋਂ ਉਸ 'ਤੇ ਤਾਬੜਤੋੜ ਗੋਲੀਆਂ ਚਲਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਇਸ ਵਾਰਦਾਤ ਮੌਕੇ ਗੁਰਵਿੰਦਰ ਸਿੰਘ ਦੀ ਪਤਨੀ ਵੀ ਨਾਲ ਸੀ, ਜੋ ਕਿ ਬਚ ਗਈ ਸੀ।

## ਸਿਮਰਨਜੀਤ ਸਿੰਘ ਮਾਨ ਨੇ ਵਿਆਹ ਸਮਾਗਮ ਦੌਰਾਨ ਚੌਰ ਸਾਹਿਬ ਤੇ ਛਤਰ ਝੁਲਾਉਣ ਦੇ ਮਾਮਲੇ 'ਤੇ ਮੰਗੀ ਮੁਆਫ਼ੀ



ਪੰਜਾਬ ਦੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਮਾਨ ਨੇ ਵਿਆਹ ਸਮਾਗਮ ਦੌਰਾਨ ਚੌਰ ਸਾਹਿਬ ਤੇ ਛਤਰ ਝੁਲਾਉਣ ਦੇ ਮਾਮਲੇ 'ਤੇ ਮੁਆਫੀ ਮੰਗੀ ਹੈ ਉਨ੍ਹਾਂ ਕਿਹਾ ਕਿ ਚੌਰ ਸਾਹਿਬ ਝੁਲਾਉਣ ਸਮੇਂ ਮੈਂ ਉੱਥੇ ਮੌਜੂਦ ਨਹੀਂ ਸੀ। ਵਿਆਹ ਸਮੇਂ ਬੱਚਿਆਂ ਤੇ ਪਰਿਵਾਰ ਤੋਂ ਬੱਜਰ ਗੁਸਤਾਖੀ ਹੋਈ ਹੈ। ਮੈਂ ਸ੍ਰੀ ਅਕਾਲ ਤਖਤ ਸਾਹਿਬ ਤੇ ਸਮੁੱਚੇ ਖਾਲਸਾ ਪੰਥ ਤੋਂ ਮੁਆਫੀ ਮੰਗਦਾ ਹਾਂ। ਮੈਨੂੰ ਤਾਂ ਸਿੱਖ ਰਹਿਤ ਮਰਿਆਦਾ ਦੀ ਪੂਰੀ ਜਾਣਕਾਰੀ ਹੈ। ਛੱਤਰ ਤੇ ਚੌਰ ਸਾਹਿਬ ਦੀ ਵੱਡੀ ਮਹਾਨਤਾ ਬਾਰੇ ਵੀ ਸਮਝ ਹੈ।

ਗੋਵਿੰਦ ਸਿੰਘ ਸੰਧੂ ਨੇ ਇਸ ਸਭ ਲਈ ਸਪੱਸ਼ਟੀਕਰਨ ਦਿੱਤਾ ਤੇ ਇਕ ਪੋਸਟ ਵੀ ਸਾਂਝੀ ਕੀਤੀ। ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਮੇਰੇ ਵਿਆਹ ਸਮਾਗਮ ਵਿਚ ਛਤਰ ਝੁਲਾਉਣ ਤੇ ਚੌਰ ਸਾਹਿਬ ਕਰਵਾਏ ਜਾਣ ਬਾਬਤ ਸੋਸ਼ਲ ਮੀਡੀਆ 'ਤੇ ਜਤਾਇਆ ਗਿਆ ਇਤਰਾਜ਼ ਮੇਰੇ ਧਿਆਨ ਵਿਚ ਆਇਆ ਹੈ ਕਿਉਂਕਿ ਇਹ ਇਤਰਾਜ਼ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉੱਚਤਾ ਤੇ ਸਿੱਖ ਭਾਵਨਾਵਾਂ ਨੂੰ ਲੈ ਕੇ ਜਤਾਇਆ ਗਿਆ ਇਸ ਲਈ ਇਸ 'ਤੇ ਆਪਣਾ ਪੱਖ ਸਪੱਸ਼ਟ ਕਰਨਾ ਮੈਂ ਇਕ ਨਿਮਾਣੇ ਸਿੱਖ ਵਜੋਂ ਆਪਣਾ ਫਰਜ਼ ਸਮਝਦਾ ਹਾਂ।

ਛਤਰ ਝੁਲਾਉਣਾ ਤੇ ਚੌਰ ਸਾਹਿਬ ਕਰਵਾਉਣਾ ਪੁਰਾਤਨ ਰਿਆਸਤੀ ਵਿਆਹ ਸਮਾਗਮਾਂ ਦੀ ਪ੍ਰੰਪਰਾ ਦਾ ਇਕ ਹਿੱਸਾ ਰਿਹਾ ਹੈ ਤੇ ਇਹ ਰਸਮਾਂ ਪੀੜ੍ਹੀ ਦਰ ਪੀੜ੍ਹੀ ਚੱਲਦੀਆਂ ਆਈਆਂ ਹਨ। ਸ਼ਾਹਜਾਦਪੁਰ ਰਿਆਸਤ ਦੇ ਘਰਾਣੇ ਦੇ ਵੰਸ਼ ਹੋਣ ਕਾਰਨ ਜੰਝ ਚੜ੍ਹਨ ਦੀ ਰਸਮ ਵੀ ਸ਼ਾਹਜਾਦਪੁਰ ਰਿਆਸਤ ਦੀ ਪ੍ਰੰਪਰਾ ਦੀ ਤਰਜ਼ 'ਤੇ ਹੀ ਸਤਿਕਾਰ ਵਜੋਂ ਨਿਭਾਉਣ ਦਾ ਯਤਨ ਕੀਤਾ ਗਿਆ ਸੀ। ਪਰ ਇਥੇ ਇਹ ਵੀ ਸੱਚ ਹੈ ਕਿ ਰਿਆਸਤਾਂ ਦੇ ਦੌਰ ਤੋਂ ਬਾਅਦ ਹੁਣ ਇਹ ਸਤਿਕਾਰ ਸਿਰਫ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰਾਖਵਾਂ ਹੈ ਤੇ ਸਿੱਖਾਂ ਦੇ ਚਵਰ ਛਤਰ ਤਖਤ ਦੇ ਮਾਲਿਕ ਸਿਰਫ ਧੰਨ-ਧੰਨ ਸ੍ਰੀ ਗੁਰੂ ਗ੍ਰੰਥਸਾਹਿਬ ਹੀ ਹਨ ਜਿਨ੍ਹਾਂ ਦੀ ਅਪਾਰ ਬਖਸ਼ਿਸ਼ ਸਦਕਾ ਹੀ ਅਸੀਂ ਖੁਸ਼ੀਆਂ ਮਾਣ ਰਹੇ ਹਾਂ ਤੇ ਜਿਨ੍ਹਾਂ ਦੀ ਸ਼ਾਨ ਬਰਾਬਰਤਾ ਕਰਨ ਦੀ ਹਿੰਮਤ ਬਾਰੇ ਕੋਈ ਮਨੁੱਖ ਸੋਚ ਵੀ ਨਹੀਂ ਸਕਦਾ।

# ਲੁਧਿਆਣਾ ਦੇ CP ਨੂੰ ਸੰਮਨ ਕਰਨ 'ਤੇ ਹਾਈਕੋਰਟ ਦੀ ਫਟਕਾਰ, ਜਲੰਧਰ ਅਦਾਲਤ ਦੇ ਹੁਕਮ 'ਤੇ ਲਗਾਇਆ ਸਟੇਅ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਡਿਫੈਂਸ ਗਵਾਹ ਵਜੋਂ ਸੰਮਨ ਕਰਨ ਦੇ ਮਾਮਲੇ ਵਿੱਚ ਸਖ਼ਤ ਰੁਖ ਅਪਣਾਉਂਦਿਆਂ, ਜਲੰਧਰ ਅਦਾਲਤ ਵੱਲੋਂ ਐਨਡੀਪੀਐਸ ਕੇਸ ਵਿੱਚ ਲੁਧਿਆਣਾ ਦੇ ਕਮਿਸ਼ਨਰ ਆਫ਼ ਪੁਲਿਸ ਸਵਪਨ ਸ਼ਰਮਾ ਨੂੰ ਸੰਮਨ ਕਰਨ ਦੇ ਹੁਕਮ 'ਤੇ ਸਟੇਅ ਲਗਾ ਦਿੱਤਾ ਹੈ। ਇਹ ਮਾਮਲਾ ਮਾਨਯੋਗ ਜਸਟਿਸ ਜਸਜੀਤ ਸਿੰਘ ਬੇਦੀ ਵੱਲੋਂ ਸੁਣਿਆ ਗਿਆ।

ਹਾਈ ਕੋਰਟ ਨੇ ਕਿਹਾ ਕਿ ਟਰਾਇਲ ਵਿੱਚ ਦੇਰੀ ਪੈਦਾ ਕਰਨ ਲਈ ਸੀਨੀਅਰ ਅਧਿਕਾਰੀਆਂ ਨੂੰ ਬੇਵਜ੍ਹਾ ਅਦਾਲਤਾਂ ਵਿੱਚ ਘਸੀਟਣਾ ਨਿਆਂਕ ਪ੍ਰਕਿਰਿਆ ਦੀ ਗਲਤ ਵਰਤੋਂ ਹੈ, ਜੋ ਕਿ ਖ਼ਾਸ ਕਰਕੇ ਸਮੇਂ-ਬੱਧ ਐਨਡੀਪੀਐਸ ਟਰਾਇਲਾਂ ਵਿੱਚ ਕਤਈ ਮਨਜ਼ੂਰ ਨਹੀਂ। ਸੁਣਵਾਈ ਦੌਰਾਨ ਬੈਂਚ ਨੇ ਖੁੱਲ੍ਹੀ ਅਦਾਲਤ ਵਿੱਚ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ "ਲੁਧਿਆਣਾ ਦੇ ਕਮਿਸ਼ਨਰ ਆਫ਼ ਪੁਲਿਸ ਨੂੰ ਅਦਾਲਤ ਵਿੱਚ ਬੁਲਾਉਣ ਦੀ ਆਖ਼ਰ ਲੋੜ ਕੀ ਹੈ? ਕੀ ਸਿਰਫ਼ CCTV ਰਿਕਾਰਡ ਹਾਸਲ ਕਰਨ ਲਈ?"

ਬੈਂਚ ਨੇ ਇਸ ਗੱਲ 'ਤੇ ਵੀ ਗੰਭੀਰ ਹੈਰਾਨੀ ਜਤਾਈ ਕਿ ਜਲੰਧਰ ਦੀ ਟਰਾਇਲ ਕੋਰਟ ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਹਾਜ਼ਰੀ ਲਈ ਜ਼ਮਾਨਤੀ ਵਾਰੰਟ ਤੱਕ ਜਾਰੀ ਕਰ ਦਿੱਤੇ ਗਏ। ਜਦੋਂ ਡਿਫੈਂਸ ਵੱਲੋਂ ਕੋਈ ਵਾਜ਼ਬ ਕਾਰਨ ਪੇਸ਼ ਨਾ ਕੀਤਾ ਜਾ ਸਕਿਆ, ਤਾਂ ਹਾਈਕੋਰਟ ਨੇ ਕਿਹਾ ਕਿ ਜੋ ਅਧਿਕਾਰੀ ਨਾ ਤਾਂ ਜਾਂਚ ਦਾ ਹਿੱਸਾ ਰਹੇ ਹਨ ਅਤੇ ਨਾ ਹੀ ਗਵਾਹਾਂ ਦੀ ਸੂਚੀ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਸਿਰਫ਼ ਪ੍ਰਸਿੱਧੀ ਹਾਸਲ ਕਰਨ ਜਾਂ ਟਰਾਇਲ ਲਟਕਾਉਣ ਲਈ ਸਮਨ ਨਹੀਂ ਕੀਤਾ ਜਾ ਸਕਦਾ।

ਹਾਈਕੋਰਟ ਨੇ ਇਹ ਵੀ ਦਰਸਾਇਆ ਕਿ CP ਲੁਧਿਆਣਾ ਵੱਲੋਂ ਕਾਨੂੰਨ-ਵਿਵਸਥਾ ਅਤੇ ਹੋਰ ਗੰਭੀਰ ਜ਼ਿੰਮੇਵਾਰੀਆਂ ਦੇ ਮੱਦੇਨਜ਼ਰ ਵੀਡੀਓ ਕਾਨਫਰੰਸਿੰਗ ਰਾਹੀਂ ਹਾਜ਼ਰੀ ਦੀ ਬੇਨਤੀ ਕੀਤੀ ਗਈ ਸੀ, ਜਿਸ 'ਤੇ ਜਲੰਧਰ ਅਦਾਲਤ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਸੀ। ਇਸ ਦੀ ਬਜਾਏ ਹਾਜ਼ਰੀ 'ਤੇ ਜ਼ੋਰ ਦੇਣਾ ਨਿਆਂਕ ਸੂਝ-ਬੂਝ ਦੇ ਅਨੁਕੂਲ ਨਹੀਂ ਹੈ।

ਹਾਈ ਕੋਰਟ ਨੇ ਸੰਮਨ ਦੇ ਹੁਕਮ ਤੋਂ ਬਾਅਦ ਹੋਈ ਮੀਡੀਆ ਕਵਰੇਜ 'ਤੇ ਵੀ ਟਿੱਪਣੀ ਕਰਦਿਆਂ ਕਿਹਾ ਕਿ ਅਧੂਰੀ ਜਾਣਕਾਰੀ ਅਤੇ ਅਟਕਲਾਂ 'ਤੇ ਆਧਾਰਿਤ ਰਿਪੋਰਟਿੰਗ ਰਾਹੀਂ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਛਵੀ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਮੀਡੀਆ ਦੀ ਪਾਰਦਰਸ਼ਤਾ ਅਤੇ ਸਮਾਜ ਭਰੋਸੇ ਲਈ ਘਾਤਕ ਹੈ।

ਦੱਸ ਦੇਈਏ ਕਿ ਮੌਜੂਦਾ ਐਨਡੀਪੀਐਸ ਕੇਸ ਇੱਕ ਸਫ਼ਲ ਅਤੇ ਸੁਚੱਜੀ ਐਂਟੀ-ਡਰੱਗ ਕਾਰਵਾਈ ਨਾਲ ਸਬੰਧਿਤ ਹੈ। ਮਾਰਚ 2024 ਵਿੱਚ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਦੋ ਮਹੀਨੇ ਲੰਬੀ ਕਾਰਵਾਈ ਤੋਂ ਬਾਅਦ ਇੱਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਸੀ। ਇਸ ਦੌਰਾਨ 9 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ, 22 ਕਿਲੋਗ੍ਰਾਮ ਅਫ਼ੀਮ ਬਰਾਮਦ ਹੋਈ ਅਤੇ ਨਸ਼ੇ ਦੀ ਕਮਾਈ ਨਾਲ ਜੁੜੇ ਲਗਭਗ 9 ਕਰੋੜ ਦੇ ਲੈਣ-ਦੇਣ ਵਾਲੇ 30 ਬੈਂਕ ਖਾਤੇ ਜਮ੍ਹਾਂ ਕੀਤੇ ਗਏ।

ਇਸ ਕਾਰਵਾਈ ਦੌਰਾਨ ਝਾਰਖੰਡ ਤੋਂ ਅਫ਼ੀਮ ਉਗਾਉਣ ਵਾਲੇ ਅਭੀ ਰਾਮ ਦੀ ਗ੍ਰਿਫ਼ਤਾਰੀ ਹੋਈ, ਜਦਕਿ ਕੂਰਿਅਰ ਨੈੱਟਵਰਕ, ਹਵਾਲਾ ਓਪਰੇਟਰਾਂ ਅਤੇ ਵਿਚੋਲਿਆਂ ਦੀ ਭੂਮਿਕਾ ਵੀ ਸਾਹਮਣੇ ਆਈ। ਜਾਂਚ ਦੌਰਾਨ ਛੇ ਕਸਟਮਜ਼ ਅਧਿਕਾਰੀਆਂ ਨਾਲ ਜੁੜੇ ਗੰਭੀਰ ਤੱਥ ਵੀ ਬੇਨਕਾਬ ਹੋਏ, ਜਿਸ ਵਿੱਚ ਦਿੱਲੀ ਤੋਂ ਚਾਰ ਕਸਟਮਜ਼ ਕਰਮਚਾਰੀਆਂ ਦੀ ਗ੍ਰਿਫ਼ਤਾਰੀ ਸ਼ਾਮਲ ਹੈ।

ਹਾਈ ਕੋਰਟ ਨੇ ਕਿਹਾ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਬਰਾਮਦਗੀਆਂ ਅਤੇ ਪੂਰੀ ਸਪਲਾਈ ਚੇਨ ਦੇ ਭੰਗ ਹੋਣ ਤੋਂ ਸਪਸ਼ਟ ਹੈ ਕਿ ਐਸੇ ਮਾਮਲੇ ਵਿੱਚ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸਮਨ ਕਰਨ ਦਾ ਕੋਈ ਤਰਕਸੰਗਤ ਆਧਾਰ ਨਹੀਂ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ, ਹਾਈ ਕੋਰਟ ਨੇ ਜਲੰਧਰ ਅਦਾਲਤ ਦੇ ਸੰਮਨ ਦੇ ਹੁਕਮ 'ਤੇ ਸਟੇਅ ਲਗਾਉਂਦਿਆਂ CP ਲੁਧਿਆਣਾ ਨੂੰ ਤੁਰੰਤ ਰਾਹਤ ਦਿੱਤੀ ਅਤੇ ਇਹ ਸਪਸ਼ਟ ਸੁਨੇਹਾ ਦਿੱਤਾ ਕਿ ਨਿਆਂਕ ਪ੍ਰਕਿਰਿਆ ਨੂੰ ਨਾ ਤਾਂ ਸੀਨੀਅਰ ਅਧਿਕਾਰੀਆਂ ਨੂੰ ਪਰੇਸ਼ਾਨ ਕਰਨ ਲਈ ਵਰਤਿਆ ਜਾ ਸਕਦਾ ਹੈ ਅਤੇ ਨਾ ਹੀ ਪ੍ਰਭਾਵਸ਼ਾਲੀ ਐਂਟੀ-ਡਰੱਗ ਕਾਰਵਾਈਆਂ ਨੂੰ ਕਮਜ਼ੋਰ ਕਰਨ ਲਈ।

## ਖੇਤ 'ਚ ਬਣੀ ਡਿੱਗੀ 'ਚ ਡੁੱਬਣ ਕਾਰਨ ਕਿਸਾਨ ਤੇ ਦੋ ਪੁੱਤਰਾਂ ਦੀ ਮੌਤ

ਹਨੂੰਮਾਨਗੜ੍ਹ ਜ਼ਿਲ੍ਹੇ ਦੇ ਥਾਣਾ ਸੰਗਰੀਆ ਤੋਂ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਖਬਰ ਸਾਹਮਣੇ ਆਈ ਹੈ। ਇਥੇ ਪਿੰਡ ਰਸੂਵਾਲਾ ਦੇ ਖੇਤ ਵਿੱਚ ਪਾਣੀ ਵਾਲੀ ਡਿੱਗੀ 'ਚ ਡੁੱਬਣ ਕਾਰਨ ਇਕ ਕਿਸਾਨ ਅਤੇ ਉਸ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗੁਰਦੀਪ ਸਿੰਘ (40), ਲਖਵਿੰਦਰ ਸਿੰਘ (22) ਅਤੇ ਰਾਜਵਿੰਦਰ ਸਿੰਘ (16) ਵਜੋਂ ਹੋਈ ਹੈ। ਤਿੰਨੋਂ ਪਿਓ-ਪੁੱਤਰ ਆਪਣੇ ਖੇਤ ਵਿੱਚ ਫ਼ਸਲ ਨੂੰ ਸਪਰੇਅ ਕਰਨ ਗਏ ਸਨ।

ਜਦੋਂ ਰਾਜਵਿੰਦਰ ਗੁਆਂਢੀ ਦੇ ਖੇਤ ਵਿੱਚ ਡਿੱਗੀ 'ਚੋਂ ਪਾਣੀ ਲਿਆਉਣ ਲਈ ਗਿਆ ਤਾਂ ਪਾਣੀ ਭਰਦੇ ਸਮੇਂ ਤਿਲਕਣ ਕਾਰਨ ਉਹ ਡਿੱਗੀ ਵਿੱਚ ਡਿੱਗ ਗਿਆ। ਚੀਕਾਂ ਸੁਣ ਕੇ ਲਖਵਿੰਦਰ ਉਸ ਨੂੰ ਬਚਾਉਣ ਲਈ ਭੱਜਿਆ ਪਰ ਆਪਣਾ ਸੰਤੁਲਨ ਵੀ ਗੁਆ ਬੈਠਾ ਅਤੇ ਡਿੱਗੀ 'ਚ ਡਿੱਗ ਗਿਆ। ਫਿਰ ਗੁਰਦੀਪ ਨੇ ਆਪਣੇ ਪੁੱਤਰਾਂ ਨੂੰ ਡੁੱਬਦੇ ਵੇਖਿਆ ਤੇ ਬਚਾਉਣ ਲਈ ਡਿੱਗੀ 'ਚ ਛਾਲ ਮਾਰੀ ਪਰ ਤਿੰਨਾਂ ਵਿੱਚੋਂ ਕੋਈ ਵੀ ਬਾਹਰ ਨਹੀਂ ਆ ਸਕਿਆ।

ਜਦੋਂ ਤਿੰਨੋਂ ਘਰ ਵਾਪਸ ਨਾ ਆਏ ਤਾਂ ਪਰਿਵਾਰਕ ਮੈਂਬਰਾਂ ਉਨ੍ਹਾਂ ਦੀ ਭਾਲ ਕਰਦੇ ਹੋਏ ਖੇਤ ਪਹੁੰਦੇ ਉਥੇ ਡਿੱਗੀ ਨੇੜਿਓਂ ਟੋਪੀ, ਬੈਲਟ, ਕੱਪੜੇ ਅਤੇ ਜੁੱਤੀਆਂ ਦੇਖ ਕੇ ਸ਼ੱਕ ਹੋਇਆ। ਫਿਰ ਜਦੋਂ ਵੇਖਿਆ ਤਾਂ ਡਿੱਗੀ ਵਿਚ ਤਿੰਨਾਂ ਪਿਓ ਪੁੱਤਰਾਂ ਦੀਆਂ ਲਾਸ਼ਾਂ ਪਈਆਂ ਸਨ। ਲਾਸ਼ਾਂ ਨੂੰ ਰੱਸਿਆਂ ਦੀ ਮਦਦ ਨਾਲ ਬਾਹਰ ਕੱਢਿਆ ਗਿਆ ਅਤੇ ਪੋਸਟਮਾਰਟਮ ਮਗਰੋਂ ਲਾਸ਼ਾਂ ਪਰਿਵਾਰ ਨੂੰ ਸੌਂਪ ਦਿੱਤੀਆਂ ਗਈਆਂ। ਪਰਿਵਾਰ ਵਿੱਚ ਹੁਣ ਗੁਰਦੀਪ ਸਿੰਘ ਦੀ ਪਤਨੀ ਅਤੇ ਧੀ ਰਹਿ ਗਈਆਂ ਹਨ। ਗੁਰਦੀਪ ਸਿੰਘ ਖੇਤੀ ਕਰਦਾ ਸੀ, ਲਖਵਿੰਦਰ ਬੀਐੱਸਟੀਸੀ ਦਾ ਵਿਦਿਆਰਥੀ ਸੀ ਅਤੇ ਰਾਜਵਿੰਦਰ 10ਵੀਂ ਜਮਾਤ ਵਿੱਚ ਪੜ੍ਹਦਾ ਸੀ।

# 'ਪਤਾ ਨਹੀਂ ਕਿਹੜਾ ਪਰਸਨਲ ਗੁੱਸਾ ਲੈ ਕੇ ਬੈਠੇ...', ਰਾਹੁਲ ਗਾਂਧੀ ਵਲੋਂ ਗੱਦਾਰ ਕਹਿਣ 'ਤੇ ਬੋਲੇ ਰਵਨੀਤ ਬਿੱਟੂ



ਲੋਕ ਸਭਾ ਵਿੱਚ ਚੱਲ ਰਹੇ ਹੰਗਾਮੇ ਦੌਰਾਨ ਬੁੱਧਵਾਰ ਨੂੰ ਸੰਸਦ ਕੰਪਲੈਕਸ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵਿਚਕਾਰ ਤਿੱਖੀ ਬਹਿਸ ਹੋਈ। ਦੋਵਾਂ ਆਗੂਆਂ ਨੇ ਟਿੱਪਣੀਆਂ ਕੀਤੀਆਂ। ਜਿੱਥੇ ਰਾਹੁਲ ਗਾਂਧੀ ਨੇ ਬਿੱਟੂ ਨੂੰ "ਗੱਦਾਰ ਦੋਸਤ" ਕਿਹਾ, ਉੱਥੇ ਭਾਜਪਾ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ "ਦੇਸ਼ ਦਾ ਦੁਸ਼ਮਣ" ਕਹਿੰਦੇ ਨਜਰ ਆਏ।

ਬਾਅਦ ਵਿੱਚ ਇਸ ਪੂਰੇ ਕਾਂਡ 'ਤੇ ਬੋਲਦੇ ਹੋਏ, ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ, "ਸਪੀਕਰ ਸਦਨ ਦਾ ਕਸਟੋਡੀਅਨ ਹੈ। ਉਹ ਮਾਲਕ ਹੈ, ਹੋਰ ਕਿੱਥੇ ਜਾਵੇਗਾ? ਜੇ ਇਹ ਚੀਜਾਂ ਹੋਣਗੀਆਂ ਅਤੇ ਉਨ੍ਹਾਂ ਦੀ ਚੰਗੀ ਫਿਟਨੈੱਸ ਹੈ, ਹੱਥ ਸਾਡਾ ਵੀ ਭਾਰਾ ਹੀ ਹੁੰਦਾ ਹੈ, ਹਲਕਾ ਨਹੀਂ ਹੁੰਦਾ, ਪਰ ਇਹ ਸਾਡਾ ਸਿਆਸਤ ਵਿਚ ਕੰਮ ਨਹੀਂ ਹੈ। ਸਾਨੂੰ ਜੋ ਵੀ ਗੱਲ ਕਰਨੀ ਹੈ, ਉਹ ਲਹਿਜੇ ਅਤੇ ਲਿਹਾਜ ਨਾਲ ਕਰਨੀ ਹੈ, ਸਹੀ ਤਰੀਕੇ ਨਾਲ ਕਰਨੀ ਹੈ। ਸੰਸਦੀ ਭਾਸ਼ਾ ਵਿਚ ਗੱਲ ਕਰਨੀ ਚਾਹੀਦ ਹੈ। ਇਹ ਲੋਕ ਅੱਜ ਤਾਕਤ ਦੇ ਬਗੈਰ ਮਤਲਬ ਗੁੰਡਾਗਰਦੀ ਤੱਕ ਉਤਰ ਆਏ ਹਨ। ਇਨ੍ਹਾਂ ਨੂੰ ਜਨਤਾ ਦੇਖੇਗੀ ਕਿ ਇਨ੍ਹਾਂ ਦੇ ਨਾਲ ਕੀ ਕਰਨਾ ਹੈ। ਇਹ ਕਰਦੇ ਕੀ ਹਨ, ਇਨ੍ਹਾਂ ਦੀ ਸੋਚ ਕੀ ਹੈ, ਅੱਜ ਸਾਹਮਣੇ ਆ ਗਈ।' ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ "ਉਹ ਸੋਚਦੇ ਹਨ ਕਿ ਅਸੀਂ ਸਭ ਤੋਂ ਵੱਡੇ ਦੇਸ਼ ਭਗਤ ਹਾਂ। ਮੇਰੇ ਪਿਤਾ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ... ਮੇਰੀ ਪਾਰਟੀ ਦੇ ਅੰਦਰ ਲੜਾਈ ਇਹ ਸੀ ਕਿ ਸਾਡੇ ਗੁਰਦੁਆਰੇ, ਹਰਿਮੰਦਰ ਸਾਹਿਬ, ਨੂੰ ਅੱਗ ਲਗਾਈ ਗਈ ਸੀ। ਉਨ੍ਹਾਂ ਨੇ ਹਜ਼ਾਰਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਅਤੇ ਮਾਰ ਦਿੱਤਾ। ਜੇ ਸ਼ਹੀਦਾਂ ਵਿੱਚ ਰਾਜੀਵ ਗਾਂਧੀ ਦਾ ਨਾਮ ਆਉਂਦਾ ਹੈ, ਤਾਂ ਸਰਦਾਰ ਬੇਅੰਤ ਸਿੰਘ ਵੀ ਜ਼ਿਕਰ ਕਹਿਣਾ ਪਵੇਗਾ। ਮੈਂ ਉਸ ਪਰਿਵਾਰ ਤੋਂ ਹਾਂ ਇਹ ਤਕਲੀਫਹੈ। ਜੇ ਕਿਸੇ ਸ਼ਹੀਦ ਦਾ ਪੋਤਾ ਤੁਹਾਡੇ ਨਾਲ ਹੁੰਦਾ, ਤਾਂ ਇਹ ਠੀਕ ਹੁੰਦਾ, ਪਰ ਜੇ ਮੈਂ ਭਾਜਪਾ ਵਿੱਚ ਹਾਂ, ਤਾਂ ਤੁਹਾਨੂੰ ਸਮੱਸਿਆ ਹੈ... ਜਦੋਂ ਉਨ੍ਹਾਂ ਨੇ ਇਹ ਕਿਹਾ ਅਤੇ ਹੱਥ ਮਿਲਾਉਣ ਲਈ ਅੱਗੇ ਵਧਾਇਆ, ਤਾਂ ਮੈਂ ਕਿਹਾ, 'ਤੁਸੀਂ ਦੇਸ਼ ਦੇ ਗੱਦਾਰ ਹੋ ਜੋ ਹਰ ਰੋਜ਼ ਫੌਜ ਵਿਰੁੱਧ ਬੋਲਦੇ ਹੋ... ਮੈਂ ਗਾਂਧੀ ਪਰਿਵਾਰ ਦੇ ਵਾਰਸ ਨਾਲ ਹੱਥ ਨਹੀਂ ਮਿਲਾਵਾਂਗਾ।'"

ਰਵਨੀਤ ਸਿੰਘ ਬਿੱਟੂ ਨੇ ਕਿਹਾ, "ਉਨ੍ਹਾਂ ਨੇ ਹਮੇਸ਼ਾ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਉਸੇ ਤਰੀਕੇ ਨਾਲ ਅੱਜ ਉਹ ਸ਼ਬਦ ਬੋਲੇ। ਬਾਕੀ ਸਾਂਸਦ ਸਨ ਕਿਸੇ ਨੇ ਕੁਝ ਨਹੀਂ ਕਿਹਾ। ਅਸੀਂ ਸਾਥੀ ਹਾਂ ਅਤੇ ਅਸੀਂ ਹਰ ਰੋਜ਼ ਮਿਲਦੇ ਹਾਂ, ਪਰ ਕਿਸੇ ਨੇ ਕੁਝ ਨਹੀਂ ਕਿਹਾ... ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਹਨ ਪਤਾ ਨਹੀਂ ਅੱਜ ਉਨ੍ਹਾਂ ਨੂੰ ਕੀ ਹੋਇਆ ਸੀ ਕੀ ਪਰਸਨਲ ਗੁੱਸਾ ਲੈ ਕੇ ਮਨ ਵਿਚ ਬੈਠੇ ਸਨ... ਇਹ ਬੋਲ ਕੇ ਉਨ੍ਹਾਂ ਨੇ ਹੱਥ ਅੱਗੇ ਕੀਤਾ ਤਾਂ ਮੈਂ ਕਿਹਾ ਕਿ ਤੁਸੀਂ ਮੇਰੀ ਛੱਡੋ ਤੁਸੀਂ ਕੀ ਹੋ? ਤੁਸੀਂ ਦੇਸ਼ ਦੇ ਸਭ ਤੋਂ ਵੱਡੇ ਗੱਦਾਰ ਅਤੇ ਸਿੱਖਾਂ ਦੇ ਕਾਤਲ ਹੋ।" ਸੰਸਦ ਭਵਨ ਦੀਆਂ ਪੌੜੀਆਂ 'ਤੇ ਖੜ੍ਹੇ ਰਾਹੁਲ ਗਾਂਧੀ ਮੁਅੱਤਲ ਕੀਤੇ ਗਏ ਸੰਸਦ ਮੈਂਬਰਾਂ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਦੌਰਾਨ, ਰਵਨੀਤ ਸਿੰਘ ਬਿੱਟੂ ਉੱਥੋਂ ਲੰਘ ਰਹੇ ਸਨ। ਬਿੱਟੂ ਨੂੰ ਦੇਖ ਕੇ ਰਾਹੁਲ ਗਾਂਧੀ ਨੇ ਪ੍ਰਤੀਕਿਰਿਆ ਦਿੱਤੀ ਅਤੇ ਉਨ੍ਹਾਂ ਨੂੰ ਆਪਣਾ "ਗੱਦਾਰ ਦੋਸਤ" ਕਿਹਾ। ਉਨ੍ਹਾਂ ਕਿਹਾ, "ਮੇਰਾ ਗੱਦਾਰ ਦੋਸਤ। ਚਿੰਤਾ ਨਾ ਕਰੋ, ਵਾਪਸ ਆਊਗਾ।"

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
NUTRA SELECT AJWA DATE FRESH SEED POWDER
100% NATURAL PRODUCT
PRODUCT OF CANADA
ਇਨ੍ਹਾਂ ਸਟੋਰਾਂ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟ੍ਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟ੍ਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਜ਼ਿੰਦਗੀ ਦੇ ਅਸਲ ਹੀਰੋ !

1951 ਵਿੱਚ, ਆਸਟਰੇਲੀਆ ਦਾ ਇੱਕ 14 ਸਾਲਾਂ ਮੁੰਡਾ ਜੇਮਜ਼ ਹੈਰੀਸਨ ਹਸਪਤਾਲ ਦੇ ਬੈੱਡ ਤੇ ਜਾਗਿਆ ਤਾਂ ਉਸ ਦੀ ਛਾਤੀ ਉੱਤੇ 100 ਟਾਂਕੇ ਲੱਗੇ ਹੋਏ ਸਨ, ਡਾਕਟਰਾਂ ਨੇ ਉਸ ਦਾ ਇੱਕ ਫੇਫੜਾ ਕੱਢ ਦਿੱਤਾ ਸੀ। ਜਿਉਣ ਲਈ ਉਸ ਨੂੰ ਪੂਰੀ ਤਰ੍ਹਾਂ ਅਣਜਾਣ ਲੋਕਾਂ, ਜਿਨ੍ਹਾਂ ਦੇ ਨਾਂ ਉਹ ਕਦੇ ਨਹੀਂ ਜਾਣ ਸਕਦਾ ਸੀ, ਤੋਂ 13 ਯੂਨਿਟ ਖ਼ੂਨ ਦੀ ਲੋੜ ਪਈ।

ਉਹਦੇ ਨੇੜ੍ਹੇ ਬੈਠੇ ਪਿਓ ਰੈਗ ਨੇ ਇੱਕ ਅਜਿਹੀ ਗੱਲ ਕਹੀ ਜਿਸ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ: "ਪੁੱਤ ਤੂੰ ਸਿਰਫ਼ ਇਸ ਲਈ ਜਿਉਂਦਾ ਹੈਂ ਕਿਉਂਕਿ ਲੋਕਾਂ ਨੇ ਖ਼ੂਨ ਦਾਨ ਕੀਤਾ ਸੀ।"

ਉਸੇ ਵੇਲੇ ਜੇਮਜ਼ ਨੇ ਇੱਕ ਵਾਅਦਾ ਕੀਤਾ। ਜਿਵੇਂ ਹੀ ਉਹ 18 ਸਾਲਾਂ ਦਾ ਹੋਵੇਗਾ, ਉਹ ਖ਼ੂਨ ਦਾਨ ਕਰੇਗਾ,ਉਹ ਉਸ ਤੋਹਫ਼ੇ ਨੂੰ ਵਾਪਸ ਕਰੇਗਾ ਜਿਸ ਨੇ ਉਸ ਨੂੰ ਬਚਾਇਆ ਸੀ।



ਬੱਸ ਇੱਕ ਸਮੱਸਿਆ ਸੀ, ਜੇਮਜ਼ ਨੂੰ ਸੂਈਆਂ ਤੋਂ ਬਹੁਤ ਡਰ ਲੱਗਦਾ ਸੀ। ਪਰ 1954 ਵਿੱਚ, ਜਿਸ ਦਿਨ ਖ਼ੂਨ ਦਾਨ ਕਰਨ ਜੋਗਾ ਹੋਇਆ, ਉਹ ਖ਼ੂਨ ਦਾਨ ਕੇਂਦਰ ਵਿੱਚ ਚਲਾ ਗਿਆ। ਕੁਰਸੀ ਤੇ ਬੈਠ ਗਿਆ, ਛੱਤ ਵੱਲ ਵੇਖਿਆ ਅਤੇ ਨਰਸ ਨੂੰ ਸੂਈ ਲੱਗਣ ਦਿੱਤੀ। ਉਸ ਨੇ ਸੂਈ ਨੂੰ ਕਦੇ ਵੀ ਨਹੀਂ ਵੇਖਿਆ, ਇੱਕ ਵਾਰ ਵੀ ਨਹੀਂ, 64 ਸਾਲਾਂ ਵਿੱਚ ਨਹੀਂ।

ਜੇਮਜ਼ ਨੂੰ ਪਤਾ ਨਹੀਂ ਸੀ ਕਿ ਉਸ ਦਾ ਖ਼ੂਨ ਵੱਖਰਾ ਸੀ, ਕੁਝ ਦਾਨਾਂ ਤੋਂ ਬਾਅਦ ਡਾਕਟਰਾਂ ਨੇ ਕੁਝ ਅਸਾਧਾਰਣ ਖੋਜਿਆ। ਉਸ ਦੇ ਪਲਾਜ਼ਮਾ ਵਿੱਚ ਇੱਕ ਬਹੁਤ ਹੀ ਦੁਰਲੱਭ ਐਂਟੀਬਾਡੀ ਸੀ ਜੋ ਸ਼ਾਇਦ ਬਚਪਨ ਵਿੱਚ ਮਿਲੇ ਉਨ੍ਹਾਂ ਸਾਰੇ ਟਰਾਂਸਫਿਊਜ਼ਨ ਕਾਰਨ ਵਿਕਸਤ ਹੋਈ। ਇਹ ਐਂਟੀਬਾਡੀ ਰੇਸਸ ਬਿਮਾਰੀ (Rhesus disease) ਨਾਂ ਦੀ ਖ਼ਤਰਨਾਕ ਸਥਿਤੀ ਨੂੰ ਰੋਕ ਸਕਦੀ ਸੀ। ਇਸ ਖੋਜ ਤੋਂ ਪਹਿਲਾਂ ਹਰ ਸਾਲ ਹਜ਼ਾਰਾਂ ਆਸਟਰੇਲੀਆਈ ਬੱਚੇ ਮਰ ਜਾਂਦੇ ਸਨ, ਜਦੋਂ Rh-ਨੈਗੇਟਿਵ ਖ਼ੂਨ ਵਾਲੀ ਗਰਭਵਤੀ ਔਰਤ Rh-ਪਾਜ਼ੀਟਿਵ ਬੱਚੇ ਨੂੰ ਜਨਮ ਦਿੰਦੀ ਸੀ ਤਾਂ ਉਸ ਦਾ ਸਰੀਰ ਬੱਚੇ ਦੇ ਖ਼ੂਨ ਦੀਆਂ ਕੋਸ਼ਿਕਾਵਾਂ ਤੇ ਹਮਲਾ ਕਰਦਾ ਸੀ, ਨਤੀਜ਼ਾ ; ਗਰਭਪਾਤ,ਮ੍ਰਿਤ ਜਨਨ, ਦਿਮਾਗੀ ਨੁਕਸਾਨ।

ਇਹਨਾ ਬਿਮਾਰੀਆ ਦਾ ਜੁਆਬ ਸੀ ਜੇਮਜ਼ ਦਾ ਖ਼ੂਨ !

ਡਾਕਟਰਾਂ ਨੇ ਪੁੱਛਿਆ ਕਿ ਕੀ ਉਹ ਪਲਾਜ਼ਮਾ ਦਾਨ ਤੇ ਸਵਿੱਚ ਕਰਨਾ ਚਾਹੁੰਦਾ ਹੈ। ਇਸ ਵਿੱਚ ਲੰਬੇ ਸੈਸ਼ਨ—20 ਮਿੰਟ ਦੀ ਬਜਾਏ 90 ਮਿੰਟ ਲੱਗਦੇ ਨੇ , ਜ਼ਿੰਦਗੀ ਭਰ ਹਰ ਕੁਝ ਹਫ਼ਤਿਆਂ ਬਾਅਦ ਆਉਣਾ ਪੈਂਦਾ, ਜੇਮਜ਼ ਨੇ ਆਪਣੇ ਡਰ ਬਾਰੇ ਸੋਚਿਆ, ਫਿਰ ਬੱਚਿਆਂ ਬਾਰੇ ਸੋਚਿਆ।

ਉਸ ਨੇ ਹਾਂ ਕਹਿ ਦਿੱਤੀ, 64 ਸਾਲਾਂ ਤੱਕ ਜੇਮਜ਼ ਹੈਰੀਸਨ ਨੇ ਇੱਕ ਵੀ ਖ਼ੂਨਦਾਨ ਕਾਲ ਮਿਸ ਨਹੀਂ ਕੀਤੀ, ਉਸ ਨੇ ਖੁਸ਼ੀ ਅਤੇ ਦੁੱਖ ਵਿੱਚ ਦਾਨ ਕੀਤਾ।

ਰੇਲਵੇ ਕਲਰਕ ਵਜੋਂ ਕੰਮ ਕਰਦੇ ਹੋਏ ਦਾਨ ਕੀਤਾ, ਰਿਟਾਇਰ ਹੋਣ ਤੋਂ ਬਾਅਦ ਵੀ। 2005 ਵਿੱਚ ਆਪਣੀ ਪਤਨੀ ਬਾਰਬਰਾ ਦੇ ਜਾਣ ਤੋਂ ਬਾਅਦ ਵੀ—ਜਿਸ ਨੂੰ ਉਸ ਨੇ ਆਪਣੇ "ਸਭ ਤੋਂ ਕਾਲੇ ਦਿਨ" ਕਿਹਾ। ਹਰ ਵਾਰ—ਕੁੱਲ 1,173 ਦਾਨ ! ਉਹ ਛੱਤ ਵੱਲ ਵੇਖਦਾ ਰਿਹਾ, ਨਰਸਾਂ ਨਾਲ ਗੱਲਾਂ ਕਰਦਾ,ਕੰਧਾਂ ਨੂੰ ਵੇਖਦਾ, ਸੂਈ ਵੱਲ ਨਾ ਵੇਖਣ ਲਈ ਕੁਝ ਵੀ,ਪਰ ਉਹ ਹਰ ਵਾਰ ਪਹੁੰਚ ਜਾਂਦਾ ਸੀ।

ਇੱਕ ਸੁੰਦਰ ਮੋੜ ਵਿੱਚ, ਉਸ ਦੀ ਆਪਣੀ ਧੀ ਨੂੰ ਵੀ ਉਸ ਦੇ ਖ਼ੂਨ ਤੋਂ ਬਣਾਈ ਗਈ ਦਵਾਈ ਦੀ ਲੋੜ ਪਈ ਜਦੋਂ ਉਹ ਗਰਭਵਤੀ ਹੋਈ, ਉਸ ਦਾ ਪੋਤਾ ਸਕਾਟ ਇਸੇ ਕਰਕੇ ਹੈ ਕਿਉਂਕਿ ਉਸ ਦੇ ਦਾਦੇ ਨੇ ਦਹਾਕਿਆਂ ਪਹਿਲਾਂ ਇਹ ਫੈਸਲਾ ਲਿਆ ਸੀ।

ਮਈ 2018 ਵਿੱਚ, 81 ਸਾਲ ਦੀ ਉਮਰ ਵਿੱਚ ਆਸਟਰੇਲੀਆ ਦੇ ਕਾਨੂੰਨ ਨੇ ਜੇਮਜ਼ ਨੂੰ ਆਖਰੀ ਦਾਨ ਕਰਨ ਲਈ ਮਜਬੂਰ ਕੀਤਾ। ਕਮਰਾ ਮਾਂਵਾਂ ਨਾਲ ਭਰਿਆ ਹੋਇਆ ਸੀ ਜੋ ਸਿਹਤਮੰਦ ਬੱਚੇ ਗੋਦ ਵਿੱਚ ਲਈ ਬੈਠੀਆਂ ਸਨ—ਉਸ ਦੀ ਚੁੱਪ ਹੀਰੋਇਜ਼ਮ ਦਾ ਜਿਉਂਦਾਂ ਜਾਗਦਾ ਸਬੂਤ।

ਉਨ੍ਹਾਂ ਨੇ ਅੱਥਰੂਆਂ ਨਾਲ ਉਸ ਦਾ ਧੰਨਵਾਦ ਕੀਤਾ, ਜੇਮਜ਼ ਆਖਰੀ ਵਾਰ ਕੁਰਸੀ ਤੇ ਬੈਠਾ, ਆਖਰੀ ਵਾਰ ਆਪਣੀ ਬਾਂਹ ਤੋਂ ਮੂੰਹ ਮੋੜਿਆ ਅਤੇ ਆਪਣਾ 1,173ਵਾਂ ਦਾਨ ਦਿੱਤਾ।

1967 ਤੋਂ ਲੈ ਕੇ ਹੁਣ ਤੱਕ ਉਸ ਦੇ ਖ਼ੂਨ ਵਾਲੀ ਐਂਟੀ-ਡੀ ਦਵਾਈ ਦੀਆਂ 30 ਲੱਖ ਤੋਂ ਵੱਧ ਖੁਰਾਕਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਉਸ ਦੇ ਯੋਗਦਾਨ ਨੇ ਸਿਰਫ਼ ਆਸਟਰੇਲੀਆ ਵਿੱਚ ਲਗਭਗ 24 ਲੱਖ ਬੱਚਿਆਂ ਨੂੰ ਬਚਾਇਆ।

ਜਦੋਂ ਲੋਕ ਉਸ ਨੂੰ ਹੀਰੋ ਕਹਿੰਦੇ ਤਾਂ ਉਹ ਗੱਲ ਬਦਲ ਦਿੰਦਾ, ਅਖੇ " ਮੈਂ ਕਾਹਦਾ ਹੀਰੋ , ਮੈਂ ਇੱਕ ਸੁਰੱਖਿਅਤ ਕਮਰੇ ਵਿੱਚ ਬੈਠ ਕੇ ਖ਼ੂਨ ਦਾਨ ਕਰਦਾ ਹਾਂ, ਮੁਫ਼ਤ ਕੌਫੀ ਦਾ ਕੱਪ ਅਤੇ ਕੁਝ ਖਾਣ ਨੂੰ ਮਿਲ ਜਾਂਦਾ, ਮੈਂ ਆਪਣੇ ਰਾਹ ਚਲ ਪੈਂਦਾ ਹਾਂ, ਕੋਈ ਮੁਸੀਬਤ ਨਹੀਂ, ਕੋਈ ਤਕਲੀਫ਼ ਨਹੀਂ।"

ਜੇਮਜ਼ ਹੈਰੀਸਨ 17 ਫਰਵਰੀ 2025 ਨੂੰ ਆਪਣੀ ਨੀਂਦ ਵਿੱਚ ਸ਼ਾਂਤੀ ਨਾਲ ਸਦਾ ਲਈ ਸੌਂ ਗਿਆ। ਉਹ 88 ਸਾਲਾਂ ਦਾ ਸੀ।

ਅਸੀਂ ਅਕਸਰ ਫਿਲਮਾਂ ਜਾਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਹੀਰੋ ਲੱਭਦੇ ਹਾਂ—ਸੁਪਰਪਾਵਰ, ਦੌਲਤ ਜਾਂ ਸ਼ੋਹਰਤ ਵਾਲੇ ਲੋਕ। ਪਰ ਕਈ ਵਾਰ ਹੀਰੋ ਉਹੀ ਹੁੰਦਾ ਹੈ ਜੋ 64 ਸਾਲਾਂ ਤੱਕ ਚੁੱਪ-ਚਾਪ ਇੱਕ ਵਾਅਦਾ ਨਿਭਾਉਂਦਾ ਰਹੇ,
ਜਿਸ ਨੂੰ ਡਰ ਲੱਗਦਾ ਹੈ—ਡੂੰਘਾ, ਕੰਬਦਾ ਡਰ,
ਫਿਰ ਵੀ ਸਹੀ ਕੰਮ ਕਰਦਾ ਰਹੇ।

ਅੱਜ ਲੱਖਾਂ ਲੋਕ ਜਿਉਂਦੇ ਹਨ ਕਿਉਂਕਿ ਇੱਕ ਬੰਦੇ ਨੇ ਫੈਸਲਾ ਕੀਤਾ ਕਿ ਉਸ ਦਾ ਡਰ ਉਨ੍ਹਾਂ ਦੀ ਜਾਨ ਨਾਲੋਂ ਘੱਟ ਮਹੱਤਵਪੂਰਨ ਹੈ। ਤੁਸੀਂ ਕਿਹੜਾ ਛੋਟਾ ਜਿਹਾ ਸਾਹਸ ਵਾਲਾ ਕੰਮ ਕਰ ਸਕਦੇ ਹੋ,
ਭਾਵੇਂ ਉਹ ਤੁਹਾਨੂੰ ਡਰਾਉਂਦਾ ਹੋਵੇ?

ਸੋਸ਼ਲ ਮੀਡੀਆ ਤੋਂ

# ਸੁਫ਼ਨੇ ਢਹਿ ਢੇਰੀ ਹੋਏ...!



ਕੋਈ ਸ਼ੱਕ ਨਹੀਂ ਉਥਲ ਪੁਥਲ ਹੋਈ ਏ..ਹੋਈ ਵੀ ਬੜੀ ਤੇਜ਼ੀ ਨਾਲ..ਸਾਰੀ ਦੁਨੀਆ ਦੇ ਰਾਜਨੈਤਿਕ ਹਾਲਾਤ ਵੀ ਬਦਲੇ ਨੇ..ਇਥੇ ਦੇ ਰਾਜਸੀ ਨੁਮਾਇੰਦਿਆਂ ਦੀ ਬੇਬੱਸੀ ਵੀ ਖੁੱਲ੍ਹ ਕੇ ਸਾਹਮਣੇ ਆਈ..।

ਚੰਗਾ ਮਾੜੇ ਵਿਚ ਬਦਲਿਆ..ਮਾੜਾ ਚੰਗੇ ਵਿਚ..ਪਰ ਖਰੂਦੀ ਮਨ ਤੇ ਹਮੇਸ਼ਾਂ ਨੈਗੇਟਿਵ ਪੱਖ ਹੀ ਭਾਰੂ ਹੁੰਦਾ ਆਇਆ..ਚਾਰ ਸੱਟਾਂ 'ਚੋਂ ਜਿਹੜੀ ਠੀਕ ਨਾ ਹੋਈ ਹੋਵੇਂ..ਖਰੀਂਡ ਓਸੇ ਦਾ ਹੀ ਲਹਿਆ ਜਾਂਦਾ..ਬਾਕੀ ਤਿੰਨ ਠੀਕ ਹੋ ਗਈਆਂ ਦਾ ਕਦੇ ਕੋਈ ਸ਼ੁਕਰ ਸ਼ੁਕਰਾਨਾ ਨਹੀਂ..ਖਿਡਾਏ ਦਾ ਨਾਮ ਨੀ ਹਮੇਸ਼ਾਂ ਰਵਾਏ ਦਾ ਗੁੱਡਾ ਬੱਝਦਾ..।

ਕੁਝ ਸੁਫ਼ਨੇ ਅਤੇ ਕੁਝ ਦੇ ਸੁਫ਼ਨੇ ਢਹਿ ਢੇਰੀ ਹੋਏ..ਸਟਰੈਸ ਫੈਮਿਲੀ ਤਲਖ਼ ਹਕੀਕਤਾਂ ਇੱਕਲਾਪ ਮੈਡੀਕਲ ਸਿਸਟਮ ਵਿਚ ਕੁਝ ਖਾਮੀਆਂ ਸਾਹਮਣੇ ਆਈਆਂ ਪਰ ਤਾਂ ਵੀ ਕਿਸੇ ਪੋਡ-ਕਾਸਟਰ ਯੂ-ਟੀਊਬਰ ਤੇ ਜਾਂ ਫੇਰ ਪਹਿਲੋਂ ਪਰਤ ਗਏ ਦੇ ਆਖੇ ਬਿਨਾ ਸੋਚੇ ਸਮਝੇ ਡੇਰਾ-ਡੰਡਾ ਚੁੱਕ ਮਗਰ ਵੱਲ ਨੂੰ ਮੁਹਾਰਾਂ ਨਾ ਮੋੜ ਲੈਣੀਆਂ ਕੱਲ੍ਹ ਨੂੰ ਕੋਈ ਉੱਨੀ-ਇੱਕੀ ਹੋ ਗਈ ਤਾਂ ਅੱਗੋਂ ਆਖ ਦੇਣਗੇ ਅਸਾਂ ਥੋੜ੍ਹਾ ਆਖਿਆ ਸੀ ਪਰਤ ਜਾਣ ਨੂੰ..ਅਸਾਂ ਤੇ ਨਿੱਜੀ ਵਿਚਾਰ ਪ੍ਰਕਟ ਕੀਤੇ ਸਨ !

ਆਪਣਾ ਪਰਿਵਾਰਿਕ ਪ੍ਰਫਾਈਲ.. ਹਾਲਾਤ ਮਾਨਸਿਕ ਸਰੀਰਕ ਸਮਰੱਥਾ ਰਹਿ ਗਈ ਉਮਰ ਦੀ ਗਿਣਤੀ ਮਿਣਤੀ ਬੈਂਕ ਬੈਲੰਸ ਅਗਲੀ ਪੀੜੀ ਦੀ ਸਮਰੱਥਾ ਕਮਜ਼ੋਰੀਆਂ ਅਤੇ ਪਲੱਸ ਪੁਆਇੰਟ..ਮੀਆਂ ਬੀਵੀ ਦੀ ਆਪਸੀ ਰਜਾਮੰਦੀ, ਉੱਥੇ ਰਿਸ਼ਤੇਦਾਰੀ ਦਾ ਲਹਿਜਾ ਦੂਰ ਦੇ ਸੁਹਾਵੇਂ ਢੋਲ..ਸਭ ਕੁਝ ਦੀ ਚੰਗੀ ਤਰਾਂ ਘੋਖ-ਪੜਤਾਲ ਬੜੀ ਜਰੂਰੀ..ਏਧਰ ਜੰਮਿਆਂ ਨੂੰ ਓਧਰ ਦੇ ਹਾਲਾਤ ਸਾਫ ਸਾਫ ਦੱਸੋ..ਆਹ ਕੁਝ ਕਰਨਾ ਸਹਿਣਾ ਵੇਖਣਾ ਅਤੇ ਫੇਸ ਕਰਨਾ ਪੈ ਸਕਦਾ..ਮੁੜ ਕੇ ਨਾ ਝਿਉਰਿਓ..ਓਧਰ ਵਧੀਆ ਸੀ..ਲਾਈਨਾਂ ਵਿਚ ਵੀ ਲੱਗਣਾ ਪੈ ਸਕਦਾ..ਏਅਰਪੋਰਟ..ਟ੍ਰੈਫ਼ਿਕ..ਬੈਂਕਾਂ ਹੋਰ ਮਹਿਕਮਿਆਂ ਅਤੇ ਦੁਕਾਨਾਂ ਹੱਟੀਆਂ ਤੇ ਬੋਲ ਪਾਣੀ ਅਤੇ ਸਭ ਕੁਝ ਦਾ ਇੱਕ ਆਪਣਾ ਤਰੀਕਾ ਏ ਕਾਰ..!

ਲੰਘਦੇ ਲੀਡਰ ਦੇ ਕਾਫਲੇ ਨੂੰ ਲੰਘਾਉਣ ਖਾਤਿਰ ਪਾਸੇ ਖਲਿਆਰੀ ਕਾਰ ਦੇ ਬੰਦ ਸ਼ੀਸ਼ਿਆਂ ਅੰਦਰ ਕਨੇਡਾ ਦੇ ਸਿਸਟਮ ਨੂੰ ਯਾਦ ਕਰ ਕਰ ਹੀਨੋਰੇ ਵੀ ਨਹੀਂ ਸਿੱਟਣੇ..!

ਦੋਵੇਂ ਖਿੱਤਿਆਂ ਦੇ ਚੰਗੇ ਪੱਖ ਇੱਕੋ ਥਾਂ ਇਕੱਠੇ ਨਹੀਂ ਮਿਲ ਸਕਦੇ..ਦੂਜੇ ਦੇ ਚੁਬਾਰੇ ਤੇ ਜਾਣਾ ਏ ਤਾਂ ਪਹਿਲੋਂ ਆਪਣੇ ਤੋਂ ਹੇਠਾਂ ਉੱਤਰਨਾ ਪੈਣਾ..ਇੱਕ ਚੰਗੇ ਲਈ ਕੁਝ ਦੂਜਾ ਚੰਗਾ ਕੁਰਬਾਨ ਕਰਨਾ ਪੈ ਸਕਦਾ..!

ਟੱਬਰ ਕੋਲੋਂ ਸਾਫ ਇਕਰਾਰਨਾਮਾਂ ਲਵੋ..ਫੇਰ ਛੇਤੀ ਅੱਕ ਉਕਤਾ ਕੇ ਵਾਪਿਸ ਪਰਤਣ ਲਈ ਮੇਰੇ ਤੇ ਜ਼ੋਰ ਨਹੀਂ ਪਾਉਗੇ..ਇਹ ਮਜਾਕ ਨਹੀਂ ਇੱਕ ਵੱਡਾ ਫੈਸਲਾ..ਜਿੰਦਗੀ ਮੌਤ ਵਰਗਾ ਵੱਡਾ ਜੂਆ..

ਸਾਰੀ ਉਮਰ ਹਿਜਰਤ ਵਾਲੇ ਯੱਕੇ ਦੀਆਂ ਲਗਾਮਾਂ ਹੀ ਥੋੜਾ ਖਿੱਚਦੇ ਰਹਿਣਾ..ਜੇ ਸੁਰੱਖਿਆ ਪੱਖੋਂ ਇਹ ਖਿੱਤਾ ਸੇਫ ਨਹੀਂ ਰਿਹਾ ਤਾਂ ਸਾਰਾ ਕੁਝ ਦੁੱਧ ਧੋਤਾ ਓਥੇ ਵੀ ਹੈਨੀ..।

ਰੋਜ ਆਉਂਦੀਆਂ ਖਬਰਾਂ ਕਲਿੱਪ ਇੰਸਟਾਗ੍ਰਾਮ..ਹਰੇਕ ਕੋਲ ਹੀ ਹਥਿਆਰ..ਹਰੇਕ ਦੀ ਵਾਕਫ਼ੀ ਪਹੁੰਚ..ਹਰੇਕ ਕਾਹਲਾ..ਦੂਜੇ ਤੋਂ ਅੱਗੇ ਨਿਕਲਣ ਲਈ..ਬਰਦਾਸ਼ਤ ਦਾ ਮਾਦਾ ਸਿਫ਼ਰ ਦੇ ਬਰੋਬਰ..!

ਗੱਲ ਆਖੂ ਤੂੰ ਮੈਨੂੰ ਮੂਹੋਂ ਕੱਢ..ਮੈਂ ਤੈਨੂੰ ਪਿੰਡੋਂ ਕੜੌਣੀ ਆ..ਕਨੂੰਨ ਅਦਾਲਤਾਂ ਦਾ ਡਰ ਤੌਖਲਾ..ਲੰਮਾ ਇੰਤਜਾਰ..ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ ਵਾਲੀ ਅਪਰੋਚ..ਸੜਕਾਂ ਮੌਲਾਂ ਵੰਨਗੀਆਂ ਵਿਆਹਾਂ ਮੰਗਣਿਆਂ ਦੀ ਰੌਣਕ ਅਤੇ ਸੁਖ ਸਹੂਲਤਾਂ ਹੀ ਕਿਸੇ ਇਲਾਕੇ ਦੀ ਤਰੱਕੀ ਦੇ ਪੈਮਾਨੇ ਨਹੀਂ ਹੋ ਸਕਦੇ..ਕੁਰੱਪਸ਼ਨ ਬੇਰੁਜਗਾਰੀ ਪੋਲੂਸ਼ਨ ਗਰਮੀਂ ਮਿਲਾਵਟ ਸੜਕੀ ਹਾਦਸਿਆਂ ਦੀ ਦਰ ਵੀ ਜ਼ਿਹਨ ਵਿਚ ਰੱਖਣੀ ਬਹੁਤ ਜਰੂਰੀ..!

ਜੂਨ ਜੁਲਾਈ ਦੀ ਹੁੰਮਸ ਵਿਚ ਜਰੂਰੀ ਨਹੀਂ ਕੇ ਬਟਨ ਨੱਪਿਆਂ ਪੱਖੇ ਏ.ਸੀ.ਨੇ ਚੱਲਣਾ ਹੀ ਚੱਲਣਾ..ਜੈਨਰੇਟਰ ਅਤੇ ਗੱਡੀਆਂ ਵੀ ਤੇਲ ਪੀਂਦਿਆਂ..ਇਹ ਸਰਕਾਰ ਮੁਫ਼ਤ ਨਹੀਂ ਵੰਡਦੀ ਫਿਰਦੀ..ਏਧਰੋਂ ਖੜ੍ਹੇ ਮੁੱਕਣ ਲੱਗਿਆਂ ਘੜੀ ਨੀ ਲੱਗਣੀ..ਸਟੇਟਸ ਵੀ ਬਣਾਈ ਰੱਖਣਾ ਪੈਣਾ ਵਰਨਾ ਹਰ ਮੋੜ 'ਤੇ ਮਜਾਕ ਟਿੱਚਰਾਂ ਹੋਣਗੀਆਂ..

ਖਾਦਿਆਂ ਤੇ ਖੂਹ ਵੀ ਖਾਲੀ ਹੋ ਜਾਂਦੇ..ਫੇਰ ਐਸੇ ਹਾਲਾਤ ਨਾ ਹੋ ਜਾਵਣ ਕੇ ਨਾ ਮੈਂ ਪੇਕਿਆਂ ਦੀ ਹੋਈ ਤੇ ਨਾ ਸਹੁਰਿਆਂ ਨੇ ਰੱਖੀ..!

ਹੱਥ ਬੰਨ ਕੇ ਅਰਜੋਈ..ਆਪਣਾ ਪੜ੍ਹਿਆ ਆਪ ਵਿਚਾਰੋ..ਫਲਾਣਾ ਗਿਆ ਮੈਂ ਵੀ ਜਾਣਾ ਹੀ ਜਾਣਾ..ਹਰੇਕ ਦੇ ਆਪੋ ਆਪਣੇ ਹਾਲਾਤ..ਇੱਕ ਅਜੀਬ ਤਰਾਂ ਦੀ ਸੁਨਾਮੀ ਲਹਿਰ ਰਿਵਾਜ ਟਰੇਂਡ ਕਾਫਲਾ ਹਿਜਰਤ ਬੇਚੈਨੀ ਭੰਡੀ ਪ੍ਰਚਾਰ..!

ਦੋ ਮਹੀਨੇ ਦੇ ਵਕਤੀ ਪੜਾਅ ਵਿਚ ਅਤੇ ਸਦੀਵੀਂ ਰਹਿ ਜਾਣ ਵਿਚ ਖਾਸਾ ਅੰਤਰ..ਨਜਰੀਏ ਅਤੇ ਲਹਿਜੇ ਬਦਲ ਜਾਣਗੇ ਜਦੋਂ ਪਤਾ ਲੱਗੂ ਪੱਕਾ ਸਿਰ ਤੇ ਆਣ ਬੈਠਾ !

ਜੇ ਕੋਈ ਆਖੇ ਅਹੁ ਵੇਖੋ ਜਨਵਰ ਤੁਹਾਡਾ ਕੰਨ ਲਈ ਜਾਂਦਾ ਤਾਂ ਵਾਹੋਦਾਹੀ ਮਗਰ ਭੱਜ ਪੈਣ ਨਾਲੋਂ ਇੱਕ ਵੇਰ ਆਪਣਾ ਕੰਨ ਟੋਹ ਕੇ ਜਰੂਰ ਵੇਖ ਲੈਣਾ..ਹੋ ਸਕਦਾ ਜਨਵਰ ਦੇ ਮੂੰਹ ਵਿਚ ਦਿਸਦਾ ਕੰਨ ਖੁਦ ਓਸੇ ਦਾ ਆਪਣਾ ਹੀ ਹੋਵੇ..!

ਵਿਚਾਰ ਨਿੱਜੀ ਨੇ..ਸਹਿਮਤ ਹੋਣਾ ਜਰੂਰੀ ਨਹੀਂ..ਫੇਰ ਵੀ ਜਿਥੇ ਰਹੋ ਖੁਸ਼ ਰਹੋ ਆਬਾਦ ਰਹੋ..ਚੜ੍ਹਦੀ ਕਲਾ ਵਿਚ ਰਹੋ..!



ਹਰਪ੍ਰੀਤ ਸਿੰਘ ਜਵੰਦਾ

# ਇੱਕ ਮਸੀਹਾ - ਡਾਕਟਰ ਰੁਈਤ !

ਲੱਖਾਂ ਲੋਕਾਂ ਲਈ, ਅੰਧਰਰਾਤਾ ਕਿਸੇ ਬਿਮਾਰੀ ਕਾਰਨ ਨਹੀਂ ਸੀ, ਇਹ ਗਰੀਬੀ ਕਾਰਨ ਸੀ, ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਲਈ, ਇੱਕ ਆਦਮੀ ਨੇ ਸਭ ਕੁਝ ਬਦਲ ਦਿੱਤਾ।

ਡਾ. ਸੰਦੂਕ ਰੁਈਤ, ਨੇਪਾਲ ਦੇ ਇੱਕ ਅੱਖਾਂ ਦੇ ਸਰਜਨ, ਨੇ ਕੈਟਰੈਕਟ ਸਰਜਰੀ ਰਾਹੀਂ 180,000 ਤੋਂ ਵੱਧ ਲੋਕਾਂ ਦੀ ਨਜ਼ਰ ਵਾਪਸ ਲਿਆਂਦੀ ਹੈ — ਜ਼ਿਆਦਾਤਰ ਗਰੀਬ, ਬਹੁਤ ਸਾਰੇ ਸਾਲਾਂ ਤੋਂ ਅੰਨ੍ਹੇ ਲੋਕ !

ਇਹ ਕਿਸਾਨ, ਦਾਦਾ-ਦਾਦੀ, ਮਾਤਾ-ਪਿਤਾ ਅਤੇ ਬੱਚੇ ਸਨ ਜਿਨ੍ਹਾਂ ਨੇ ਕੰਮ ਕਰਨ, ਆਜ਼ਾਦ ਘੁੰਮਣ-ਫਿਰਨ ਜਾਂ ਆਪਣੇ ਆਪ ਨੂੰ ਸੰਭਾਲਣ ਦੀ ਸਮਰੱਥਾ ਗੁਆ ਦਿੱਤੀ ਸੀ। ਇੱਕ ਅਜਿਹੀ ਹਾਲਤ ਜੋ ਮਿੰਟਾਂ ਵਿੱਚ ਠੀਕ ਹੋ ਸਕਦੀ ਸੀ, ਉਸ ਨੇ ਉਨ੍ਹਾਂ ਦੀ ਦੁਨੀਆ ਖੋਹ ਲਈ ਸਿਰਫ਼ ਇਸ ਲਈ ਕਿ ਉਹ ਇਲਾਜ ਦਾ ਖਰਚਾ ਨਹੀਂ ਚੁੱਕ ਸਕੇ।



ਰੁਈਤ ਨੇ ਇਸ ਹਕੀਕਤ ਨੂੰ ਕਬੂਲ ਨਹੀਂ ਕੀਤਾ, ਉਹ ਮੁਫ਼ਤ ਜਾਂ ਬਹੁਤ ਘੱਟ ਖਰਚੇ ਵਿੱਚ ਆਪਰੇਸ਼ਨ ਕਰਦੇ ਰਹੇ, ਅਕਸਰ ਦੂਰ-ਦੁਰਾਡੇ ਇਲਾਕਿਆਂ ਵਿੱਚ, ਅਤੇ ਇੱਕ ਵਿਸ਼ਵਾਸ ਨਾਲ ਜਿਸ ਨੂੰ ਉਹ ਵਾਰ-ਵਾਰ ਦੁਹਰਾਉਂਦੇ ਸਨ:

ਕਿਸੇ ਨੂੰ ਵੀ ਸਿਰਫ਼ ਗਰੀਬ ਹੋਣ ਕਾਰਨ ਹਨੇਰੇ ਵਿੱਚ ਨਹੀਂ ਰਹਿਣਾ ਚਾਹੀਦਾ।

ਬਹੁਤ ਸਾਰੇ ਮਰੀਜ਼ਾਂ ਲਈ ਸਰਜਰੀ ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਹੋ ਗਈ। ਜੋ ਉਨ੍ਹਾਂ ਨੂੰ ਵਾਪਸ ਮਿਲਿਆ, ਉਹ ਜ਼ਿੰਦਗੀ ਭਰ ਰਿਹਾ।

ਸੋਚੋ, ਇੱਕ ਡਾਕਟਰ, 180,000 ਤੋਂ ਵੱਧ ਲੋਕ ਜੋ ਮੁੜ ਵੇਖ ਸਕਦੇ ਹਨ। ਅਤੇ ਇੱਕ ਯਾਦ ਦਿਵਾਉਣਾ ਕਿ ਦਿਆਲਤਾ ਕਿੰਨੀ ਤਾਕਤਵਰ ਹੋ ਸਕਦੀ ਹੈ ਜਦੋਂ ਇਸ ਨੂੰ ਕਰਕੇ ਦੱਸਿਆ ਜਾਵੇ, ਭਾਸ਼ਣ ਦੇਣੇ ਬੜੇ ਸੌਖੇ ਨੇ !







## ਬੁੱਧ ਚਿੰਤਨ

# ਕਿਰਤੀ ਲੋਕ ਕਦੋਂ ਜਾਗਣਗੇ...?

ਹੁਣ ਜਦੋਂ ਦੇਸ਼ ਵਿੱਚ ਕਿਰਤੀ ਨੂੰ ਉਜਾੜਣ ਲਈ ਸਰਕਾਰਾਂ ਹੀ ਨਹੀਂ ਪਿੰਡਾਂ ਦੀ ਪੰਚਾਇਤਾਂ ਵੀ ਨਾਦਰਸ਼ਾਹੀ ਫੁਰਮਾਨ ਜਾਰੀ ਕਰਨ ਲੱਗੀਆਂ ਹਨ ਤਾਂ ਕਿਰਤੀ ਵਰਗ ਨੂੰ ਜ਼ਰੂਰ ਸੁਚੇਤ ਹੋਣ ਦੀ ਲੋੜ ਹੈ। ਹੁਣ ਵੀ ਜੇ ਕਿਰਤੀ ਨਾ ਜਾਗਿਆ ਤਾਂ ਉਸਨੂੰ ਨਰਕ ਵਿੱਚੋਂ ਕੋਈ ਤਾਕਤ ਨਹੀਂ ਕੱਢ ਸਕਦੀ। ਜ਼ਿੰਦਗੀ 'ਚ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਕਰਨ ਵਾਲਿਆਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ, ਪਰ ਜਿਹੜੇ ਬਾਕੀ ਹਨ, ਉਨ੍ਹਾਂ ਨੂੰ ਆਟਾ ਹਾਸਲ ਕਰਨ ਲਈ ਨਿੱਤ ਖੂਹ ਪੁੱਟ ਕੇ ਪਾਣੀ ਪੀਣਾ ਪੈਂਦਾ ਹੈ। ਰੋਜ਼ਾਨਾ ਸਖ਼ਤ ਮਿਹਨਤ ਕਰਨੀ ਪੈਂਦੀ ਹੈ। 'ਮੀਂਹ ਜਾਵੇ ਨੇਰੀ ਆਵੇ' ਉਨਾਂ ਲਈ ਰੁਕਾਵਟ ਨਹੀਂ ਬਣਦੀ। ਇਨ੍ਹਾਂ ਲਈ ਖੂਹ ਕਿੱਥੇ, ਕਦੋਂ ਤੇ ਕਿੰਨਾਂ ਡੂੰਘਾ ਪੁੱਟਣਾ ਹੈ, ਇਸ ਦੀ ਵੀ ਖ਼ਬਰ ਨਹੀਂ ਹੁੰਦੀ।

ਉਨ੍ਹਾਂ ਨੂੰ ਤਾਂ ਸ਼ਿਕਾਰੀ ਵਾਂਗ ਹੱਥਿਆਰ ਤੇ ਔਜ਼ਾਰ ਲੈ ਕੇ ਰੋਟੀ ਦੀ ਭਾਲ ਵਿਚ ਜਾਣਾ ਪੈਂਦਾ ਹੈ। ਅੱਗਿਓਂ ਸ਼ਿਕਾਰ ਕੀ ਹਾਸਲ ਹੁੰਦਾ ਹੈ? ਇਹ ਵੀ ਪਤਾ ਨਹੀਂ ਹੁੰਦਾ। ਕਦੀ ਤਾਂ ਸ਼ਿਕਾਰ ਵੱਡਾ ਵੀ ਮਿਲ ਜਾਂਦਾ ਹੈ, ਕਈ ਵਾਰੀ ਸਾਰੀ ਦਿਹਾੜੀ ਭਰ ਮਿਹਨਤ ਕਰਨ ਤੇ ਕੋਈ ਬਿੱਲੀ ਤੇ ਗਿੱਦੜ ਵੀ ਨਹੀਂ ਹੱਥ ਲਗਦਾ, ਉਹ ਕਦੇ ਨਿਰਾਸ਼ ਨਹੀਂ ਹੁੰਦੇ, ਹਾਂ ਉਦਾਸ ਜਰੂਰ ਹੁੰਦੇ ਹਨ। ਉਨ੍ਹਾਂ ਦੀ ਹਾਲਤ 'ਬੁੱਢਾ ਤੇ ਸਮੁੰਦਰ' ਦੇ ਉਸ ਨਾਇਕ ਵਰਗੀ ਹੁੰਦੀ ਹੈ, ਜਿਹੜਾ ਆਸ ਨਹੀਂ ਛੱਡਦਾ। ਜਦੋਂ ਅਸੀਂ ਆਸ ਦਾ ਪੱਲਾ ਛੱਡ ਦਿੰਦੇ ਹਾਂ ਤਾਂ ਪੱਲਾ ਵੀ ਸਾਡੇ ਕੋਲੋਂ ਕੋਹਾਂ ਦੂਰ ਚਲੇ ਜਾਂਦਾ ਹੈ ਪਰ ਨਿੱਤ ਦੀ ਦਿਹਾੜੀ ਲਾਉਣ ਵਾਲਿਆਂ ਲਈ ਆਸ ਦਾ ਪੱਲਾ ਛੱਡਣਾ ਮੁਸ਼ਕਿਲ ਹੁੰਦਾ ਹੈ, ਉਨ੍ਹਾਂ ਨੂੰ ਆਪਣਾ ਹੀ ਨਹੀਂ ਸਗੋਂ ਪਰਿਵਾਰ ਦਾ ਫਿਕਰ ਹੁੰਦਾ ਹੈ।

ਇਹ ਨਿੱਤ ਆਪਣੇ ਦਿਨ ਦਾ ਸਫ਼ਰ ਮੂੰਹ ਹਨੇਰੇ ਤੋਂ ਕਰਦੇ ਹਨ, ਤੇ ਮੂੰਹ ਹਨੇਰੇ ਹੀ ਆਪਣੇ ਘਰਾਂ ਨੂੰ ਪਰਤਦੇ ਹਨ, ਇਨ੍ਹਾਂ ਦੇ ਘਰਾਂ ਅੰਦਰ ਇਨਾਂ ਦੀ ਉਡੀਕ ਕਰਨ ਵਾਲੇ ਬਰੂਹਾਂ 'ਤੇ ਖੜੇ ਇੰਤਜ਼ਾਰ ਕਰਦੇ ਹਨ। ਉਨ੍ਹਾਂ ਲਈ ਘਰੋਂ ਗਿਆਂ ਦੀ ਉਡੀਕ ਕਰਨੀ ਉਨਾਂ ਦੇ ਜੀਵਨ ਦਾ ਹਿੱਸਾ ਹੁੰਦੀ ਹੈ।



ਉਨ੍ਹਾਂ ਦੀ ਜ਼ਿੰਦਗੀ ਕਿਸੇ ਨਰਕ ਦੇ ਨਾਲੋਂ ਘੱਟ ਨਹੀਂ ਹੁੰਦੀ ਪਰ ਉਹ ਆਪਣੇ ਜੀਵਨ ਵਿੱਚ ਆਈਆਂ, ਨਿੱਕੀਆਂ-ਨਿੱਕੀਆਂ ਖੁਸ਼ੀਆਂ ਨੂੰ ਕਦੇ ਵੀ ਹੱਥੋਂ ਨਹੀਂ ਜਾਣ ਦਿੰਦੇ, ਪਰ ਬਹੁਤੇ ਲੋਕ ਨਿੱਕੀਆਂ ਖੁਸ਼ੀਆਂ ਨੂੰ ਅੱਖੋਂ ਪਰੋਖੇ ਕਰਕੇ ਜਦੋਂ ਕਿਸੇ ਵੱਡੀ ਖੁਸ਼ੀ ਦੀ ਤਲਾਸ਼ ਵਿੱਚ ਨਿਕਲਦੇ ਹਨ ਤਾਂ ਉਹ ਭਟਕ ਜਾਂਦੇ ਹਨ, ਭਟਕਿਆ ਮਨੁੱਖ ਕਦੇ ਵੀ ਵਾਪਸ ਨਹੀਂ ਪਰਤਦਾ। ਉਸ ਲਈ ਜੰਗਲ ਹੀ ਅਜਿਹੀ ਗੁਫਾ ਬਣ ਜਾਂਦਾ ਹੈ, ਜਿੱਥੋਂ ਨਿਕਲਣ ਦਾ ਕੋਈ ਰਸਤਾ ਨਹੀਂ ਦਿਖਦਾ।

ਜ਼ਿੰਦਗੀ ਵਿੱਚ ਅਸੀਂ ਭਟਕਦੇ ਵਧੇਰੇ ਹਾਂ, ਸਹੀ ਰਸਤਿਆਂ ਉੱਤੇ ਘੱਟ ਤੁਰਦੇ ਹਾਂ। ਇਸੇ ਕਰਕੇ ਕਈ ਵਾਰ ਅਸੀਂ ਕੋਹਲੂ ਦੇ ਬਲ਼ਦ ਵਾਂਗ ਇੱਕ ਹੀ ਥਾਂ ਉੱਤੇ ਘੁੰਮੀਂ ਜਾਂਦੇ ਹਾਂ। ਨਾ ਸਫ਼ਰ ਮੁਕਦਾ ਹੈ ਤੇ ਨਾ ਹੀ ਭਟਕਣਾ ਮੁਕਦੀ ਹੈ। ਇਸ ਭਟਕਣਾਂ ਵਿੱਚ ਕਈ ਵਾਰ ਜ਼ਿੰਦਗੀ ਵੀ ਮੁੱਕ ਜਾਂਦੀ ਹੈ। ਬਾਅਦ ਵਿਚ ਉਸ ਜ਼ਿੰਦਗੀ ਦੇ ਨਾਲ ਜੁੜੀਆਂ ਕਥਾ-ਕਹਾਣੀਆਂ ਰਹਿ ਜਾਂਦੀਆਂ ਹਨ।

ਨਿੱਤ ਖੂਹ ਪੁਟਣ ਵਾਲਿਆਂ ਨੂੰ ਸਮਾਜ ਦੀਆਂ ਬਹੁਤ ਸਾਰੀਆਂ ਅਜਿਹੀਆਂ ਬੋਲੀਆਂ ਤੇ ਬੋਲ ਕਬੋਲ ਵੀ ਸੁਨਣੇ ਪੈਂਦੇ ਹਨ, ਜਿਹੜੇ ਉਨ੍ਹਾਂ ਨੇ ਕਦੇ ਸੋਚੇ ਵੀ ਨਹੀਂ ਹੁੰਦੇ, ਕਈ ਵਾਰ ਤਾਂ ਅਜਿਹੇ ਅਪ-ਸ਼ਬਦ ਵੀ ਸੁਨਣੇ ਪੈਂਦੇ ਹਨ, ਜਿਹੜੇ ਖੰਜਰ ਨਾਲੋਂ ਵੀ ਤਿੱਖੇ ਤੇ ਜ਼ਹਿਰ ਨਾਲੋਂ ਜ਼ਹਿਰੀਲੇ ਹੁੰਦੇ ਹਨ। ਪਰ ਉਨ੍ਹਾਂ ਲਈ ਤਾਂ ਇਹ ਸਭ ਕੁੱਝ ਸੁਨਣ ਦੀ ਇੱਕ ਆਦਤ ਬਣ ਜਾਂਦੀ ਹੈ।

ਉਨ੍ਹਾਂ ਕੋਲ ਇਨਾਂ ਸ਼ਬਦਾਂ ਦੇ ਬਦਲੇ ਵਿੱਚ ਬੋਲਣ ਲਈ ਬੜਾ ਕੁੱਝ ਹੁੰਦਾ ਹੈ, ਪਰ ਢਿੱਡ ਦੀ ਮਜ਼ਬੂਰੀ , ਉਨ੍ਹਾਂ ਦੇ ਮੂੰਹ ਉੱਤੇ ਛਿੱਕਲੀ ਲਾ ਦਿੰਦੀ ਹੈ। ਨਿੱਤ ਖੂਹ ਪੁੱਟਣ ਵਾਲਿਆਂ ਵਿੱਚ ਸਬਜ਼ੀ ਵਾਲੇ, ਡੱਗੀ ਵਾਲੇ, ਪਾਨ ਵਾਲੇ, ਕੁਲਚਿਆਂ ਵਾਲੇ, ਮੋਚੀ, ਚੂੜੀਆਂ ਵੇਚਣ ਵਾਲੇ, ਕਬਾੜੀਏ, ਰਾਜ ਮਿਸਤਰੀ, ਤਰਖਾਣ, ਅਚਾਰ ਵੇਚਣ ਵਾਲੇ, ਮੱਝ-ਕੱਟਾ ਖਰੀਦਣ ਵਾਲੇ, ਗੋਲ ਗੱਪਿਆਂ ਵਾਲੇ, ਟਿੱਕੀਆਂ-ਬਰੈੱਡ-ਪਕੌੜੇ ਬਣਾਉਣ ਵਾਲੇ, ਚਾਹ-ਦੁੱਧ ਵਾਲੇ, ਪਰੌਂਠੇ ਦੀ ਰੇਹੜੀ ਵਾਲੇ, ਦਿਹਾੜੀਦਾਰ ਮਜ਼ਦੂਰ-ਸਫੈਦੀ ਕਰਨ ਵਾਲੇ, ਮਾਰਬਲ ਲਾਉਣ ਵਾਲੇ, ਲੁੱਕ ਪਾਉਣ ਵਾਲੇ, ਕਰਦਾਂ-ਚਾਕੂ ਤੇ ਜਿੰਦੇ ਕੁੰਜੀਆਂ ਲਗਾਉਣ ਵਾਲੇ, ਛੱਜ ਵੇਚਣ ਵਾਲੇ, ਪਾਨ ਬੀੜੀ ਵੇਚਣ ਵਾਲੇ, ਰੇਹੜੀ-ਫੜੀ ਲਗਾਉਣ ਵਾਲੇ, ਗਜ਼ਾ ਕਰਨ ਵਾਲੇ, ਭਾਂਡੇ-ਢੋਂਸੀ-ਬਰਫ਼-ਕੁਲਫੀਆਂ ਵੇਚਣ ਵਾਲੇ, ਦਾਣੇ-ਛੋਲੇ ਵੇਚਣ ਵਾਲੇ, ਦਹੀ ਵੇਚਣ ਵਾਲੇ, ਫਲੱਸ਼ਾਂ ਠੀਕ ਕਰਨ ਵਾਲੇ, ਗਲੀਆਂ ਵਿੱਚੋਂ ਕਾਗਜ਼ ਚੁੱਕਣ ਵਾਲੇ, ਲੋਹਾ ਚੁੱਕਣ ਵਾਲੇ, ਗੱਡੀਆਂ ਵਾਲੇ, ਤੱਸਲੇ-ਖੁਰਚਣੇ ਵੇਚਣ ਵਾਲੇ, ਤਸਲੇ ਵੇਚਣ ਤੇ ਥੱਲੇ ਲਗਾਉਣ ਵਾਲੇ, ਖਿਡੌਣੇ ਵੇਚਣ ਵਾਲੇ, ਬੱਸਾਂ ਤੇ ਗੱਡੀਆਂ ਵਿੱਚ ਖਾਣ-ਪੀਣ ਦਾ ਸਮਾਨ ਤੇ ਛੱਲੇ-ਮੁੰਦੀਆਂ-ਦਵਾਈ ਵੇਚਣ ਵਾਲੇ, ਸ਼ਰੀਰ ਤੇ ਨਾ ਖੁੱਬਣ ਵਾਲੀਆਂ-ਬੇਰ ਵੇਚਣ ਵਾਲੇ, ਮਿੱਟੀ ਦੇ ਭਾਂਡੇ ਵੇਚਣ ਵਾਲੇ, ਪਾਂਡੂ ਵੇਚਣ ਵਾਲੇ, ਸਾਗ-ਮੇਥੇ-ਪਾਲਕ ਵੇਚਣ ਵਾਲੇ, ਫਲ ਵੇਚਣ ਵਾਲੇ, ਹਜ਼ਾਮਤ ਕਰਨ ਵਾਲੇ, ਦਾਤਣਾਂ ਵੇਚਣ ਵਾਲੇ, ਪੁਰਾਣੇ ਕੱਪੜੇ ਵੇਚਣ ਵਾਲੇ, ਨਿੰਬੂ ਪਾਣੀ-ਸੋਡਾ ਵੇਚਣ ਵਾਲੇ, ਆਈਸ ਕਰੀਮ ਵੇਚਣ ਵਾਲੇ, ਗੱਡੀਆਂ ਠੀਕ ਕਰਨ ਵਾਲੇ, ਟਾਂਕੇ ਲਾਉਣ ਵਾਲੇ, ਰਿਕਸ਼ਾ-ਆਟੋ ਚਲਾਉਣ ਵਾਲੇ, ਜੁੱਤੀਆਂ ਵੇਚਣ ਵਾਲੇ, ਦਰੀਆਂ-ਚਾਦਰਾਂ ਵੇਚਣ ਵਾਲੇ ਸ਼ਾਮਲ ਹਨ।

ਸਮਾਜਕ, ਆਰਥਿਕ, ਧਾਰਮਿਕ, ਰਾਜਨੀਤਿਕ ਸਿੱਖਿਆ ਦੀ ਨਾ ਬਰਾਬਰੀ ਨੇ ਇਨ੍ਹਾਂ ਕਿਰਤੀਆਂ ਦੇ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਨ੍ਹਾਂ ਲਈ ਸਦੀਆਂ ਤੋਂ ਕੁੱਲੀ-ਗੁੱਲੀ-ਜੁੱਲੀ ਦੀ ਜੰਗ ਹੀ ਜਿੱਤ ਨਹੀਂ ਹੋਈ। ਇਸੇ ਹੀ ਕਰਕੇ ਹੁਣ ਸਮਾਜ ਅੰਦਰ ਮਨੁੱਖ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ। ਉਪਰਲਾ ਵਰਗ ਜਿਹੜਾ ਸੋਨੇ ਦਾ ਚਮਚਾ ਲੈ ਕੇ ਜੰਮਿਆ ਹੈ, ਉਨਾਂ ਕੋਲ ਜ਼ਮੀਨ ਜਾਇਦਾਦ ਤੇ ਮਾਇਆ ਵਧੀ ਜਾ ਰਹੀ ਹੈ-ਉਨ੍ਹਾਂ ਲਈ ਕਿਸੇ ਵੀ ਸਹੂਲਤ ਦੀ ਕੋਈ ਵੀ ਘਾਟ ਨਹੀਂ।



ਬੁੱਧ ਸਿੰਘ ਨੀਲੋਂ
94643 70823

ਵਿਚਕਾਰਲਾ ਵਰਗ ਉਹ ਹੈ, ਜਿਹੜੇ ਆਪਣਿਆਂ ਨਾਲੋਂ ਟੁੱਟ ਗਿਆ ਹੈ, ਉਹ ਉੱਪਰਲਿਆਂ ਦੇ ਨਾਲ ਜੁੜਨ ਲਈ ਕਿਸ਼ਤਾਂ ਦੇ ਚੱਕਰ ਵਿੱਚ ਗੁਆਚ ਗਿਆ ਹੈ। ਇਹਨਾਂ ਦੋਹਾਂ ਵਰਗਾਂ ਦੀ ਗਿਣਤੀ ਵੀ ਬਹੁਤ ਥੋੜ੍ਹੀ ਹੈ। ਬਹੁਗਿਣਤੀ ਤਾਂ ਥੱਲੜੇ ਵਰਗ ਦੀ ਹੈ, ਜਿਹੜਾ ਨਾ ਜਿਉਂਦਿਆਂ ਵਿੱਚ ਹੈ ਤੇ ਨਾ ਮਰਿਆਂ ਵਿੱਚ ਹੈ, ਉਨ੍ਹਾਂ ਕੋਲੋਂ ਜ਼ਿੰਦਗੀ ਦੀਆਂ ਸਾਰੀਆਂ ਹੀ ਸੰਵਿਧਾਨਿਕ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਹ ਨਾ ਸਿੱਖਿਆ ਹੀ ਹਾਸਲ ਕਰ ਸਕਦੇ ਹਨ ਤੇ ਨਾ ਹੀ ਆਪਣਾ ਇਲਾਜ ਕਰਵਾ ਸਕਦੇ ਹਨ।

ਉਨ੍ਹਾਂ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਹੀ ਨਹੀਂ ਪੂਰੀਆਂ ਹੁੰਦੀਆਂ ਜਿਹੜੇ ਮਿਹਨਤ ਮੁਸ਼ੱਕਤ ਕਰਕੇ ਸਿੱਖਿਆ ਪ੍ਰਾਪਤ ਕਰ ਵੀ ਲੈਂਦੇ ਹਨ, ਉਨਾਂ ਲਈ ਕੋਈ ਰੁਜ਼ਗਾਰ ਨਹੀਂ। ਉਹ ਬੇਰੁਜ਼ਗਾਰ ਹੋਏ-ਸੜਕਾਂ ਉੱਤੇ ਪੁਲਿਸ ਦੀਆਂ ਲਾਠੀਆਂ ਖਾਣ ਜੋਗੇ ਰਹਿ ਗਏ ਹਨ। ਦੂਸਰੇ ਪਾਸੇ ਸਰਕਾਰ ਨੇ ਉਪਰਲੇ ਵਰਗ ਨੂੰ ਐਨੀਆਂ ਸਹੂਲਤਾਂ ਦੇ ਦਿੱਤੀਆਂ ਹਨ, ਸਿਆਸੀ ਮਾਫ਼ੀਆ,ਸਿੱਖਿਆ ਮਾਫੀਆ, ਨਿੱਜੀ ਹਸਪਤਾਲ ਮਾਫੀਆ, ਧਰਮ ਦਾ ਮਾਫੀਆ, ਸੇਵਾ ਦਾ ਮਾਫੀਆ, ਸਾਹਿਤ ਦਾ ਮਾਫੀਆ ਤੇ ਮਾਫੀਆ ਹੀ ਮਾਫੀਆ, ਜਿਹੜੀਆਂ ਦੋਵੇਂ ਹੱਥੀਂ ਦਿਨ ਤੇ ਰਾਤ ਲੁੱਟ ਰਿਹਾ ਹੈ। ਇਹਨਾਂ ਵਿਰੁੱਧ ਬੋਲਣ ਤੋਂ ਲੋਕ ਚੁੱਪ ਹਨ।

ਜਿਹੜੇ ਲੋਕ ਆਲੀਸ਼ਾਨ ਕੋਠੀਆਂ, ਮਕਾਨਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵੱਲੋਂ ਸਮਾਜ ਵਿੱਚ ਪਾਏ ਗੰਦ ਨੂੰ ਸਾਫ਼ ਕਰਨ ਵਾਲੇ ਉਹ ਹੀ ਲੋਕ ਹਨ, ਜਿਹੜੇ ਕੂੜੇ ਕਰਕਟ ਤੇ ਗੰਦਗੀ ਵਿੱਚੋਂ ਆਪਣਾ ਪੇਟ ਭਰਨ ਲਈ 'ਰੋਟੀ' ਲੱਭਦੇ ਹਨ। ਇਨਾਂ ਕੋਠੀਆਂ ਵਿੱਚ ਜ਼ਿੰਦਗੀ ਨਾਲੋਂ-ਮਸ਼ੀਨਾਂ ਦੀ ਗਿਣਤੀ ਵੱਧ ਗਈ ਹੈ। ਗਲੈਮਰ ਦੀ ਚਕਾਚੌਂਧ ਨੇ ਸਮਾਜਕ ਰਿਸ਼ਤਿਆਂ ਦਾ ਗਲਾ ਘੁੱਟ ਦਿੱਤਾ ਹੈ। ਸਮਾਜ ਅੰਦਰ ਤਨਾਅ ਤਕਰਾਰ ਤੇ ਨਿੱਜੀ ਦੁਸ਼ਮਣੀਆਂ 'ਚ ਨਿਰੰਤਰ ਵਾਧਾ ਹੋ ਰਿਹਾ ਹੈ। ਨਿੱਤ ਖੂਹ ਪੁੱਟ ਕੇ ਪਾਣੀ ਪੀਣ ਵਾਲੇ, ਜਿਹੜੇ ਛੋਟੇ-ਮੋਟੇ ਅਦਾਰਿਆਂ ਵਿੱਚ ਕੰਮ ਕਰਦੇ ਹਨ, ਉੱਥੇ ਉਨ੍ਹਾਂ ਦਾ ਆਰਥਿਕ, ਸ਼ਰੀਰਿਕ ਤੇ ਮਾਨਸਿਕ ਸ਼ੋਸ਼ਣ ਕਰਨਾ ਉਨ੍ਹਾਂ ਅਦਾਰਿਆਂ ਦੇ ਮਾਲਕਾਂ ਦਾ ਹੱਕ ਬਣ ਗਿਆ ਹੈ। ਜਿਹੜਾ ਵੀ ਕੋਈ ਵਿਅਕਤੀ ਇਨਾਂ ਅਦਾਰਿਆਂ ਅੰਦਰ ਹੁੰਦੀ ਲੁੱਟ ਦਾ ਕਿੱਧਰੇ ਪਰਦਾ ਚਾਕ ਕਰਦਾ ਹੈ।

# ਜਗਰਾਉਂ ਨੇੜੇ ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ



ਜਗਰਾਉਂ : ਜਗਰਾਉ ਨੇੜੇ ਪਿੰਡ ਲੀਲਾਂ ਸਥਿਤ ਇਕ ਨਿਜੀ ਸਕੂਲ ਨੇੜੇ ਭਿਆਨਕ ਸੜਕ ਹਾਦਸੇ ਵਿਚ 2 ਨੌਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪਿੰਡ ਸਦਰਪੁਰਾ ਦੇ ਦੋ ਨੌਜਵਾਨ ਬਲਰਾਜ ਸਿੰਘ ਤੇ ਕ੍ਰਿਸ਼ਨ ਸਿੰਘ ਅਪਣੇ ਮੋਟਰਸਾਈਕਲ 'ਤੇ ਜਗਰਾਉ ਵੱਲ ਜਾ ਰਹੇ ਸਨ

ਅਚਾਨਕ ਤੇਜ਼ ਰਫ਼ਤਾਰ ਕਾਰ ਦੀ ਲਪੇਟ 'ਚ ਆਉਣ ਨਾਲ ਦੋਹਾਂ ਦੀ ਮੌਤ ਹੋ ਗਈ। ਪਰਵਾਰਕ ਮੈਬਰਾਂ ਅਨੁਸਾਰ ਕ੍ਰਿਸ਼ਨ ਸਿੰਘ ਦੁਬਈ ਤੋਂ ਵਿਆਹ ਕਰਵਾਉਣ ਪਿੰਡ ਆਇਆ ਸੀ। ਉਨ੍ਹਾਂ ਦਸਿਆ ਕਿ ਹਾਲੇ ਕ੍ਰਿਸ਼ਨ ਦੇ ਵਿਆਹ ਦੀ ਤਰੀਕ ਵੀ ਤੈਅ ਨਹੀ ਸੀ ਹੋਈ ਤੇ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ।

ਪਤਾ ਲੱਗਾ ਕਿ ਬਲਰਾਜ ਸਿੰਘ ਤਿੰਨ ਬੇਟੀਆਂ ਦਾ ਪਿਤਾ ਸੀ। ਪਰਵਾਰਕ ਮੈਬਰਾਂ ਨੇ ਕਾਰ ਚਾਲਕ ਵਿਰੁਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਥਾਣਾ ਸਿੱਧਵਾਂਬੇਟ ਦੇ ਐਸ.ਐਚ.ਓ. ਹੀਰਾ ਸਿੰਘ ਨੇ ਦਸਿਆ ਕਿ ਹਾਦਸਾ ਤੋਂ ਬਾਅਦ ਕਾਰ ਸਵਾਰ ਮੌਕੇ ਤੋਂ ਫ਼ਰਾਰ ਹੋ ਗਏ। ਪਰਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

# 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਜਥੇਦਾਰ ਗੜਗਜ ਨੇ ਜਾਰੀ ਕੀਤੀ ਹਦਾਇਤ



ਸ੍ਰੀ ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਇੱਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਜਾਰੀ ਕੀਤੀ ਗਏ ਆਦੇਸ਼ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿੱਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ।

ਆਦੇਸ਼ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿੱਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇੱਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿੱਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੁਲਿਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਚੱਲਦਿਆਂ ਇਹ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਲਈ ਪੁਲਿਸ ਵੱਲੋਂ ਬਹੁਤ ਕਾਹਲੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਤੱਥਾਂ ਰਹਿਤ ਜਾਣਕਾਰੀ ਜਨਤਕ ਕਰਨ ਵਿੱਚ ਵੀ ਕਾਹਲੀ ਕੀਤੀ ਗਈ ਹੈ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਭੰਗ ਹੋਣ ਜਿਹੀ ਸਥਿਤੀ ਬਨਣ ਦੇ ਹਾਲਾਤ ਵੀ ਪੈਦਾ ਹੋਏ। ਭਾਵੇਂ ਕਿ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਯੋਗਤਾ ਉੱਤੇ ਕੋਈ ਸ਼ੰਕਾ ਨਹੀਂ, ਪਰੰਤੂ ਚੰਗਾ ਹੋਵੇ ਪੰਜਾਬ ਪੁਲਿਸ ਦੀ ਜਾਂਚ ਟੀਮ ਉਹ ਹੋਵੇ ਜਿਸ ਨੂੰ ਗੁਰਮਤਿ ਅਤੇ ਸਿੱਖ ਮਰਯਾਦਾ ਦੀ ਪੂਰਨ ਸਮਝ ਹੋਵੇ ਅਤੇ ਅੰਮ੍ਰਿਤਧਾਰੀ ਸਿੱਖਾਂ ਅਧਾਰਤ ਟੀਮ ਹੋਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੰਜੀਦਗੀ, ਸਹਿਣਸ਼ੀਲਤਾ, ਗੁਰੂ ਸਾਹਿਬ ਦੀ ਬਖ਼ਸ਼ੀ ਬਿਬੇਕ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸਤਿਕਾਰ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਵੇ।

# ਰਾਹੁਲ ਗਾਂਧੀ ਵੱਲੋਂ ਨਰਵਣੇ ਦੀ ਕਿਤਾਬ ਦਾ ਹਵਾਲਾ ਦੇਣ 'ਤੇ ਲੋਕ ਸਭਾ ਵਿੱਚ ਹੋਇਆ ਹੰਗਾਮਾ

## ਰਾਜਨਾਥ ਸਿੰਘ ਅਤੇ ਅਮਿਤ ਸ਼ਾਹ ਨੇ ਦਿੱਤੀ ਤਿੱਖੀ ਪ੍ਰਤੀਕਿਰਿਆ



ਸੰਸਦ ਦੇ ਬਜਟ ਸੈਸ਼ਨ ਵਿੱਚ ਭਾਰੀ ਹੰਗਾਮਾ ਹੋਇਆ ਹੈ। ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਬਹਿਸ ਦੌਰਾਨ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਇੱਕ ਬਿਆਨ ਨੇ ਹੰਗਾਮਾ ਮਚਾ ਦਿੱਤਾ ਹੈ। ਸਾਬਕਾ ਭਾਰਤੀ ਫੌਜ ਮੁਖੀ ਮਨੋਜ ਮੁਕੁੰਦ ਨਰਵਣੇ ਦੀ ਅਖੌਤੀ ਕਿਤਾਬ ਦਾ ਹਵਾਲਾ ਦਿੰਦੇ ਹੋਏ, ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਚੀਨੀ ਫੌਜ ਭਾਰਤੀ ਸਰਹੱਦ ਵਿੱਚ ਦਾਖਲ ਹੋ ਰਹੀ ਹੈ। ਰਾਹੁਲ ਦੇ ਇਸ ਬਿਆਨ ਤੋਂ ਸਦਨ ਵਿੱਚ ਹੰਗਾਮਾ ਹੋ ਗਿਆ। ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰਾਹੁਲ ਗਾਂਧੀ ਦੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਸਦਨ ਵਿੱਚ ਇੱਕ ਕਿਤਾਬ ਦਾ ਹਵਾਲਾ ਦੇਣ 'ਤੇ ਇਤਰਾਜ਼ ਜਤਾਇਆ, ਜੋ ਕਿ ਸਦਨ ਦੇ ਨਿਯਮਾਂ ਦੇ ਵਿਰੁੱਧ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦਾ ਸਰੋਤ ਪ੍ਰਮਾਣਿਕ ਹੈ ਅਤੇ ਇਸ ਵਿੱਚ ਇੱਕ ਸਾਬਕਾ ਫੌਜੀ ਜਨਰਲ (ਐਮਐਮ ਨਰਵਣੇ) ਦੀ ਇੱਕ ਅਣਪ੍ਰਕਾਸ਼ਿਤ ਕਿਤਾਬ ਦੇ ਹਵਾਲੇ ਸ਼ਾਮਲ ਹਨ। ਐਮਐਮ ਨਰਵਣੇ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਰਾਹੁਲ ਗਾਂਧੀ ਨੇ ਕਿਹਾ ਕਿ ਚੀਨੀ ਫੌਜ ਦੇ ਟੈਂਕ ਭਾਰਤੀ ਸਰਹੱਦ ਦੇ ਨੇੜੇ ਆ ਗਏ, ਅਤੇ ਚੀਨੀ ਫੌਜ ਭਾਰਤੀ ਖੇਤਰ ਵਿੱਚ ਦਾਖਲ ਹੋ ਗਈ। ਚਾਰ ਚੀਨੀ ਟੈਂਕ ਭਾਰਤੀ ਸਰਹੱਦ ਵਿੱਚ ਦਾਖਲ ਹੋ ਰਹੇ ਸਨ। ਚੀਨੀ ਫੌਜ ਦੇ ਟੈਂਕ ਕੈਲਾਸ਼ ਰਿਜ 'ਤੇ ਚੜ੍ਹ ਰਹੇ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰਾਹੁਲ ਗਾਂਧੀ ਦੇ ਬਿਆਨ 'ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਕਿਹਾ ਕਿ ਰਾਹੁਲ ਗਾਂਧੀ ਨੂੰ ਸੰਸਦ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਕਿਹਾ, "ਮੈਂ ਚਾਹੁੰਦਾ ਹਾਂ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (ਰਾਹੁਲ ਗਾਂਧੀ) ਉਸ ਕਿਤਾਬ ਨੂੰ ਸਦਨ ਦੇ ਸਾਹਮਣੇ ਪੇਸ਼ ਕਰਨ ਜਿਸ ਦਾ ਉਹ ਜ਼ਿਕਰ ਕਰ ਰਹੇ ਹਨ, ਕਿਉਂਕਿ ਜਿਸ ਕਿਤਾਬ ਦਾ ਉਹ ਜ਼ਿਕਰ ਕਰ ਰਹੇ ਹਨ, ਉਹ ਪ੍ਰਕਾਸ਼ਿਤ ਨਹੀਂ ਹੋਈ ਹੈ।" ਰਾਜਨਾਥ ਸਿੰਘ ਨੇ ਲੋਕ ਸਭਾ ਸਪੀਕਰ ਨੂੰ ਕਿਹਾ ਕਿ ਰਾਹੁਲ ਗਾਂਧੀ ਨੂੰ ਸਦਨ ਵਿੱਚ ਤੱਥਾਂ ਤੋਂ ਬਿਨਾਂ ਬੋਲਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

# ਸੰਘਣੀ ਧੁੰਦ ਕਾਰਨ ਤੁਰਕੀ 'ਚ ਪਲਟੀ ਬੱਸ

## 9 ਸਵਾਰੀਆਂ ਦੀ ਮੌਤ



ਦੱਖਣੀ ਤੁਰਕੀ ਦੇ ਸੈਰ-ਸਪਾਟਾ ਕੇਂਦਰ ਅੰਤਾਲਿਆ ਸੂਬੇ ਵਿਚ ਐਤਵਾਰ ਨੂੰ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ। ਸਵਾਰੀਆਂ ਨਾਲ ਭਰੀ ਇਕ ਤੇਜ਼ ਰਫ਼ਤਾਰ ਬੱਸ ਸੜਕ ਤੋਂ ਫਿਸਲ ਕੇ ਪਲਟ ਗਈ, ਜਿਸ ਕਾਰਨ 9 ਲੋਕਾਂ ਦੀ ਮੌਤ ਹੋ ਗਈ ਅਤੇ 26 ਹੋਰ ਜ਼ਖ਼ਮੀ ਹੋ ਗਏ। ਸੂਬਾਈ ਗਵਰਨਰ ਹੁਲੁਸੀ ਸਾਹਿਨ ਨੇ ਦਸਿਆ ਕਿ ਇਹ ਹਾਦਸਾ ਅੰਤਾਲਿਆ ਸ਼ਹਿਰ ਦੇ ਉੱਤਰ-ਪੱਛਮ ਵਿਚ ਪੈਂਦੇ ਡੋਸੇਮੀਲਟੀ ਜ਼ਿਲ੍ਹੇ ਵਿਚ ਵਾਪਰਿਆ।

ਹਾਦਸੇ ਦੇ ਸਮੇਂ ਇਲਾਕੇ ਵਿਚ ਭਾਰੀ ਮੀਂਹ ਕਾਰਨ ਸੜਕ ਗਿੱਲੀ ਸੀ ਅਤੇ ਕਾਫੀ ਧੁੰਦ ਵੀ ਪੈ ਰਹੀ ਸੀ। ਗਵਰਨਰ ਮੁਤਾਬਕ ਭਾਵੇਂ ਹਾਲਾਤ ਖ਼ਰਾਬ ਸਨ ਪਰ ਲੱਗਦਾ ਹੈ ਕਿ ਬੱਸ ਦੀ ਰਫ਼ਤਾਰ ਕਾਫੀ ਤੇਜ਼ ਸੀ, ਜਿਸ ਕਾਰਨ ਇਹ ਸੰਤੁਲਨ ਗੁਆ ਕੇ ਹਾਈਵੇਅ ਦੇ ਕਿਨਾਰੇ ਪਲਟ ਗਈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਇਹ ਬੱਸ ਤੁਰਕੀ ਦੇ ਉੱਤਰ-ਪੱਛਮੀ ਹਿੱਸੇ ਟੇਕਿਰਦਾਗ ਤੋਂ ਰਾਤ ਭਰ ਦਾ ਸਫ਼ਰ ਤੈਅ ਕਰ ਕੇ ਆ ਰਹੀ ਸੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਈ ਸਵਾਰੀਆਂ ਬੱਸ ਵਿਚੋਂ ਬਾਹਰ ਜਾ ਡਿੱਗੀਆਂ। ਜ਼ਖ਼ਮੀਆਂ ਵਿਚੋਂ ਕਈਆਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ, ਜਿਸ ਕਾਰਨ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਹਾਦਸੇ ਤੋਂ ਬਾਅਦ ਰਾਹਤ ਅਤੇ ਬਚਾਅ ਕਾਰਜ ਤੇਜ਼ੀ ਨਾਲ ਸ਼ੁਰੂ ਕੀਤੇ ਗਏ ਅਤੇ ਜ਼ਖ਼ਮੀਆਂ ਨੂੰ ਨਜ਼ਦੀਕੀ ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ ਹੈ।

# ਅੰਮ੍ਰਿਤਸਰ 'ਚ ਵਾਪਰੇ ਦਰਦਨਾਕ ਹਾਦਸੇ 'ਚ ਪਤੀ ਪਤਨੀ ਦੀ ਮੌਤ

ਅੰਮ੍ਰਿਤਸਰ ਤੋਂ ਬਹੁਤ ਹੀ ਦੁਖਦਾਈ ਖਬਰ ਸਾਹਮਣੇ ਆਈ ਹੈ। ਇਥੇ ਪੁਲਿਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਪ੍ਰੀਤ ਨਗਰ ਤੇ ਵੈਰੋਕੇ ਵਿਚਕਾਰ ਕਾਰ ਤੇ ਮੋਟਰਸਾਈਕਲ ਦੀ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ ਪਤੀ- ਪਤਨੀ ਦੀ ਦਰਦਨਾਕ ਮੌਤ ਹੋ ਗਈ। ਮ੍ਰਿਤਕਾਂ ਦੀ ਪਹਿਚਾਨ ਫ਼ਤਹਿ ਸਿੰਘ (45) ਤੇ ਬਲਜੀਤ ਕੌਰ (40) ਵਾਸੀ ਪਿੰਡ ਲੋਪੋਕੇ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਦੋਵੇਂ ਪਤੀ-ਪਤਨੀ ਪਿੰਡ ਭੀਲੋਵਾਲ ਕੱਚਾ ਤੋਂ ਲੋਪੋਕੇ ਮੋਟਰਸਾਈਕਲ 'ਤੇ ਆ ਰਹੇ ਸਨ। ਜਦੋਂ ਵੈਰੋਕੇ ਤੋਂ ਪ੍ਰੀਤ ਨਗਰ ਵਿਚਕਾਰ ਪਹੁੰਚੇ ਤਾਂ ਗ਼ਲਤ ਸਾਈਡ ਤੋਂ ਆ ਰਹੀ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਤੇ ਉਨ੍ਹਾਂ ਨੂੰ ਘੜੀਸਦੀ ਹੋਈ ਲੈ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਦੋਵਾਂ ਜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਪਾਣੀ ਦੀ ਪੁਨਰ ਸੁਰਜੀਤੀ ਲਈ ਕੇਂਦਰ ਤੋਂ ਪੈਕੇਜ ਦੀ ਕੀਤੀ ਮੰਗ: ਵਿਕਰਮਜੀਤ ਸਿੰਘ ਸਾਹਨੀ



ਦਿੱਲੀ : ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦੇ ਚਿੰਤਾਜਨਕ ਪੱਧਰ ਤੱਕ ਡਿਗ ਜਾਣ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ । ਜਲ ਸ਼ਕਤੀ ਮੰਤਰਾਲੇ ਵਲੋਂ ਰਾਜ ਸਭਾ ਵਿੱਚ ਉਨ੍ਹਾਂ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਕੇਂਦਰੀ ਭੂਮੀਗਤ ਪਾਣੀ ਬੋਰਡ ਦੇ ਅੰਕੜਿਆਂ ਅਨੁਸਾਰ ਹਾਲਾਂਕਿ ਲਗਭਗ 57% ਨਿਗਰਾਨੀ ਕੀਤੇ ਗਏ ਖੂਹਾਂ ਦੇ ਪਾਣੀ ਵਿੱਚ ਮਾਮੂਲੀ ਵਾਧਾ ਹੋਇਆ ਹੈ । ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਭਰ ਵਿੱਚ 42% ਤੋਂ ਵੱਧ ਖੂਹਾਂ ਵਿੱਚ ਭੂਮੀਗਤ ਪਾਣੀ ਦੇ ਪੱਧਰ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਡਾ. ਸਾਹਨੀ ਨੇ ਕਿਹਾ ਕਿ ਇਹ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਖੂਹਾਂ ਦਾ ਸਰਵੇਖਣ 2025 ਦੇ ਮਾਨਸੂਨ ਤੋਂ ਬਾਅਦ ਕੀਤਾ ਗਿਆ ਸੀ ਜਦੋਂ ਪੰਜਾਬ ਨੇ ਆਪਣੇ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਵੱਡੇ ਹੜ੍ਹ ਦੇਖੇ ਹਨ । ਫਿਰ ਵੀ ਇਹ ਚਿੰਤਾ ਦਾ ਮਸਲਾ ਹੈ ਕਿ ਰਾਜ ਭਰ ਵਿੱਚ 9% ਖੂਹਾਂ ਵਿੱਚ ਭੂਮੀਗਤ ਪਾਣੀ 40 ਮੀਟਰ ਤੋਂ ਵੱਧ ਡੂੰਘਾ ਹੈ, ਖਾਸ ਕਰਕੇ ਖੇਤੀਬਾੜੀ ਦੇ ਤੌਰ 'ਤੇ ਮਹੱਤਵਪੂਰਨ ਜ਼ਿਲ੍ਹਿਆਂ ਜਿਵੇਂ ਕਿ ਸੰਗਰੂਰ (100%), ਬਰਨਾਲਾ (67%), ਪਟਿਆਲਾ (44%), ਮੋਗਾ ਅਤੇ ਮਲੇਰਕੋਟਲਾ ਵਿੱਚ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਹੈ। ਸ਼ਹਿਰੀ ਜ਼ਿਲ੍ਹਿਆਂ ਲੁਧਿਆਣਾ, ਜਲੰਧਰ ਅਤੇ ਬਠਿੰਡਾ ਵਿੱਚ ਵੀ, ਜ਼ਿਆਦਾਤਰ ਖੂਹ ਹੁਣ 10-40 ਮੀਟਰ ਡੂੰਘਾਈ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਜਿਸ ਤੋਂ ਭੂਮੀਗਤ ਪਾਣੀ ਦੇ ਅਸਥਾਈ ਸ਼ੋਸ਼ਣ ਦਾ ਸਬੂਤ ਮਿਲਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਗੱਲ ਹੈ ਕਿ ਭੂਮੀਗਤ ਪਾਣੀ ਦੇ ਤਣਾਅ ਦੇ ਇੰਨੇ ਸਪੱਸ਼ਟ ਸਬੂਤਾਂ ਅਤੇ ਰਾਜ ਸਰਕਾਰ ਦੁਆਰਾ ਵਾਰ-ਵਾਰ ਬੇਨਤੀਆਂ ਦੇ ਬਾਵਜੂਦ, ਪੰਜਾਬ ਨੂੰ ਕਦੇ ਵੀ ਅਟਲ ਭੂ-ਜਲ ਯੋਜਨਾ ਦੇ ਅਧੀਨ ਸ਼ਾਮਲ ਨਹੀਂ ਕੀਤਾ ਗਿਆ, ਜੋ ਕਿ ਹੈ ਪਾਣੀ ਦੀ ਕਮੀ ਵਾਲੇ ਖੇਤਰਾਂ ਲਈ ਇੱਕ ਪ੍ਰਮੁੱਖ ਪ੍ਰੋਗਰਾਮ ਹੈ। ਡਾ. ਸਾਹਨੀ ਨੇ ਕੇਂਦਰ ਸਰਕਾਰ ਨੂੰ ਤੁਰੰਤ ਪੰਜਾਬ-ਵਿਸ਼ੇਸ਼ ਭੂਮੀਗਤ ਪੁਨਰ ਸੁਰਜੀਤੀ ਅਤੇ ਫਸਲ-ਵਿਭਿੰਨਤਾ ਪੈਕੇਜ ਦਾ ਐਲਾਨ ਕਰਨ ਦੀ ਅਪੀਲ ਕਰਦਿਆਂ ਚੇਤਾਵਨੀ ਦਿੱਤੀ ਕਿ ਨਿਰੰਤਰ ਨੀਤੀਗਤ ਅਣਗਹਿਲੀ ਰਾਜ ਨੂੰ ਇੱਕ ਅਟੱਲ ਜਲ ਸੰਕਟ ਵੱਲ ਧੱਕ ਸਕਦੀ ਹੈ।

# ਕੇਂਦਰੀ ਬਜਟ 'ਤੇ ਆਮ ਆਦਮੀ ਪਾਰਟੀ ਪੰਜਾਬ ਦੀ ਪ੍ਰਤੀਕਿਰਿਆ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰੀ ਬਜਟ ਇੱਕ ਵਾਰ ਫਿਰ ਪੰਜਾਬ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਿੱਚ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਕਿਸਾਨਾਂ ਲਈ ਐਮਐਸਪੀ ਦੀ ਕੋਈ ਗਾਰੰਟੀ ਨਹੀਂ, ਨੌਜਵਾਨਾਂ ਲਈ ਰੁਜ਼ਗਾਰ ਦਾ ਕੋਈ ਭਰੋਸਾ ਨਹੀਂ ਅਤੇ ਉਦਯੋਗਾਂ ਜਾਂ ਟੈਕਸ ਪ੍ਰਣਾਲੀ ਵਿੱਚ ਕੋਈ ਰਾਹਤ ਨਹੀਂ ਦਿੱਤੀ ਗਈ। ਕੇਂਦਰ ਨੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ, ਜਿਸ ਨਾਲ ਸੂਬੇ ਅਤੇ ਇੱਥੋਂ ਦੇ ਲੋਕਾਂ ਨਾਲ ਇੱਕ ਵਾਰ ਫਿਰ ਬੇਇਨਸਾਫ਼ੀ ਹੋਈ ਹੈ।

ਸੀਐਮ ਮਾਨ ਨੇ ਕਿਹਾ ਕਿ ਪੰਜਾਬੀ ਮਿਹਨਤੀ ਅਤੇ ਜਜ਼ਬੇ ਵਾਲੇ ਹਨ ਅਤੇ ਕੇਂਦਰ ਵੱਲੋਂ ਵਾਰ-ਵਾਰ ਕੀਤੀ ਜਾ ਰਹੀ ਅਣਦੇਖੀ ਦੇ ਬਾਵਜੂਦ ਆਪ ਸਰਕਾਰ ਅਤੇ ਪੰਜਾਬ ਦੇ ਲੋਕ ਇੱਕਜੁੱਟ ਹੋ ਕੇ ਪੰਜਾਬ ਨੂੰ ਆਪਣੇ ਦਮ 'ਤੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਗੇ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਬਜਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀਆਂ ਜਾਇਜ਼ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਜਿਸ ਨਾਲ ਉਸ ਦੇ ਕਿਸਾਨ-ਪੱਖੀ ਹੋਣ ਦੇ ਖੋਖਲੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਚੀਮਾ ਨੇ ਇਸ਼ਾਰਾ ਕੀਤਾ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਅਤੇ ਨਾ ਹੀ ਮੰਡੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਸਹਾਇਤਾ ਦਿੱਤੀ ਗਈ ਹੈ, ਜਿਸ ਨਾਲ ਖੇਤੀ ਪ੍ਰਧਾਨ ਰਾਜਾਂ ਨੂੰ ਆਪਣੇ ਭਰੋਸੇ ਛੱਡ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਦੇਸ਼ ਦਾ ਪੇਟ ਭਰਦਾ ਹੈ, ਫਿਰ ਵੀ ਕੇਂਦਰ ਸਰਕਾਰ ਉਨ੍ਹਾਂ ਪ੍ਰਣਾਲੀਆਂ ਵਿੱਚ ਨਿਵੇਸ਼ ਨੂੰ ਲਗਾਤਾਰ ਅਣਗੌਲਾ ਕਰ ਰਹੀ ਹੈ ਜੋ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। ਵਿੱਤ ਮੰਤਰੀ ਨੇ ਵੱਧ ਕੀਮਤ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਲਈ ਅਪਣਾਏ ਗਏ ਚੋਣਵੇਂ ਪਹੁੰਚ ਦੀ ਵੀ ਆਲੋਚਨਾ ਕੀਤੀ। ਜਦੋਂ ਕਿ ਬਜਟ ਵਿੱਚ ਨਾਰੀਅਲ, ਕਾਜੂ, ਚੰਦਨ ਅਤੇ ਡਰਾਈ ਫਰੂਟਸ ਵਰਗੀਆਂ ਫ਼ਸਲਾਂ ਦਾ ਜ਼ਿਕਰ ਹੈ, ਪਰ ਉੱਤਰੀ ਭਾਰਤ ਦੇ ਕਿਸਾਨਾਂ ਲਈ ਕੁਝ ਵੀ ਨਹੀਂ ਹੈ ਜੋ ਆਪਣੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਦੇ ਅਨੁਕੂਲ ਫ਼ਸਲਾਂ 'ਤੇ ਨਿਰਭਰ ਕਰਦੇ ਹਨ।



ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਬਜਟ ਸਪੱਸ਼ਟ ਤੌਰ 'ਤੇ ਕੇਂਦਰ ਦੇ ਪੱਖਪਾਤ ਅਤੇ ਅੰਨ ਪੈਦਾ ਕਰਨ ਵਾਲੇ ਰਾਜਾਂ, ਖਾਸ ਕਰਕੇ ਪੰਜਾਬ ਦੇ ਕਿਸਾਨਾਂ ਪ੍ਰਤੀ ਉਸ ਦੀ ਲਗਾਤਾਰ ਉਦਾਸੀਨਤਾ ਨੂੰ ਦਰਸਾਉਂਦਾ ਹੈ। ਇਹ ਕਿਸਾਨ ਸਨਮਾਨ, ਸਹਿਯੋਗ ਅਤੇ ਉਚਿਤ ਨਿਵੇਸ਼ ਦੇ ਹੱਕਦਾਰ ਹਨ, ਖੋਖਲੇ ਨਾਅਰਿਆਂ ਦੇ ਨਹੀਂ। ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਬਜਟ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਦੇਸ਼ ਦਾ ਅੰਨ ਭੰਡਾਰ ਭਰਨ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਦੇ ਪੱਲੇ ਇੱਕ ਵਾਰ ਫਿਰ ਖਾਲੀ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਬਜਟ ਵਿੱਚ ਕਣਕ ਅਤੇ ਝੋਨੇ ਤੋਂ ਇਲਾਵਾ ਐਮਐਸਪੀ ਲਈ ਕੋਈ ਸਪੱਸ਼ਟ ਰੋਡਮੈਪ ਨਹੀਂ ਦਿੱਤਾ ਗਿਆ, ਜੋ ਕਿਸਾਨਾਂ ਦੀ ਆਮਦਨ ਦੀ ਸੁਰੱਖਿਆ ਪ੍ਰਤੀ ਕੇਂਦਰ ਦੀ ਗੰਭੀਰਤਾ ਦੀ ਕਮੀ ਨੂੰ ਦਰਸਾਉਂਦਾ ਹੈ। ਖੁੱਡੀਆਂ ਨੇ ਇਸ਼ਾਰਾ ਕੀਤਾ ਕਿ ਫਸਲੀ ਵਿਭਿੰਨਤਾ ਲਈ ਕੋਈ ਠੋਸ ਪੈਕੇਜ ਨਹੀਂ ਦਿੱਤਾ ਗਿਆ, ਜੋ ਪੰਜਾਬ ਵਿੱਚ ਟਿਕਾਊ ਖੇਤੀ ਲਈ ਬਹੁਤ ਜ਼ਰੂਰੀ ਹੈ, ਅਤੇ ਨਾ ਹੀ ਵਾਰ-ਵਾਰ ਆਉਣ ਵਾਲੇ ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਲਈ ਕੋਈ ਵਿੱਤੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਨੇ ਇੱਕ ਵਾਰ ਫਿਰ ਦੇਸ਼ ਦੇ ਅੰਨਦਾਤਿਆਂ ਦੀਆਂ ਮੁਸ਼ਕਲਾਂ ਨੂੰ ਅਣਗੌਲਿਆ ਕਰਕੇ ਅਤੇ ਖੋਖਲੇ ਵਾਅਦੇ ਕਰਕੇ ਉਨ੍ਹਾਂ ਤੋਂ ਮੂੰਹ ਮੋੜ ਲਿਆ ਹੈ। ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਸੱਚੀ ਸਹਾਇਤਾ ਅਤੇ ਨਿਰਪੱਖ ਨੀਤੀਆਂ ਦੇ ਹੱਕਦਾਰ ਹਨ, ਨਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਦੇ। ਮੰਤਰੀ ਅਮਨ ਅਰੋੜਾ ਨੇ ਸੰਸਦ ਵਿੱਚ ਪੇਸ਼ ਕੀਤੇ ਕੇਂਦਰੀ ਬਜਟ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਸ ਨੇ ਦੇਸ਼ ਭਰ ਦੇ ਲੋਕਾਂ ਨੂੰ ਡੂੰਘੀ ਨਿਰਾਸ਼ਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸੱਤਾ ਵਿੱਚ ਆਉਣ ਲਈ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਬਜਟ ਵਿੱਚ ਕਿਸਾਨਾਂ, ਨੌਜਵਾਨਾਂ, ਔਰਤਾਂ ਜਾਂ ਆਮ ਨਾਗਰਿਕਾਂ ਲਈ ਕੋਈ ਸਾਰਥਕ ਕਦਮ ਨਹੀਂ ਚੁੱਕਿਆ ਗਿਆ। ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਪੰਜਾਬ ਨਾਲ ਇੱਕ ਵਾਰ ਫਿਰ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਆਜ਼ਾਦੀ ਤੋਂ ਲੈ ਕੇ ਅੰਨ ਦੀ ਕਮੀ ਦੌਰਾਨ ਦੇਸ਼ ਦਾ ਪੇਟ ਭਰਨ ਤੱਕ ਅਤੇ ਮੁਸ਼ਕਲ ਸਮਿਆਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੇ ਪੰਜਾਬ ਦੇ ਇਤਿਹਾਸਕ ਯੋਗਦਾਨ ਦੇ ਬਾਵਜੂਦ, ਸੂਬੇ ਲਈ ਕਿਸੇ ਵੀ ਨਵੇਂ ਵੱਡੇ ਪ੍ਰੋਜੈਕਟ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ।

ਉਨ੍ਹਾਂ ਕੇਂਦਰ ਦੇ ਇਸ ਰਵੱਈਏ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ ਅਤੇ ਕਿਹਾ ਕਿ ਪੰਜਾਬ ਦੀ ਲਗਾਤਾਰ ਹੋ ਰਹੀ ਅਣਦੇਖੀ ਬਰਦਾਸ਼ਤ ਤੋਂ ਬਾਹਰ ਹੈ। ਅਮਨ ਅਰੋੜਾ ਨੇ ਬਜਟ ਨੂੰ ਸਿਰੇ ਤੋਂ ਨਕਾਰਦਿਆਂ ਪ੍ਰਧਾਨ ਮੰਤਰੀ ਅਤੇ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਵਿਤਕਰਾ ਬੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਯਾਦ ਦਿਵਾਇਆ ਕਿ ਪੰਜਾਬ ਦੇਸ਼ ਦਾ ਅਨਿੱਖੜਵਾਂ ਅੰਗ ਹੈ ਅਤੇ ਇਹ ਨਿਰਪੱਖਤਾ, ਸਤਿਕਾਰ ਅਤੇ ਬਣਦੀ ਸਹਾਇਤਾ ਦਾ ਹੱਕਦਾਰ ਹੈ। ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਬਜਟ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਹ ਪੰਜਾਬ ਨਾਲ ਹੋ ਰਹੇ ਸ਼ਰੇਆਮ ਵਿਤਕਰੇ ਨੂੰ ਦਰਸਾਉਂਦਾ ਹੈ।









# ਮਾਨਸਿਕ ਅਤੇ ਸਰੀਰਕ ਸਿਹਤ ਦਾ ਆਪਸੀ ਸੰਬੰਧ



ਮਨੁੱਖੀ ਸਰੀਰ ਕੁਦਰਤ ਦੀ ਸ਼ਾਹਕਾਰ ਰਚਨਾ ਹੈ ਅਤੇ ਇਸਦਾ ਕੇਂਦਰ ਦਿਮਾਗ ਹੈ। ਜੋ ਸਰੀਰ ਦਾ ਸਭ ਤੋਂ ਅਹਿਮ ਅੰਗ ਹੈ। ਦਿਮਾਗ ਸਰੀਰ ਦੀਆਂ ਸਾਰੀਆਂ ਕਿਰਿਆਵਾਂ ਨੂੰ ਨਿਯੰਤ੍ਰਿਤ ਕਰਦਾ ਹੈ। ਦਿਮਾਗ ਅਤੇ ਸਰੀਰ ਦੇ ਵਿਚਕਾਰ ਸੰਬੰਧ ਸਿਰਫ ਨਿਯੰਤ੍ਰਣ ਅਤੇ ਪ੍ਰਤੀਕਿਰਿਆ ਦਾ ਨਹੀਂ ਹੈ; ਇਹ ਇੱਕ ਗਤੀਸ਼ੀਲ ਪ੍ਰਭਾਵ ਹੈ ਜੋ ਸਰੀਰਕ ਸਿਹਤ, ਭਾਵਨਾਤਮਕ ਸੁਖ-ਦੁੱਖ ਅਤੇ ਕੁੱਲ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ।

***ਦਿਮਾਗ ਇੱਕ ਨਿਯੰਤ੍ਰਣ ਕੇਂਦਰ***

ਦਿਮਾਗ ਸਰੀਰ ਦਾ ਕੇਂਦਰੀ ਕਮਾਂਡ ਕੇਂਦਰ ਹੈ ਜੋ ਸਰੀਰ ਦੀਆਂ ਇੰਦ੍ਰਿਆਂ ਤੋਂ ਜਾਣਕਾਰੀ ਪ੍ਰਾਪਤ ਕਰਕੇ ਪ੍ਰਕਿਰਿਆ ਕਰਦਾ ਹੈ। ਇਹ ਵੱਖ-ਵੱਖ ਖੇਤਰਾਂ ਵਿੱਚ ਵੰਡਿਆ ਗਿਆ ਹੈ। ਅਤੇ ਹਰ ਇੱਕ ਹਿੱਸਾ ਵੱਖਰੇ ਵੱਖਰੇ ਕਾਰਜਾਂ ਦੀ ਦੇਖਰੇਖ ਕਰਦਾ ਹੈ। ਦਿਮਾਗ ਇਕੱਲਾ ਕੰਮ ਨਹੀਂ ਕਰਦਾ ਬਲਕਿ ਇਹ ਲਗਾਤਾਰ ਸਰੀਰ ਨਾਲ ਸੰਚਾਰ ਕਰਦਾ ਹੈ। ਇਹ ਸੰਚਾਰ ਹੋਮਿਓਸਟੇਸਿਸ ਬਣਾਈ ਰੱਖਣ ਲਈ ਜਰੂਰੀ ਹੈ—ਇੱਕ ਆਤਮਿਕ ਬੈਲੈਂਸ ਜੋ ਜੀਵਨ ਲਈ ਲੋੜੀਂਦਾ ਹੈ।

***ਨਿਊਰੋਟਰਾਂਸਮੀਟਰਾਂ ਦੀ ਭੂਮਿਕਾ***

ਨਿਊਰੋਟਰਾਂਸਮੀਟਰ ਰਸਾਇਣਕ ਸੁਨੇਹੇ ਹਨ ਜੋ ਅੰਗਾਂ ਅਤੇ ਦਿਮਾਗ ਦੇ ਵਿਚਕਾਰ ਸੰਕੇਤਾਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਭਾਵਨਾ, ਨੀਂਦ, ਭੁੱਖ ਅਤੇ ਦਰਦ ਦੀ ਧਾਰਣਾ ਨੂੰ ਨਿਯੰਤ੍ਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਉਦਾਹਰਨ ਵਜੋਂ:**

- ਸੇਰੋਟੋਨਿਨ, ਜਿਸਨੂੰ ਚੰਗਾ ਮਹਿਸੂਸ ਕਰਨ ਵਾਲਾ ਨਿਊਰੋਟਰਾਂਸਮੀਟਰ ਕਿਹਾ ਜਾਂਦਾ ਹੈ, ਇਹ ਭਾਵਨਾ ਨਿਯੰਤ੍ਰਿਤ ਕਰਨ ਨਾਲ ਸੰਬੰਧਿਤ ਹੈ। ਸੇਰੋਟੋਨਿਨ ਦੇ ਘੱਟ ਪੱਧਰ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਚਿੰਤਾ ਨੂੰ ਸੱਦਾ ਦਿੰਦੇ ਹਨ।
- ਡੋਪਾਮਾਈਨ ਇਨਾਮ ਪ੍ਰਕਿਰਿਆ ਅਤੇ ਪ੍ਰੇਰਣਾ ਵਿੱਚ ਸ਼ਾਮਲ ਹੁੰਦਾ ਹੈ। ਇਹ ਸਰੀਰ ਦੇ ਅੰਗਾਂ ਵਿਚਕਾਰ ਆਪਸੀ ਤਾਲਮੇਲ ਬਣਾਉਣ ਦੇ ਨਾਲ-ਨਾਲ ਦਿਮਾਗ ਦੇ ਖੁਸ਼ੀ ਦੇ ਕੇਂਦਰਾਂ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
- ਐਂਡੋਰਫਿਨ ਉਹ ਕੁਦਰਤੀ ਦਰਦ ਨਿਵਾਰਕ ਹਨ ਜੋ ਦਿਮਾਗ ਦੁਆਰਾ ਉਤਪਾਦਿਤ ਹੁੰਦੇ ਹਨ ਅਤੇ ਖੁਸ਼ੀ ਦੀਆਂ ਭਾਵਨਾਵਾਂ ਨੂੰ ਵਧਾਉਂਦੇ ਹਨ।

ਇਨ੍ਹਾਂ ਨਿਊਰੋਟਰਾਂਸਮੀਟਰਾਂ ਦਾ ਸੰਤੁਲਨ ਮਨੋਵਿਗਿਆਨਿਕ ਅਤੇ ਸਰੀਰਕ ਸਿਹਤ ਦੋਹਾਂ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦਾ ਹੈ। ਉਦਾਹਰਨ ਵਜੋਂ ਲੰਬੇ ਸਮੇਂ ਤੱਕ ਦੇ ਤਣਾਅ ਨਾਲ ਅਜਿਹੇ ਅਸੰਤੁਲਨ ਹੋ ਸਕਦੇ ਹਨ ਜੋ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਡਰ ਦੇ ਨਾਲ ਦਿਲ ਦੀ ਬਿਮਾਰੀਆਂ ਦਾ ਕਾਰਨ ਵੀ ਬਣ ਸਕਦੇ ਹਨ।

***ਸਰੀਰਕ ਸਿਹਤ ਦਾ ਮਾਨਸਿਕ ਸੁਖ-ਦੁੱਖ 'ਤੇ ਪ੍ਰਭਾਵ***

ਸਰੀਰਕ ਸਿਹਤ ਦਾ ਮਾਨਸਿਕ ਸੁਖ-ਦੁੱਖ 'ਤੇ ਡੂੰਘਾ ਪ੍ਰਭਾਵ ਹੁੰਦਾ ਹੈ। ਰੋਜ਼ਾਨਾ ਕਸਰਤ ਨਾਲ ਮਾਨਸਿਕ ਮਨੋਭਾਵ ਸੁਧਰਦੇ ਹਨ ਅਤੇ ਉਦਾਸੀ ਅਤੇ ਡਰ ਦੇ ਲੱਛਣ ਘੱਟ ਹੁੰਦੇ ਹਨ। ਇਸ ਦੇ ਨਾਲ ਸਰੀਰਕ ਗਤੀਵਿਧੀਆਂ ਵਧੀਆ ਨੀਂਦ ਦੀ ਗੁਣਵੱਤਾ ਨੂੰ ਵੀ ਉਤਸ਼ਾਹਿਤ ਕਰਦੀ ਹੈ ਜੋ ਕਿ ਕੋਗਨੀਟਿਵ ਕਾਰਜਾਂ ਅਤੇ ਭਾਵਨਾ ਨਿਯੰਤ੍ਰਣ ਲਈ ਜ਼ਰੂਰੀ ਹੈ।

ਪੋਸ਼ਣ ਵੀ ਇਸ ਸੰਬੰਧ ਵਿੱਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਓਮੇਗਾ-3 ਫੈਟੀ ਐਸਿਡ, ਐਂਟੀਓਕਸਿਡੈਂਟ, ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਸੰਤੁਲਿਤ ਆਹਾਰ ਦਿਮਾਗ ਦੀ ਸਿਹਤ ਨੂੰ ਸਮਰੱਥਨ ਕਰਦਾ ਹੈ।

***ਮਾਨਸਿਕ ਅਵਸਥਾ ਦਾ ਸਰੀਰਕ ਸਿਹਤ 'ਤੇ ਪ੍ਰਭਾਵ***

ਉਲਟ ਮਾਨਸਿਕ ਅਵਸਥਾ ਸਰੀਰਕ ਸਿਹਤ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦੀ ਹੈ। ਲੰਬੇ ਸਮੇਂ ਤੱਕ ਦੇ ਤਣਾਅ, ਉਦਾਸੀ ਅਤੇ ਡਰ ਸਮੇਤ ਕਈ ਸਰੀਰਕ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ, ਜਿਵੇਂ ਕਿ:

**• ਦਿਲ ਦੀਆਂ ਸਮੱਸਿਆਵਾਂ:**

ਲੰਮੇ ਸਮੇਂ ਦਾ ਤਣਾਅ ਕੋਰਟੀਜ਼ੋਲ ਅਤੇ ਐਡ੍ਰੀਨਲਾਈਨ ਹਾਰਮੋਨ ਦੇ ਛੱਡਣ ਨੂੰ ਪ੍ਰੇਰਿਤ ਕਰਦਾ ਹੈ ਜੋ ਕਿ ਸਮੇਂ ਦੇ ਨਾਲ ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਉੱਚਾ ਕਰ ਸਕਦੇ ਹਨ, ਜਿਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵਧ ਜਾਂਦਾ ਹੈ।

**• ਇਮਯੂਨ ਸਿਸਟਮ :**

ਲੰਬੇ ਸਮੇਂ ਤੱਕ ਦੇ ਤਣਾਅ ਨਾਲ ਇਮਯੂਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ ਜਿਸ ਨਾਲ ਵਿਅਕਤੀ ਬਿਮਾਰੀਆਂ ਅਤੇ ਇੰਫੈਕਸ਼ਨਾ ਪ੍ਰਤੀ ਵੱਧ ਸੰਵੇਦਨਸ਼ੀਲ ਹੋ ਜਾਂਦੇ ਹਨ।

**• ਪਚਾਉਣ ਦੀਆਂ ਸਮੱਸਿਆਵਾਂ:**

ਲੰਮੇ ਸਮੇਂ ਦਾ ਤਣਾਅ ਮਨੋਵਿਗਿਆਨਿਕ ਬਿਮਾਰੀਆਂ ਉਦਾਸੀ ਅਤੇ ਡਰ ਨੂੰ ਜਨਮ ਦਿੰਦਾ ਹੈ ਜਿਸ ਨਾਲ ਪਚਾਉਣ ਦੀਆਂ ਸਮੱਸਿਆਵਾਂ ਜਿਵੇਂ ਕਿ ਇਰੇਟੇਬਲ ਬਾਅਲ ਸਿੰਡ੍ਰੋਮ (IBS) ਨੂੰ ਜਨਮ ਦੇ ਸਕਦੇ ਹਨ ਜੋ ਮੌਜੂਦਾ ਹਾਲਤਾਂ ਨੂੰ ਹੋਰ ਮਾੜਾ ਕਰ ਸਕਦੇ ਹਨ।



ਡਾ.ਸੁਰਿੰਦਰ ਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਸਿਰਦਰਦ ਦੀ ਗੋਲੀ ਖਾ ਰਹੇ ਹੋ? ਸਾਵਧਾਨ!

ਐਂਟੀਬਾਇਓਟਿਕਸ ਦਵਾਈਆਂ ਦੇ ਅਸਰ ਤੋਂ ਮੁਕਤ ਖ਼ਤਰਨਾਕ ਕਿਸਮ ਦੇ ਇਨਫੈਕਸ਼ਨ 'ਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਮਾਹਿਰਾਂ ਅਨੁਸਾਰ, ਤੇਜ਼ੀ ਨਾਲ ਵਧ ਰਿਹਾ ਐਂਟੀਬਾਇਓਟਿਕ ਰੈਜ਼ਿਸਟੈਂਸ (Antibiotic Resistance) ਆਧੁਨਿਕ ਚਿਕਿਤਸਾ ਵਿਗਿਆਨ ਦੇ ਭਵਿੱਖ ਲਈ ਖ਼ਤਰਾ ਬਣ ਚੁੱਕਾ ਹੈ। ਭਾਰਤ ਵਰਗੇ ਦੇਸ਼ਾਂ ਵਿਚ ਜਿੱਥੇ ਇਕ ਵੱਡੀ ਆਬਾਦੀ ਮਿਆਰੀ ਸਿਹਤ ਸੇਵਾਵਾਂ ਤੋਂ ਦੂਰ ਹੈ, ਉੱਥੇ ਦਵਾਈ-ਰੋਧਕ ਇਨਫੈਕਸ਼ਨ ਦਾ ਜੋਖ਼ਮ ਕਿਤੇ ਜ਼ਿਆਦਾ ਹੈ। ਵਿਸ਼ਵ ਸਿਹਤ ਸੰਗਠਨ (WHO) ਦਾ ਕਹਿਣਾ ਹੈ ਕਿ ਦੱਖਣ ਅਤੇ ਪੂਰਬੀ ਏਸ਼ੀਆ 'ਚ ਐਂਟੀਬਾਇਓਟਿਕ ਰੈਜ਼ੀਸਟੈਂਸ ਵਿਸ਼ਵਵਿਆਪੀ ਔਸਤ ਦੇ ਮੁਕਾਬਲੇ ਲਗਪਗ ਦੁੱਗਣਾ ਹੋ ਚੁੱਕਾ ਹੈ।

ਵਿਸ਼ਵ ਸਿਹਤ ਸੰਗਠਨ ਦੀ ਨਵੀਂ ਰਿਪੋਰਟ ਅਨੁਸਾਰ, ਐਂਟੀਬਾਇਓਟਿਕ ਰੈਜ਼ੀਸਟੈਂਸ ਵਿੱਚ ਹਰ ਸਾਲ 15 ਫੀਸਦੀ ਦਾ ਵਾਧਾ ਹੋ ਰਿਹਾ ਹੈ।

ਰਿਪੋਰਟ ਮੁਤਾਬਕ, ਸਾਲ 2023 ਵਿੱਚ 6 ਵਿੱਚੋਂ ਇੱਕ ਇਨਫੈਕਸ਼ਨ 'ਤੇ ਆਮ ਐਂਟੀਬਾਇਓਟਿਕਸ ਬੇਅਸਰ ਸਾਬਤ ਹੋਈਆਂ। ਇਸ ਵਿੱਚ ਪਿਸ਼ਾਬ ਪ੍ਰਣਾਲੀ ਦੇ ਇਨਫੈਕਸ਼ਨ (UTI), ਗੋਨੋਰੀਆ ਅਤੇ ਈ.ਕੋਲਾਈ (E.coli) ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਸ਼ਾਮਲ ਹਨ।

* ਐਂਟੀਬਾਇਓਟਿਕ ਰੈਜ਼ਿਸਟੈਂਸ ਕਾਰਨ ਹਰ ਸਾਲ 10 ਲੱਖ ਲੋਕਾਂ ਦੀ ਮੌਤ ਹੁੰਦੀ ਹੈ ਜਦੋਂਕਿ ਦੁਨੀਆ ਭਰ ਵਿਚ ਹਰ ਸਾਲ ਹੋਣ ਵਾਲੀਆਂ 50 ਲੱਖ ਮੌਤਾਂ ਦੇ ਪਿੱਛੇ ਇੱਕ ਮੁੱਖ ਕਾਰਨ ਐਂਟੀਬਾਇਓਟਿਕ ਰੈਜ਼ਿਸਟੈਂਸ ਵੀ ਹੁੰਦਾ ਹੈ।

* ਦੱਖਣ-ਪੂਰਬੀ ਏਸ਼ਿਆਈ ਤੇ ਪੂਰਬੀ ਭੂਮੱਧ ਸਾਗਰ ਦੇ ਦੇਸ਼ਾਂ 'ਚ 3 ਵਿੱਚੋਂ ਇਕ ਇਨਫੈਕਸ਼ਨ ਐਂਟੀਬਾਇਓਟਿਕਸ ਦੇ ਪ੍ਰਤੀ ਰੋਧਕ (Resistant) ਹੁੰਦਾ ਹੈ। ਇਹ ਅੰਕੜਾ ਵਿਸ਼ਵਵਿਆਪੀ ਔਸਤ ਨਾਲੋਂ ਦੁੱਗਣਾ ਅਤੇ ਯੂਰਪ ਦੇ ਮੁਕਾਬਲੇ ਤਿੰਨ ਗੁਣਾ ਜ਼ਿਆਦਾ ਹੈ।

**ਘੱਟ ਆਮਦਨ ਵਾਲੇ ਦੇਸ਼ਾਂ ਸਾਹਮਣੇ ਗੰਭੀਰ ਚੁਣੌਤੀ**

ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿਚ ਰੈਜ਼ਿਸਟੈਂਸ (ਦਵਾਈਆਂ ਦੇ ਬੇਅਸਰ ਹੋਣ) ਦੀ ਸਮੱਸਿਆ ਤੁਲਨਾਤਮਕ ਤੌਰ 'ਤੇ ਬਹੁਤ ਗੰਭੀਰ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਸਿਹਤ ਸੰਭਾਲ ਦਾ ਢਾਂਚਾ ਕਮਜ਼ੋਰ ਹੈ, ਜਿਸ ਕਾਰਨ ਬਿਮਾਰੀ ਦੀ ਪਛਾਣ ਕਰਨ, ਬਚਾਅ ਅਤੇ ਇਲਾਜ ਕਰਨ ਵਿਚ ਕਾਫ਼ੀ ਮੁਸ਼ਕਲਾਂ ਆਉਂਦੀਆਂ ਹਨ।

ਆਰਥਿਕ ਪ੍ਰਭਾਵ: AMR (ਐਂਟੀ-ਮਾਈਕ੍ਰੋਬੀਅਲ ਰੈਜ਼ੀਸਟੈਂਸ) ਦੇ ਚਲਦਿਆਂ 2050 ਤਕ ਵਿਸ਼ਵਵਿਆਪੀ ਉਤਪਾਦਨ (Global Output) 'ਚ 1.3 ਖਰਬ ਡਾਲਰ ਦੀ ਕਮੀ ਆ ਸਕਦੀ ਹੈ। ਇਸ ਨਾਲ ਜਿੱਥੇ ਇਲਾਜ ਦੇ ਖਰਚੇ ਵਧਣਗੇ, ਉੱਥੇ ਹੀ ਲੋਕਾਂ ਦੀ ਕੰਮ ਕਰਨ ਦੀ ਸਮਰੱਥਾ (Productivity) ਵਿੱਚ ਵੀ ਗਿਰਾਵਟ ਆਵੇਗੀ।

ਮੌਤਾਂ ਦਾ ਖ਼ਦਸ਼ਾ: 'ਲਾਂਸੈਂਟ' ਦੇ ਇਕ ਅਧਿਐਨ ਮੁਤਾਬਕ, ਅਗਲੇ 25 ਸਾਲਾਂ ਵਿੱਚ ਦੁਨੀਆ ਭਰ 'ਚ ਦਵਾਈ-ਰੋਧਕ ਇਨਫੈਕਸ਼ਨ ਕਾਰਨ 3.9 ਕਰੋੜ ਲੋਕਾਂ ਦੀ ਮੌਤ ਹੋ ਸਕਦੀ ਹੈ।

WHO ਦੀ ਪਹਿਲ: 2015 ਵਿੱਚ ਸ਼ੁਰੂ ਕੀਤੇ ਗਏ WHO ਦੇ ਐਂਟੀ-ਮਾਈਕ੍ਰੋਬੀਅਲ ਰੈਜ਼ੀਸਟੈਂਸ ਸਰਵੀਲੈਂਸ ਸਿਸਟਮ ਨਾਲ ਹੁਣ ਤੱਕ 140 ਦੇਸ਼ ਜੁੜ ਚੁੱਕੇ ਹਨ।

ਬੇਅਸਰ ਦਵਾਈਆਂ: ਵਰਤੋਂ ਵਿੱਚ ਆਉਣ ਵਾਲੀਆਂ 40 ਪ੍ਰਤੀਸ਼ਤ



ਆਮ ਐਂਟੀਬਾਇਓਟਿਕ ਦਵਾਈਆਂ ਹੁਣ ਇਨਫੈਕਸ਼ਨ ਦੇ ਇਲਾਜ ਵਿੱਚ ਬੇਅਸਰ ਹੋ ਚੁੱਕੀਆਂ ਹਨ।

**ਬਚਾਅ ਦੇ ਕਾਰਗਰ ਤਰੀਕੇ**

ਸਫਾਈ: ਸਫਾਈ ਦੀ ਆਦਤ ਪਾਓ, ਤਾਂ ਜੋ ਤੁਸੀਂ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਦਾ ਸ਼ਿਕਾਰ ਨਾ ਬਣੋ।

ਡਾਕਟਰੀ ਸਲਾਹ: ਜ਼ਰੂਰਤ ਹੋਣ 'ਤੇ ਹੀ ਅਤੇ ਸਿਰਫ ਡਾਕਟਰ ਦੀ ਸਲਾਹ (Consultation) 'ਤੇ ਐਂਟੀਬਾਇਓਟਿਕ ਦੀ ਵਰਤੋਂ ਕਰੋ।

ਟੀਕਾਕਰਨ: ਡਾਕਟਰ ਦੀ ਸਲਾਹ ਅਨੁਸਾਰ ਲੋੜੀਂਦਾ ਟੀਕਾਕਰਨ (Vaccination) ਜ਼ਰੂਰ ਕਰਵਾਓ।

**ਦਰਦ ਨਿਵਾਰਕ ਦਵਾਈਆਂ ਵੀ ਹਨ ਜ਼ਿੰਮੇਵਾਰ !**

ਇਕ ਰਿਪੋਰਟ ਦੀ ਮੰਨੀਏ ਤਾਂ ਦਰਦ ਨਿਵਾਰਕ ਦਵਾਈਆਂ ਵੀ ਐਂਟੀਬਾਇਓਟਿਕ ਰੈਜ਼ੀਸਟੈਂਸ (ਦਵਾਈਆਂ ਦੇ ਬੇਅਸਰ ਹੋਣ) ਦੇ ਵਾਧੇ ਦਾ ਕਾਰਨ ਬਣ ਸਕਦੀਆਂ ਹਨ। ਰਿਸਰਚ ਜਰਨਲ 'NPJ' ਮੁਤਾਬਕ, ਆਈਬੂਪ੍ਰੋਫੇਨ (Ibuprofen) ਅਤੇ ਐਸੀਟਾਮਿਨੋਫੇਨ (Acetaminophen) ਈ.ਕੋਲਾਈ (ਓ.ਚੋਲਿ) ਬੈਕਟੀਰੀਆ 'ਚ 'ਮਿਊਟੇਸ਼ਨ' (ਬਦਲਾਅ) ਨੂੰ ਵਧਾਉਂਦੇ ਹਨ। ਇਸ ਨਾਲ ਆਮ ਬੈਕਟੀਰੀਆ, ਐਂਟੀਬਾਇਓਟਿਕ ਦਵਾਈ 'ਸਿਪਰੋਫਲੋਕਸਾਸਿਨ' (Ciprofloxacin) ਦੇ ਪ੍ਰਤੀ ਵਧੇਰੇ ਰੋਧਕ ਹੋ ਜਾਂਦੇ ਹਨ। ਇਸ ਅਧਿਐਨ ਤੋਂ ਸਪੱਸ਼ਟ ਹੈ ਕਿ ਕਈ ਸਾਰੀਆਂ ਦਵਾਈਆਂ ਦੇ ਇਕੱਠੇ ਇਸਤੇਮਾਲ ਨਾਲ ਜੋਖ਼ਮ ਵਧਦਾ ਹੈ। ਵਧੇਰੇ ਉਮਰ ਦੇ ਲੋਕਾਂ ਨੂੰ ਇੱਕੋ ਸਮੇਂ ਦਰਦ, ਨੀਂਦ ਜਾਂ ਬਲੱਡ ਪ੍ਰੈਸ਼ਰ ਲਈ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਵੀ ਅੰਤੜੀਆਂ ਦੇ ਬੈਕਟੀਰੀਆ ਨੂੰ ਐਂਟੀਬਾਇਓਟਿਕ ਦੇ ਪ੍ਰਤੀ ਰੋਧਕ ਬਣਾਉਂਦੀਆਂ ਹਨ। ਈ.ਕੋਲਾਈ ਬੈਕਟੀਰੀਆ ਨਾਲ ਅੰਤੜੀਆਂ ਅਤੇ ਪਿਸ਼ਾਬ ਪ੍ਰਣਾਲੀ (Urinary Tract) ਦੇ ਇਨਫੈਕਸ਼ਨ ਹੋ ਸਕਦੇ ਹਨ। ਅਜਿਹੀ ਹਾਲਤ 'ਚ ਪਤਲੇ ਦਸਤ ਲੱਗ ਸਕਦੇ ਹਨ (ਜੋ ਕਦੇ-ਕਦੇ ਖ਼ੂਨੀ ਵੀ ਹੁੰਦੇ ਹਨ)। ਜੀਅ ਕੱਚਾ ਹੋਣਾ (ਮਤਲੀ) ਅਤੇ ਉਲਟੀਆਂ ਆਉਣਾ। ਪੇਟ 'ਚ ਦਰਦ ਅਤੇ ਮਰੋੜ ਉੱਠਣਾ।

# ਰਿਫਾਇੰਡ ਜਾਂ ਜੈਤੂਨ ਦਾ ਤੇਲ ਨਹੀਂ, ਇਹ 'ਦੇਸੀ ਤੇਲ' ਹੈ ਸਿਹਤ ਦਾ ਖਜ਼ਾਨਾ !



ਰਸੋਈ 'ਚ ਤੜਕੇ ਦੀ ਛਣਛਣਾਹਟ ਤੋਂ ਲੈ ਕੇ ਸਰਦੀਆਂ ਦੀ ਨਿੱਘੀ ਧੁੱਪ ਤਕ, ਸਰ੍ਹੋਂ ਦਾ ਤੇਲ ਸਦੀਆਂ ਤੋਂ ਹਰ ਭਾਰਤੀ ਘਰ ਦਾ ਹਿੱਸਾ ਰਿਹਾ ਹੈ। ਇਹ ਸਿਰਫ਼ ਇਕ ਤੇਲ ਨਹੀਂ, ਸਗੋਂ ਸਵਾਦ ਅਤੇ ਸਿਹਤ ਦਾ ਉਹ ਜਾਦੂਈ ਸੁਮੇਲ ਹੈ, ਜੋ ਬੇਸੁਆਦ ਖਾਣੇ ਤੇ ਥੱਕੇ ਹੋਏ ਸਰੀਰ, ਦੋਵਾਂ 'ਚ ਤੁਰੰਤ ਜਾਨ ਫੂਕ ਦਿੰਦਾ ਹੈ। ਸਰ੍ਹੋਂ ਦੇ ਇਨ੍ਹਾਂ ਫਾਇਦਿਆਂ ਬਾਰੇ ਅੱਜ ਅਸੀਂ ਤੁਹਾਨੂੰ ਆਪਣੇ ਇਸ ਲੇਖ ਵਿੱਚ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਸਰ੍ਹੋਂ ਦਾ ਤੇਲ ਵਰਤਣ ਦੇ ਕੁਝ ਬੇਮਿਸਾਲ ਫਾਇਦੇ:

**1. ਦਿਲ ਲਈ ਫਾਇਦੇਮੰਦ**

ਸਰ੍ਹੋਂ ਦਾ ਤੇਲ ਦਿਲ ਦੀ ਚੰਗੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਵਿੱਚ ਭਰਪੂਰ ਮਾਤਰਾ ਵਿੱਚ ਮੋਨੋਅਨਸੈਚੁਰੇਟਿਡ ਫੈਟੀ ਐਸਿਡ (MUFA) ਮੌਜੂਦ ਹੁੰਦੇ ਹਨ, ਜੋ ਦਿਲ ਦੀ ਸਿਹਤ ਲਈ ਚੰਗੇ ਮੰਨੇ ਜਾਂਦੇ ਹਨ। ਇਸ ਨੂੰ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਨ ਨਾਲ ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

ਇਸ ਦੇ ਨਾਲ ਹੀ, ਇਹ ਸਰੀਰ ਵਿੱਚ ਚੰਗੇ ਕੋਲੇਸਟ੍ਰੋਲ (HDL) ਨੂੰ ਵਧਾਉਂਦਾ ਹੈ ਅਤੇ ਮਾੜੇ ਕੋਲੇਸਟ੍ਰੋਲ (LDL) ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਹੁੰਦਾ ਹੈ। ਹਾਲਾਂਕਿ, ਦਿਲ ਦੀ ਸਿਹਤ 'ਤੇ ਸਰ੍ਹੋਂ ਦੇ ਤੇਲ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਜੇ ਹੋਰ ਖੋਜ ਦੀ ਲੋੜ ਹੈ।

**2. ਸਕਿਨ ਤੇ ਵਾਲਾਂ ਲਈ ਵਧੀਆ :** ਸਰ੍ਹੋਂ ਦਾ ਤੇਲ ਸਕਿਨ ਤੇ ਵਾਲਾਂ ਦੋਵਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਇਸ ਦੀ ਵਰਤੋਂ ਅਕਸਰ ਦਾਦੀ-ਨਾਨੀ ਛੋਟੇ ਬੱਚਿਆਂ ਦੇ ਸਰੀਰ ਦੀ ਮਾਲਿਸ਼ ਲਈ ਕਰਦੀਆਂ ਹਨ। ਇਹ ਸਕਿਨ ਨੂੰ ਨਮੀ (Moisturize) ਦਿੰਦਾ ਹੈ ਅਤੇ ਖੁਸ਼ਕੀ ਨੂੰ ਘਟਾਉਂਦਾ ਹੈ। ਨਾਲ ਹੀ, ਇਹ ਫਟੀਆਂ ਅੱਡੀਆਂ ਨੂੰ ਠੀਕ ਕਰਨ ਦਾ ਇਕ ਵਧੀਆ ਤਰੀਕਾ ਹੈ। ਸਰ੍ਹੋਂ ਦੇ ਤੇਲ ਵਿੱਚ ਥੋੜ੍ਹੀ ਜਿਹੀ ਮੋਮ ਮਿਲਾ ਕੇ ਤੁਸੀਂ ਰੁੱਖੀਆਂ ਅਤੇ ਫਟੀਆਂ ਅੱਡੀਆਂ ਨੂੰ ਆਸਾਨੀ ਨਾਲ ਠੀਕ ਕਰ ਸਕਦੇ ਹੋ। ਇੰਨਾ ਹੀ ਨਹੀਂ, ਇਹ ਝੁਰੜੀਆਂ, ਫਾਈਨ ਲਾਈਨਜ਼ ਤੇ ਵਾਲਾਂ ਦੇ ਵਧੀਆ ਵਾਧੇ ਲਈ ਵੀ ਫਾਇਦੇਮੰਦ ਹੁੰਦਾ ਹੈ। ਇਸ ਦਾ ਕੋਈ ਸਾਈਡ ਇਫੈਕਟ ਨਾ ਹੋਵੇ, ਇਸ ਲਈ ਵਰਤੋਂ ਤੋਂ ਪਹਿਲਾਂ ਪੈਚ ਟੈਸਟ (Patch Test) ਜ਼ਰੂਰ ਕਰੋ।

**3. ਕੈਂਸਰ ਦਾ ਖ਼ਤਰਾ ਘਟਾਏ**

ਕੀ ਤੁਸੀਂ ਜਾਣਦੇ ਹੋ ਕਿ ਖਾਣੇ 'ਚ ਵਰਤਿਆ ਜਾਣ ਵਾਲਾ ਸਰ੍ਹੋਂ ਦਾ ਤੇਲ ਕੈਂਸਰ ਦੇ ਖ਼ਤਰੇ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੋ ਸਕਦਾ ਹੈ? ਕੁਝ ਖੋਜਾਂ ਵਿੱਚ ਪਾਇਆ ਗਿਆ ਹੈ ਕਿ ਇਹ ਕਈ ਤਰ੍ਹਾਂ ਦੇ ਕੈਂਸਰ ਸੈੱਲਾਂ ਦੇ ਵਾਧੇ ਨੂੰ ਘਟਾਉਂਦਾ ਹੈ। ਇਕ ਅਧਿਐਨ ਦੌਰਾਨ ਪਾਇਆ ਗਿਆ ਕਿ ਮੱਕੀ ਦੇ ਤੇਲ ਜਾਂ ਫਿਸ਼ ਆਇਲ ਦੇ ਮੁਕਾਬਲੇ ਸਰ੍ਹੋਂ ਦਾ ਤੇਲ ਚੂਹਿਆਂ 'ਚ ਕੋਲਨ ਕੈਂਸਰ ਦੇ ਖ਼ਤਰੇ ਨੂੰ ਘਟਾਉਣ ਵਿੱਚ ਜ਼ਿਆਦਾ ਪ੍ਰਭਾਵਸ਼ਾਲੀ ਸਾਬਤ ਹੋਇਆ। ਜਾਨਵਰਾਂ 'ਤੇ ਕੀਤੇ ਗਏ ਇਕ ਹੋਰ ਅਧਿਐਨ ਤੋਂ ਪਤਾ ਲੱਗਾ ਹੈ ਕਿ ਇਸ ਵਿਚ ਮੌਜੂਦ ਐਲਿਲ ਆਈਸੋਥਿਓਸਾਈਨੇਟ (Allyl Isothiocyanate) ਬਲੈਡਰ ਕੈਂਸਰ ਦੇ ਵਾਧੇ ਨੂੰ ਲਗਪਗ 35% ਤੱਕ ਘਟਾ ਸਕਦਾ ਹੈ। ਹਾਲਾਂਕਿ, ਇਨਸਾਨਾਂ 'ਤੇ ਇਸ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਜੇ ਹੋਰ ਵਿਗਿਆਨਕ ਖੋਜ ਦੀ ਲੋੜ ਹੈ।

# 2045 ਤੱਕ ਭਾਰਤ 'ਚ ਹਰ ਸਾਲ ਹੋਣਗੇ 24.5 ਲੱਖ ਕੈਂਸਰ ਮਰੀਜ਼

ਦੇਸ਼ ਵਿੱਚ ਕੈਂਸਰ ਇੱਕ ਵੱਡੇ ਅਤੇ ਗੰਭੀਰ ਜਨਤਕ ਸਿਹਤ ਸੰਕਟ ਵੱਲ ਵਧ ਰਿਹਾ ਹੈ। ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਸਾਲ 2045 ਤੱਕ ਦੇਸ਼ ਵਿੱਚ ਹਰ ਸਾਲ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਗਿਣਤੀ 15 ਲੱਖ ਤੋਂ ਵੱਧ ਕੇ 24.5 ਲੱਖ ਤੋਂ ਜ਼ਿਆਦਾ ਹੋ ਜਾਵੇਗੀ। ਅਜਿਹੇ ਵਿੱਚ ਇਸ ਦੀ ਰੋਕਥਾਮ ਲਈ ਸਿਰਫ ਇਲਾਜ 'ਤੇ ਕੇਂਦਰਿਤ ਨੀਤੀ ਕਾਫ਼ੀ ਨਹੀਂ ਹੋਵੇਗੀ, ਸਗੋਂ ਸਮੇਂ ਸਿਰ ਜਾਂਚ, ਰੋਕਥਾਮ ਅਤੇ ਸ਼ੁਰੂਆਤੀ ਪਛਾਣ ਨੂੰ ਰਾਸ਼ਟਰੀ ਸਿਹਤ ਰਣਨੀਤੀ ਦਾ ਕੇਂਦਰ ਬਣਾਉਣਾ ਹੋਵੇਗਾ। ਇੰਡੀਅਨ ਕੈਂਸਰ ਸੋਸਾਇਟੀ (ICS) ਦਿੱਲੀ ਨੇ ਵਿਸ਼ਵ ਕੈਂਸਰ ਦਿਵਸ ਦੀ ਪੂਰਬਲੀ ਸ਼ਾਮ 'ਤੇ ਕਿਹਾ ਕਿ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਮਰੀਜ਼ ਉਸ ਸਥਿਤੀ ਤੱਕ ਪਹੁੰਚਣ ਹੀ ਨਾ, ਜਿੱਥੇ ਮਹਿੰਗਾ ਇਲਾਜ ਹੀ ਇੱਕੋ-ਇੱਕ ਵਿਕਲਪ ਬਚੇ।

ਕੇਂਦਰੀ ਬਜਟ 2026-27 ਵਿੱਚ ਸਰਕਾਰ ਨੇ ਕੈਂਸਰ ਦੇ ਇਲਾਜ ਨੂੰ ਸਸਤਾ ਅਤੇ ਸੁਲਭ ਬਣਾਉਣ ਲਈ ਕਈ ਐਲਾਨ ਕੀਤੇ ਸਨ। ਇਨ੍ਹਾਂ ਵਿੱਚ ਚੋਣਵੀਆਂ ਕੈਂਸਰ ਦਵਾਈਆਂ 'ਤੇ ਕਸਟਮ ਡਿਊਟੀ ਵਿੱਚ ਛੋਟ ਅਤੇ ਘਰੇਲੂ ਬਾਇਓਫਾਰਮਾ ਉਤਪਾਦਨ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ICS ਦੇ ਸਿਹਤ ਮਾਹਿਰਾਂ ਨੇ ਇਨ੍ਹਾਂ ਕਦਮਾਂ ਦਾ ਸਵਾਗਤ ਤਾਂ ਕੀਤਾ ਪਰ ਨਾਲ ਹੀ ਚਿਤਾਵਨੀ ਵੀ ਦਿੱਤੀ ਕਿ ਇਲਾਜ ਤੱਕ ਸੀਮਤ ਸੋਚ ਅਤੇ ਨੀਤੀ ਭਾਰਤ ਵਿੱਚ ਵਧਦੇ ਕੈਂਸਰ ਦੇ ਬੋਝ ਨਾਲ ਨਜਿੱਠਣ ਲਈ ਕਾਫ਼ੀ ਨਹੀਂ ਹੈ।

ਮੰਗਲਵਾਰ ਨੂੰ ਇਨ੍ਹਾਂ ਮੁੱਦਿਆਂ 'ਤੇ ਕਰਵਾਏ ਸੰਵਾਦ ਵਿੱਚ ICS ਦਿੱਲੀ ਸ਼ਾਖਾ ਦੇ ਸਿਹਤ ਮਾਹਿਰਾਂ, ਨੀਤੀ ਘੜਨ ਵਾਲਿਆਂ ਅਤੇ ਕੈਂਸਰ ਨੂੰ ਮਾਤ ਦੇ ਚੁੱਕੇ ਲੋਕਾਂ ਨੇ ਕੈਂਸਰ ਦੇ ਬਦਲਦੇ ਰੁਝਾਨਾਂ, ਜਾਂਚ ਪ੍ਰਣਾਲੀ ਦੀਆਂ ਕਮਜ਼ੋਰੀਆਂ ਅਤੇ ਪ੍ਰਭਾਵਸ਼ਾਲੀ ਰੋਕਥਾਮ ਰਣਨੀਤੀਆਂ ਦੀ ਲੋੜ 'ਤੇ ਵਿਸਤਾਰ ਨਾਲ ਚਰਚਾ ਕੀਤੀ। ਕਿਹਾ ਗਿਆ ਕਿ ਬਜਟ ਨੇ ਇਲਾਜ ਨੂੰ ਕੁਝ ਹੱਦ ਤੱਕ ਸੁਲਭ ਬਣਾਇਆ ਹੈ, ਪਰ ਸਾਡਾ ਫੋਕਸ ਇਸ ਗੱਲ 'ਤੇ ਹੈ ਕਿ ਭਾਈਚਾਰਕ ਪੱਧਰ 'ਤੇ ਕੰਮ ਕਰਦੇ ਹੋਏ ਨੀਤੀ ਅਤੇ ਜ਼ਮੀਨੀ ਹਕੀਕਤ ਦੇ ਵਿਚਕਾਰ ਦੀ ਖਾਈ ਨੂੰ ਪੂਰਿਆ ਜਾਵੇ।

ICS ਦਿੱਲੀ ਦੀ ਚੇਅਰਪਰਸਨ ਜਯੋਤਸਨਾ ਗੋਵਿਲ ਨੇ ਕਿਹਾ ਕਿ ਮਿੱਥਾਂ ਨੂੰ ਤੋੜਨਾ, ਸਮੇਂ ਸਿਰ ਜਾਂਚ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨਕ ਜਾਣਕਾਰੀ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ। ਫੋਰਟਿਸ ਮੈਮੋਰੀਅਲ ਹਸਪਤਾਲ ਦੇ ਸੀਨੀਅਰ ਡਾਇਰੈਕਟਰ (ਆਨਕੋਲੋਜੀ) ਡਾ. ਨਿਤੇਸ਼ ਰੋਹਤਗੀ ਨੇ ਸ਼ੁਰੂਆਤੀ ਸਕ੍ਰੀਨਿੰਗ ਅਤੇ ਨਵੀਆਂ ਡਾਇਗਨੋਸਟਿਕ ਤਕਨੀਕਾਂ ਨੂੰ ਬਿਹਤਰ ਇਲਾਜ ਦੇ ਨਤੀਜਿਆਂ ਅਤੇ ਘੱਟ ਲਾਗਤ ਦੀ ਕੁੰਜੀ ਦੱਸਿਆ। ਨੀਤੀ ਆਯੋਗ ਦੀ ਸਾਬਕਾ ਡਾਇਰੈਕਟਰ ਅਤੇ ਕੈਂਸਰ ਸਰਵਾਈਵਰ ਡਾ. ਉਰਵਸ਼ੀ ਪ੍ਰਸਾਦ ਨੇ ਕੈਂਸਰ ਡਾਟਾ ਦੀਆਂ ਕਮੀਆਂ, ਖੇਤਰੀ ਅਸਮਾਨਤਾਵਾਂ ਅਤੇ ਵਿੱਤੀ ਰੁਕਾਵਟਾਂ ਵੱਲ ਧਿਆਨ ਦਿਵਾਇਆ।













# ਰਾਸ਼ੀਫਲ

**ਮੇਖ :** ਰਫਲ ਗੁੱਸਾ ਵਿਵਾਦ ਅਤੇ ਦੁਰਭਾਵਨਾ ਦਾ ਕਾਰਨ ਬਣ ਸਕਦੀ ਹੈ। ਅੱਜ ਪਾਰਟੀ ਵਿਚ ਤੁਹਾਡੀ ਮੁਲਾਕਾਤ ਕਿਸੇ ਅਜਿਹੇ ਸ਼ਖਸ਼ ਨਾਲ ਹੋ ਸਕਦੀ ਹੈ ਜੋ ਆਰਥਿਕ ਪੱਖ ਨੂੰ ਮਜ਼ਬੂਤ ਕਰਨ ਲਈ ਤੁਹਾਨੂੰ ਅਹਿਮ ਸਲਾਹ ਦੇ ਸਕਦਾ ਹੈ। ਅਜਿਹੇ ਵਿਵਾਦ ਪ੍ਰਸਤ ਮੁੱਦਿਆਂ ਤੇ ਬਹਿਸ ਕਰਨ ਤੋਂ ਬਚੋ ਜੋ ਤੁਹਾਡੇ ਪਿਆਰ ਦੇ ਵਿਚਕਾਰ ਪ੍ਰਤੀਰੋਧ ਪੈਦਾ ਕਰ ਸਕਦੇ ਹਨ। ਅੱਜ ਤੁਸੀ ਹਰ ਤਰਫ ਪਿਆਰ ਹੀ ਪਿਆਰ ਫੈਲਾਉਗੇ। ਅੱਜ ਦਾ ਦਿਨ ਵਧੀਆ ਪ੍ਰਦਰਸ਼ਨ ਅਤੇ ਖਾਸ ਕੰਮਾਂ ਦੇ ਲਈ ਹੈ। ਤੁਹਾਡਾ ਵਿਅਕਤਿਤਵ ਹੋਰਾਂ ਤੋਂ ਅਲੱਗ ਹਾਂ ਤੁਸੀ ਇਕੱਲੇ ਸਮਾਂ ਬਿਤਾਉਣਾ ਪਸੰਦ ਕਰਦੇ ਹੋ ਅੱਜ ਤੁਹਾਨੂੰ ਆਪਣੇ ਆਪ ਲਈ ਸਮਾਂ ਤਾਂ ਮਿਲੇਗਾ ਪਰੰਤੂ ਦਫਤਰ ਦੇ ਕੰਮ ਕਾਰ ਦੀ ਸਮੱਸਿਆ ਸਤਾਉਂਦੀ ਰਹੇਗੀ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ ਸਮਝੌਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀ ਅੱਜ ਜਾਣੋਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋਂ ਚੰਗੀ ਘਟਨਾ ਸੀ।

**ਬ੍ਰਿਸ਼ਭ:** ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨਾ ਹੈ। ਘੱਰੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਸੰਭਵ ਹੈ ਕਿ ਅੱਜ ਤੁਸੀ ਆਪਣੇ ਪਿਆਰੇ ਨੂੰ ਟੋਫੀਆਂ ਅਤੇ ਕੈਂਡੀਫਲੋਸ ਵਗੈਰਾ ਦੇਵੋ। ਅੱਜ ਦੇ ਦਿਨ ਸ਼ੁਭ ਸ਼ੁਭ ਨਾਲ ਕਦਮ ਉਠਾਉਣ ਦਾ ਹੈ ਇਸ ਲਈ ਉਦੋਂ ਤੱਕ ਆਪਣੇ ਵਿਚਾਰ ਵਿਅਕਤ ਨਾ ਕਰੋ ਜਦੋਂ ਤੱਕ ਤੁਸੀ ਸਫਲਤਾ ਦੇ ਬਾਰੇ ਕਾਬਿਲ ਨਾ ਹੋਵੋ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਨਾਲ ਆਉਣ ਨਾਲ ਕੁਝ ਖੂਬਸੂਰਤ ਸ਼ਬਦਾਂ ਨੂੰ ਬਿਆਨ ਕਰੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਉਸ ਦੀ ਕੀ ਕੀਮਤ ਹੈ।

**ਮਿਥੁਨ:** ਦੂਸਰਿਆਂ ਦੀ ਆਲੋਚਨਾ ਵਿਚ ਸਮਾਂ ਨਾ ਖਰਾਬ ਕਰੋ ਕਿਉਂ ਕਿ ਇਸ ਦਾ ਬੁਰਾ ਅਸਰ ਤੁਹਾਡੀ ਸਿਹਤ ਤੇ ਪੈ ਸਕਦਾ ਹੈ। ਉਹ ਨਿਵੇਸ਼ ਯੋਜਨਾਵਾਂ ਜੋ ਤੁਹਾਨੂੰ ਆਕਰਸ਼ਿਤ ਕਰ ਰਹੀਆਂ ਹਨ ਉਨਾਂ ਦੇ ਬਾਰੇ ਵਿਚ ਗਹਿਰਾਈ ਨਾਲ ਜਾਣਨ ਦੀ ਕੋਸ਼ਿਸ਼ ਕਰੋ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਵਿਸ਼ੇਸ਼ ਦੀ ਸਲਾਹ ਲੈ ਲਵੋ। ਦੋਸਤ ਅਤੇ ਪਰਿਵਾਰਕ ਮੈਂਬਰ ਉਤਸ਼ਾਹ ਵਧਾਉਣਗੇ। ਪਿਆਰ ਰੱਬ ਦੀ ਪੂਜਾ ਵਾਂਗ ਪਵਿੱਤਰ ਹੈ ਅੱਜ ਇਹ ਤੁਹਾਨੂੰ ਸੱਚੇ ਅਰਥਾਂ ਵਿਚ ਧਰਮ ਅਧਿਆਤਮਿਕਤਾ ਵੱਲ ਲੈ ਜਾ ਸਕਦਾ ਹੈ। ਤੁਸੀ ਆਪਣਾ ਰਵੱਈਆ ਇਮਾਨਦਾਰ ਅਤੇ ਸਪੱਸ਼ਟਤਾਵਾਦੀ ਰੱਖੋ ਲੋਕ ਤੁਹਾਡੀ ਦ੍ਰਿੜਤਾ ਅਤੇ ਸ਼ਮਤਾ ਨੂੰ ਸਰਾਹੁਣਗੇ। ਘਰੇਲੂ ਕੰਮਾਂ ਨੂੰ ਪੂਰਾ ਕਰਨ ਤੋਂ ਬਾਅਦ ਇਸ ਰਾਸ਼ੀ ਦੀਆਂ ਔਰਤਾਂ ਟੀਵੀ ਜਾਂ ਫਿਲਮ ਦੇਖ ਸਕਦੀਆਂ ਹਨ ਜਾਂ ਖਾਲੀ ਸਮੇਂ ਵਿਚ ਆਪਣੇ ਮੋਬਾਇਲ ਫੋਨ ਵਿਚ ਰੁਝ ਸਕਦੀਆਂ ਹਨ। ਵਿਆਹ ਤੋਂ ਬਾਅਦ ਕਈ ਗੱਲਾਂ ਲੋੜ ਤੋਂ ਜਿਆਦਾ ਅੱਗੇ ਖਾਸ ਹੋ ਜਾਂਦੀਆਂ ਹਨ ਅਜਿਹੀ ਹੀ ਗੱਲਾਂ ਤੁਹਾਨੂੰ ਵਿਅਸਤ ਰੱਖਣਗੀਆਂ।



**ਕਰਕ:** ਨਿਯਮਤ ਕਸਰਤ ਦੇ ਦੁਆਰਾ ਆਪਣੇ ਵਜ਼ਨ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ ਤਲੀ ਅਤੇ ਭੁੰਨੀ ਹੋਈ ਵਸਤਾਂ ਤੋ ਪਰਹੇਜ਼ ਕਰੋ। ਅੱਜ ਸਫਲਤਾ ਦਾ ਮੰਤਰ ਇਹ ਹੈ ਕਿ ਉਨਾਂ ਲੋਕਾਂ ਦੀ ਸਲਾਹ ਤੇ ਪੈਸੇ ਲਗਾਉ ਜੋ ਮੋਲਿਕ ਸੋਚ ਰੱਖਦੇ ਹਨ ਅਤੇ ਅਨੁਭਵੀ ਵੀ ਹਨ। ਤੁਹਾਨੂੰ ਆਪਣਾ ਬਾਕੀ ਸਮਾਂ ਬੱਚਿਆਂ ਨਾਲ ਗੁਜਾਰਨਾ ਚਾਹੀਦਾ ਹੈ ਇਸ ਲਈ ਤੁਹਾਨੂੰ ਕੁਝ ਖਾਸ ਹੀ ਕਿਉਂ ਨਾ ਕਰਨਾ ਪਵੇ। ਸਾਵਧਾਨ ਰਹੋ ਕਿਉਂ ਕਿ ਕੋਈ ਤੁਹਾਡੀ ਤਸਵੀਰ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਸਕਦਾ ਹੈ। ਨਵੀਆਂ ਤਜ਼ਵੀਜ਼ਾਂ ਮਨਮੋਹਕ ਹੋਣਗੀਆਂ ਪਰ ਕੋਈ ਜਲਦਬਾਜ਼ੀ ਵਾਲਾ ਫੈਂਸਲਾ ਲੈਣਾ ਸਮਝਦਾਰੀ ਨਹੀਂ ਹੋਵੇਗੀ। ਤੁਹਾਡਾ ਅੱਜ ਦਾ ਏਜੰਡਾ ਯਾਤਰਾ ਮਨੋਰੰਜਨ ਅਤੇ ਸਮਾਜਿਕਤਾ ਨਾਲ ਮਿਲਣ ਜੁਲਣ ਵਾਲਾ ਹੋਵੇਗਾ। ਅੱਜ ਤੁਹਾਡੇ ਜੀਵਨ ਸਾਥੀ ਤੋਂ ਤੁਸੀ ਕੁਝ ਦਿੱਕਤ ਮਹਿਸੂਸ ਕਰ ਸਕਦੇ ਹੋ।

**ਸਿੰਘ:** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਜਿਹੜੇ ਲੋਕ ਹੁਣ ਤੱਕ ਬਿਨਾਂ ਸੋਚੇ ਸਮਝੇ ਪੈਸੇ ਉਡਾ ਰਹੇ ਹਨ ਉਨਾਂ ਨੂੰ ਅੱਜ ਪੈਸੇ ਦੀ ਕਾਫੀ ਲੋੜ ਪੈ ਸਕਦੀ ਹੈ ਅੱਜ ਉਨਾਂ ਨੂੰ ਸਮਝ ਆ ਸਕਦਾ ਹੈ ਕਿ ਜੀਵਨ ਵਿਚ ਪੈਸੇ ਦੀ ਕੀ ਕੀਮਤ ਹੈ। ਪਰਿਵਾਰਿਕ ਸਮੱਸਿਆ ਨੂੰ ਪ੍ਰਾਥਮਿਕਤਾ ਦੇਵੋ ਇਸ ਬਾਰੇ ਬਿਨਾ ਦੇਰ ਕੀਤੇ ਗੱਲਬਾਤ ਕਰੋ, ਕਿਉਂ ਕਿ ਇਕ ਵਾਰ ਸਮੱਸਿਆ ਦਾ ਹੱਲ ਹੋ ਜਾਣ ਤੇ ਘਰ ਵਿਚ ਜੀਵਨ ਸੋਖਾ ਹੋ ਜਾਵੇਗਾ ਅਤੇ ਪਰਿਵਾਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਤੇ ਤੁਹਾਨੂੰ ਕੋਈ ਮੁਸ਼ਕਿਲ ਨਹੀਂ ਆਵੇਗੀ। ਤੁਹਾਨੂੰ ਆਪਣੇ ਪਾਰਟਨਰ ਦਾ ਨਵਾਂ ਅਲੱਗ ਹੀ ਅੰਦਾਜ਼ ਦੇਖਣ ਨੂੰ ਮਿਲੇਗਾ। ਦਫਤਰ ਵਿਚ ਸ਼ਾਤ ਅਤੇ ਸੰਤੁਸ਼ਟ ਸੋਚ ਤੁਹਾਡੇ ਮਨ ਨੂੰ ਉਤਸ਼ਾਹਿਤ ਰੱਖੇਗੀ ਭਵਿੱਖ ਦੀ ਯੋਜਨਾ ਦੇ ਲ਼ਈ ਤੁਹਾਨੂੰ ਨਵੇਂ ਸੰਪਰਕ ਬਣਾਉਣ ਦੀ ਲੋੜ ਹੈਉਹ ਕਰੀਅਰ ਦੀ ਤਰੱਕੀ ਵਿਚ ਬਹੁਤ ਮਦਦਗਾਰ ਰਹੇਗਾ। ਪੈਸੇ, ਪਿਆਰ, ਪਰਿਵਾਰ ਤੋਂ ਦੂਰ ਹੋ ਕੇ ਅੱਜ ਤੁਸੀ ਆਨੰਦ ਦੀ ਤਲਾਸ਼ ਵਿਚ ਕਿਸੇ ਆਧਿਆਤਮਕ ਗੁਰੂ ਨੂੰ ਮਿਲਣ ਲਈ ਜਾ ਸਕਦੇ ਹੋ। ਤੁਸੀ ਅਤੇ ਤੁਹਾਡਾ ਜੀਵਨਸਾਥੀ ਕੁਝ ਦਿਨਾਂ ਤੋਂ ਖੁਸ਼ ਮਹਿਸੂਸ ਨਹੀਂ ਕਰ ਰਹੇ, ਤੁਸੀ ਅੱਜ ਬਹੁਤ ਮੋਜ਼ ਮਸਤੀ ਕਰਨ ਵਾਲੇ ਹੋ।

**ਕੰਨਿਆ:** ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਅੱਜ ਵਪਾਰ ਵਿਚ ਮੁਨਾਫਾ ਕਈਂ ਵਪਾਰੀਆਂ ਦੇ ਚਿਹਰੇ ਖੁਸ਼ੀ ਲਿਆ ਸਕਦੀ ਹੈ। ਤੁਹਾਡੇ ਜੀਵਨਸਾਥੀ ਦੀ ਸਿਹਤ ਤਣਾਨ ਅਤੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਆਪਣੇ ਦੋਸਤ ਨਾਲ ਬਹੁਤ ਲੰਬੇ ਸਮੇਂ ਬਾਅਦ ਮਿਲਣ ਦਾ ਖਿਆਲ ਤੁਹਾਡੀ ਗਰਮੀ ਦੀ ਧੜਕਣ ਨੂੰ ਰੋਲਿੰਗ ਪੱਥਰ ਵਾਂਗ ਵਧਾ ਸਕਦਾ ਹੈ। ਜੇਕਰ ਤੁਸੀ ਆਪਣੇ ਕੰਮ ਤੇ ਧਿਆਨ ਇਕਾਗਰ ਕਰੋ ਤਾਂ ਤੁਸੀ ਆਪਣੀ ਉਤਪਾਦਕਤਾ ਦੁੱਗਣੀ ਕਰ ਸਕਦੇ ਹੋ। ਤੁਹਾਨੂੰ ਆਪਣੇ ਦਾਇਰੇ ਤੋਂ ਬਾਹਰ ਨਿਕਲਕੇ ਅਤੇ ਕੁਹਣੀਆਂ ਰਗੜ ਕੇ ਉੱਚੇ ਸਥਾਨਾਂ ਤੇ ਲੋਕਾਂ ਨਾਲ ਮਿਲਣ ਜੁਲਣ ਦੀ ਲੋੜ ਹੈ। ਅੱਜ ਤੁਹਾਡੇ ਵਿਵਾਹਿਕ ਜੀਵਨ ਦੇ ਸਭ ਤੋਂ ਚੰਗੇ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

**ਤੁਲਾ:** ਦੋਸਤ ਜਾਂ ਸਹਿਕਰਮੀ ਦਾ ਸਵਾਰਥੀ ਬਰਤਾਵ ਤੁਹਾਡਾ ਮਾਨਸਿਕ ਸਕੂਨ ਖਤਮ ਕਰ ਸਕਦਾ ਹੈ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਾਪਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਤੁਹਾਨੂੰ ਆਪਣੇ ਨਿੱਤ ਦੇ ਕੰਮਾਂ ਤੋਂ ਛੁੱਟੀ ਲੈ ਕੇ ਅੱਜ ਦੋਸਤਾਂ ਦੇ ਨਾਲ ਘੁੰਮਣ ਜਾਣ ਦਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ। ਤੁਹਾਡੀ ਕੋਈ ਸਲਾਹ ਕਰ ਸਕਦਾ ਹੈ। ਤੁਹਾਨੂੰ ਕੰਮਕਾਰ ਵਿਚ ਚੰਗੇ ਨਤੀਜੇ ਪਾਉਣ ਦੇ ਲਈ ਆਪਣੇ ਕੰਮ ਕਰਨ ਦੇ ਤਰੀਕੇ ਤੇ ਧਿਆਨ ਦੇਣ ਦੀ ਲੋੜ ਹੈ ਨਹੀਂ ਤਾਂ ਤੁਸੀ ਬੌਸ ਦੀਆਂ ਨਜ਼ਰਾਂ ਵਿਚ ਤੁਹਾਡੀ ਨਾਕਾਰਤਮਕ ਛਾਂ ਬਣ ਸਕਦੀ ਹੈ। ਅੱਜ ਤੁਸੀ ਆਪਣੇ ਕੰਮ ਨੂੰ ਸਮੇਂ ਸਿਰ ਨਿਬੇੜਨ ਦੀ ਕੋਸ਼ਿਸ਼ ਕਰੋਗੇ ਯਾਦ ਰੱਖੋ ਕਿ ਕੋਈ ਘਰ ਵਿਚ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ ਜਿਸ ਨੂੰ ਤੁਹਾਡੀ ਲੋੜ ਹੈ। ਅੱਜ ਤੁਸੀ ਮਹਿਸੂਸ ਕਰੋਗੇ ਕਿ ਖੁਸ਼ਹਾਲ ਵਿਆਹੁਤਾ ਜੀਵਨ ਨੂੰ ਕਿਸ ਤਰਾਂ ਮਹਿਸੂਸ ਕੀਤਾ ਜਾਂਦਾ ਹੈ।

**ਬ੍ਰਿਸ਼ਚਕ:** ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਅੱਜ ਤੁਸੀ ਕਾਫੀ ਪੈਸੇ ਬਚਾ ਸਕਦੇ ਹੋ ਪਰੰਤੂ ਇਸ ਨੂੰ ਆਪਣੇ ਦੋਸਤਾਂ ਤੋਂ ਛਿਪਲਣ ਨਾ ਦਿਉ। ਜੇਕਰ ਤੁਸੀ ਸਮੂਹਿਕ ਗਤੀਵਿਧੀਆਂ ਵਿਚ ਹਿੱਸਾ ਲਵੋਗੇ ਤਾਂ ਤੁਸੀ ਨਵੇਂ ਦੋਸਤ ਬਣਾ ਸਕਦੇ ਹੋ। ਇਸ ਰਾਸ਼ੀ ਦੇ ਲਈ ਬਚਲੇ ਦੀ ਭਾਵਨਾ ਨਾਲ ਕੁਝ ਹਾਸਿਲ ਨਹੀਂ ਹੋਣਾ ਬਜਾਇ ਇਸ ਦੇ ਕਿ ਤੁਹਾਨੂੰ ਦਿਮਾਗ ਠੰਡਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਪ੍ਰੇਮੀ ਨੂੰ ਆਪਣੇ ਸੱਚੇ ਜਜ਼ਬਾਤਾਂ ਨਾਲ ਇਕਮਿਕ ਕਰਨਾ ਚਾਹੀਦਾ ਹੈ। ਤੁਹਾਡੀ ਇਮਾਨਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਅੱਜ ਆਪਣੇ ਪ੍ਰੇਮੀ ਦੇ ਨਾਲ ਸਮਾਂ ਬਿਤਾ ਸਕੋਗੇ ਅਤੇ ਉਨਾਂ ਦੇ ਸਾਹਮਣੇ ਆਪਣੇ ਜਜ਼ਬਾਤਾਂ ਨੂੰ ਰੱਖ ਪਾਉਗੇ। ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

**ਧਨੂੰ:** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਤੀ ਨੂੰ ਭੰਗ ਕਰ ਸਕਦੀ ਹੈ। ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਦੇ ਦਿਨ ਬਹੁਤ ਸੋਚ ਸਮਝ ਕੇ ਪੈਸਾ ਨਿਵੇਸ਼ ਕਰਨ ਦੀ ਲੋੜ ਹੈ। ਸ਼ਾਮ ਦੇ ਸਮੇਂ ਦੋਸਤਾਂ ਦਾ ਸੰਗ ਮਜ਼ੇਦਾਰ ਰਹੇਗਾ। ਤੁਹਾਡਾ ਪਿਆਰ ਭਰੀ ਜ਼ਿੰਦਗੀ ਅੱਜ ਤੁਹਾਡੇ ਲਈ ਸੱਚਮੁੱਚ ਸ਼ਾਨਦਾਰ ਰਹਿਣ ਵਾਲੀ ਹੈ। ਤੁਸੀ ਮਹਿਸੂਸ ਕਰੋਗੇ ਕਿ ਤੁਹਾਡੀ ਰਚਨਾਤਮਕਤਾ ਕਿਤੇ ਖੋ ਗਈ ਹੈ ਅਤੇ ਫੈਸਲੇ ਲੈਣ ਸਮੇਂ ਤੁਹਾਨੂੰ ਕਾਫੀ ਦਿੱਕਤ ਦਾ ਸਾਮਣਾ ਕਰਨਾ ਪੈ ਸਕਦਾ ਹੈ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਸੰਭਾਵਨਾ ਹੈ ਕਿ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਤਣਾਵ ਹੋਰ ਵੱਧ ਸਕਦਾ ਹੈ ਲੰਬੇ ਸਮੇਂ ਲਈ ਇਹ ਤੁਹਾਡੇ ਰਿਸ਼ਤੇ ਲਈ ਵਧੀਆ ਨਹੀਂ ਰਹੇਗਾ।

**ਮਕਰ:** ਆਪਣੇ ਦਫਤਰ ਤੋਂ ਜਲਦੀ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਉਹ ਕੰਮ ਕਰੋ ਜਿਸ ਨੂੰ ਤੁਸੀ ਵਾਕਾਈ ਪਸੰਦ ਕਰਦੇ ਹੋ। ਜਿਨਾਂ ਲੋਕਾਂ ਨੇ ਕਿਸੇ ਅਣਜਾਣ ਸਖਸ਼ ਦੀ ਸਲਾਹ ਤੇ ਕਿਤੇ ਨਿਵੇਸ਼ ਕੀਤਾ ਸੀ ਅੱਜ ਉਹਨਾਂ ਨੂੰ ਨਿਵੇਸ਼ ਵਿਚ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ। ਤੁਹਾਡੇ ਜੀਵਨਸਾਥੀ ਦੀ ਸਿਹਤ ਚਿੰਤਾ ਦਾ ਸਬੱਬ ਬਣ ਸਕਦੀ ਹੈ ਅਤੇ ਉਸ ਨੂੰ ਡਾਕਟਰੀ ਦੇਖ ਰੇਖ ਦੀ ਲੋੜ ਹੈ। ਅੱਜ ਇਕ ਪੋਂਦਾ ਲਗਾਉ। ਸਾਂਝੇਦਾਰੀ ਦੇ ਉੱਦਮਾਂ ਦੀ ਸ਼ੁਰੂਆਤ ਕਰਨ ਦੇ ਲਈ ਚੰਗਾ ਦਿਨ ਹੈ ਸਾਰਿਆਂ ਲਈ ਲਾਭ ਹੋਣ ਦੀ ਸੰਭਾਵਨਾ ਹੈ ਪਰੰਤੂ ਭਾਗੀਦਾਰਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚੋ। ਅੱਜ ਆਪਣੇ ਖਾਲੀ ਸਮੇਂ ਦਾ ਇਸਤੇਮਾਲ ਘਰ ਦੇ ਛੋਟਿਆਂ ਦੇ ਨਾਲ ਗੱਲਬਾਤ ਕਰਕੇ ਚੰਗਾ ਸਮਾਂ ਬਤੀਤ ਕਰ ਸਕਦੇ ਹੋ। ਰਿਸ਼ਤੇਦਾਰਾਂ ਦਾ ਦਖਲ ਵਿਆਹੁਤ ਜ਼ਿੰਦਗੀ ਵਿਚ ਮੁਸ਼ਕਿਲ ਪੈਦਾ ਕਰ ਸਕਦਾ ਹੈ।

**ਕੁੰਭ:** ਭਰ ਭਰ ਕੇ ਖਾਣਾ ਅਤੇ ਜਿਆਦਾਂ ਕੈਲਰੀ ਦੀਆਂ ਚੀਜਾਂ ਖਾਣ ਤੋਂ ਬਚੋ। ਸ਼ੱਕੀ ਆਰਥਿਕ ਲੈਣ ਦੇਣ ਵਿਚ ਫਸਣ ਤੋਂ ਸਾਵਧਾਨ ਰਹੋ। ਪਰਿਵਾਰ ਦੇ ਮੈਂਬਰਾ ਦੀ ਲੋੜ ਨੂੰ ਤਰਜ਼ੀਹ ਦੇਵੋ ਉਨਾਂ ਦੇ ਦੁੱਖ ਅਤੇ ਸੁੱਖ ਵਿਚ ਹਿੱਸਾ ਬਣੋ ਤਾਂ ਕਿ ਉਨਾਂ ਨੂੰ ਮਹਿਸੂਸ ਹੋਵੇ ਕਿ ਤੁਸੀ ਵਾਕਾਈ ਉਨਾਂ ਦਾ ਖਿਆਲ ਰੱਖਦੇ ਹੋ। ਰੋਮਾਂਸ ਦਾ ਤੁਹਾਡੇ ਦਿਲ ਤੇ ਕਬਜਾ ਹੈ। ਅੱਜ ਦੇ ਦਿਨ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ ਅਤੇ ਸਫਲਤਾ ਤੁਹਾਡੀ ਪਹੁੰਚ ਵਿਚ ਹੋਵੇਗੀ। ਤੁਸੀ ਖਾਲੀ ਸਮੇਂ ਵਿਚ ਕੋਈ ਫਿਲਮ ਦੇਖ ਸਕਦੇ ਹੋ ਇਹ ਫਿਲਮ ਦੇਖ ਕੇ ਤੁਹਾਨੂੰ ਲੱਗੇਗਾ ਕਿ ਫਿਲਮ ਪਸੰਦ ਨਹੀਂ ਆਈ ਤੁਸੀ ਆਪਣਾ ਕੀਮਤੀ ਸਮਾਂ ਖਰਾਬ ਕਰ ਦਿੱਤਾ। ਤੁਹਾਡਾ ਜੀਵਨਸਾਥੀ ਵਾਕਾਈ ਤੁਹਾਡੇ ਲਈ ਫਰਿਸ਼ਤੇ ਦੇ ਲਈ ਹੈ ਅਤੇ ਤੁਸੀ ਅੱਜ ਇਹ ਜਾਣੋਗੇ।

**ਮੀਨ:** ਅੱਖਾਂ ਦੇ ਮਰੀਜ਼ ਪ੍ਰਦੂਸ਼ਿਤ ਜਗ੍ਹਾਂ ਤੇ ਜਾਣ ਤੋਂ ਬਚੋ, ਕਿਉਂ ਕਿ ਧੁਆਂ ਤੁਹਾਡੀ ਅੱਖਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸੰਭਵ ਹੋਵੇ ਤਾਂ ਸੂਰਜ ਦੀ ਤੇਜ਼ ਰੋਸ਼ਨੀ ਤੋਂ ਬਚੋ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਾਪਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਪਰਿਵਾਰ ਦੇ ਮੈਂਬਰਾਂ ਦਾ ਤੁਹਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। ਅੱਜ ਤੁਸੀ ਆਪਣੇ ਕਿਸੇ ਵਾਅਦੇ ਨੂੰ ਪੂਰਾ ਨਹੀਂ ਕਰ ਸਕੋਂਗੇ ਜਿਸ ਨਾਲ ਤੁਹਾਡਾ ਪ੍ਰੇਮੀ ਬੁੜ ਬੁੜ ਹੋ ਸਕਦਾ ਹੈ। ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣਾ ਅਤੇ ਨਵੀਂ ਯੋਜਨਾਵਾਂ ਨੂੰ ਸ਼ੁਰੂ ਕਰਨ ਦੇ ਲਈ ਚੰਗਾ ਦਿਨ ਹੈ। ਅੱਜ ਤੁਸੀ ਦਫਤਰ ਤੋਂ ਘਰ ਆ ਕੇ ਅਤੇ ਕੁਝ ਆਪਣਾ ਪਸੰਦੀਦਾ ਸ਼ੋਕ ਦਾ ਕੰਮ ਕਰ ਸਕਦੇ ਹਨ। ਇਸ ਨਾਲ ਤੁਹਾਨੂੰ ਸ਼ਾਤੀ ਮਿਲੇਗੀ।

# 'ਪੰਜ-ਤਾਰਾ' ਅੰਤਰਰਾਸ਼ਟਰੀ ਮੈਰਾਥਨ ਦੌੜਾਕ - ਜਸਵੀਰ ਖੈੜਾ



ਡਾ. ਸੁਖਦੇਵ ਸਿੰਘ ਝੰਡ
+1 647-567-9128




58 ਸਾਲਾ ਜਸਵੀਰ ਸਿੰਘ ਖੈੜਾ ਹੁਣ ਤੀਕ ਦੁਨੀਆਂ ਦੇ ਪੰਜ ਵੱਖ-ਵੱਖ ਦੇਸ਼ਾਂ ਦੇ ਸ਼ਹਿਰਾਂ ਸ਼ਿਕਾਗੋ (ਅਮਰੀਕਾ), ਬੋਸਟਨ (ਅਮਰੀਕਾ), ਬਰਲਿਨ (ਜਰਮਨੀ), ਲੰਡਨ (ਇੰਗਲੈਂਡ) ਅਤੇ ਨਿਊਯੌਰਕ (ਅਮਰੀਕਾ) ਵਿੱਚ ਸੰਸਾਰ-ਪੱਧਰੀ ਵੱਕਾਰੀ ਅੰਤਰਰਾਸ਼ਟਰੀ ਮੇਜਰ ਮੈਰਾਥਨ ਦੌੜਾਂ ਸਫ਼ਲਤਾ ਪੂਰਵਕ ਲਗਾ ਚੁੱਕਾ ਹੈ ਅਤੇ ਪਹਿਲੀ ਮਾਰਚ 2026 ਨੂੰ ਜਾਪਾਨ ਦੇ ਸ਼ਹਿਰ ਟੋਕੀਓ ਵਿੱਚ ਹੋ ਰਹੀ ਛੇਵੀਂ ਅੰਤਰਰਾਸ਼ਟਰੀ ਮੇਜਰ ਮੈਰਾਥਨ ਵਿੱਚ ਹਿੱਸਾ ਲੈ ਰਿਹਾ ਹੈ। ਇਨ੍ਹਾਂ ਪੰਜ ਅੰਤਰਰਾਸ਼ਟਰੀ ਮੇਜਰ ਮੈਰਾਥਨਾਂ ਤੋਂ ਇਲਾਵਾ ਉਹ 'ਡਬਲਿਨ (ਆਇਰਲੈਂਡ) ਮੈਰਾਥਨ' ਅਤੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਹੋਣ ਵਾਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਜਿਨ੍ਹਾਂ ਨੂੰ ਇਨ੍ਹਾਂ ਅੰਤਰਰਾਸ਼ਟੀ ਮੈਰਾਥਨ ਦੌੜਾਂ ਵਿੱਚ ਭਾਗ ਲੈਣ ਲਈ 'ਕੁਆਲੀਫਾਈਇੰਗ ਰੇਸਾਂ' ਕਿਹਾ ਜਾਂਦਾ ਹੈ, ਵੀ ਸਫ਼ਲਤਾ ਪੂਰਵਕ ਲਗਾ ਚੁੱਕਾ ਹੈ। ਇਨ੍ਹਾਂ ਸਾਰੀਆਂ ਮੈਰਾਥਨ ਦੌੜਾਂ ਨੂੰ ਸੰਪੰਨ ਕਰਨ ਲਈ ਉਸਦੇ ਵੱਲੋਂ ਲਏ ਗਏ ਸਮੇਂ ਨੂੰ ਦੇਖਦਿਆਂ ਹੋਇਆਂ ਉਸਨੂੰ ਆਪ ਅਤੇ ਉਸਦੇ ਪ੍ਰਸ਼ੰਸਕਾਂ ਨੂੰ ਪੂਰੀ ਉਮੀਦ ਹੈ ਕਿ ਉਹ ਟੋਕੀਓ ਵਿੱਚ ਹੋਣ ਵਾਲੀ ਇਸ ਛੇਵੀਂ ਮੇਜਰ ਮੈਰਾਥਨ ਲਗਾਉਣ ਵਿੱਚ ਵੀ ਸਫ਼ਲ ਹੋ ਕੇ ਆਪਣੇ ਸਤਿਕਾਰਯੋਗ ਮਾਮਾ ਜੀ ਸੂਰਤ ਸਿੰਘ ਚਾਹਲ, ਜਿਨ੍ਹਾਂ ਨੂੰ ਉਹ ਆਪਣਾ 'ਰਾਹ-ਦਸੇਰਾ' ਮੰਨਦਾ ਹੈ, ਵਾਂਗ ਸਫ਼ਲ ਹੋਏਗਾ ਅਤੇ 'ਛੇ ਤਾਰਿਆਂ' ਵਾਲਾ 'ਸਿਕਸ ਸਟਾਰ ਮੈਡਲ' ਉਸ ਦੇ ਗਲ਼ੇ ਦੀ ਵੀ ਸ਼ੋਭਾ ਬਣੇਗਾ। ਜਸਵੀਰ ਖੈੜਾ ਦਾ ਜਨਮ ਕਪੂਰਥਲਾ ਜ਼ਿਲਾ ਦੇ ਪਿੰਡ 'ਖੈੜਾ' ਵਿੱਚ ... ਜੁਲਾਈ 1967 ਨੂੰ ਹੋਇਆ। ਇਹ ਪਿੰਡ 'ਖੈੜਾ ਦੋਨਾ' ਦੇ ਨਾਂ ਨਾਲ ਵਧੇਰੇ ਜਾਣਿਆਂ ਜਾਂਦਾ ਹੈ ਜੋ ਦਰਅਸਲ, ਦੋ ਨੇੜਲੇ ਪਿੰਡਾਂ 'ਖੈੜਾ' ਤੇ 'ਦੋਨਾ' ਦਾ ਸੰਯੁਕਤ ਨਾਂ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦੇ ਜੁੜਵੇ-ਨਾਵਾਂ ਵਾਲੇ ਕਈ ਪਿੰਡ ਮਿਲਦੇ ਹਨ, ਜਿਵੇਂ ਕਪੂਰਥਲਾ ਜ਼ਿਲੇ ਵਿੱਚ ਹੀ ਇਕ ਹੋਰ ਪਿੰਡ 'ਠੱਠਾ ਟਿੱਬਾ' ਬੜਾ ਮਸ਼ਹੂਰ ਹੈ ਜੋ ਦੋ ਵੱਡੇ ਪਿੰਡਾਂ 'ਠੱਠਾ' ਤੇ 'ਟਿੱਬਾ' ਦਾ ਸੁਮੇਲ ਹੈ। ਏਸੇ ਤਰ੍ਹਾਂ ਅੰਮ੍ਰਿਤਸਰ ਜ਼ਿਲੇ ਵਿੱਚ 'ਢੰਡ ਕਸੇਲ' ਹੈ ਜੋ ਦੋ ਵੱਡੇ ਪਿੰਡਾਂ 'ਢੰਡ' ਅਤੇ 'ਕਸੇਲ' ਦਾ ਸੰਜੋਗੀ ਨਾਂ ਹੈ। ਏਸੇ ਜ਼ਿਲੇ ਦਾ ਇੱਕ ਹੋਰ ਪਿੰਡ ਹੈ 'ਭੈਣੀ ਭੋਰਸ਼ੀ' ਜੋ ਦੋ ਵੱਖਰੇ ਵੱਖਰੇ ਪਿੰਡਾਂ 'ਭੈਣੀ' ਤੇ 'ਭੋਰਸ਼ੀ' ਦਾ ਜੋੜ ਹੈ। ਇਸ ਤਰ੍ਹਾਂ ਦੇ ਜੁੜਵੇਂ ਪਿੰਡਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਉਂਜ, ਪਿੰਡ ਖੈੜਾ ਦੇ ਨਾਲ ਜਸਵੀਰ ਦਾ ਗੋਤਰ ਵੀ 'ਖੈੜਾ' ਹੈ ਅਤੇ ਪਿੰਡ ਦਾ ਇਹ ਨਾਂ ਇਸ ਗੋਤਰ ਦੇ ਬਹੁਤੇਰੇ ਵਸਨੀਕਾਂ ਕਾਰਨ ਹੀ ਹੋਂਦ ਵਿੱਚ ਆਇਆ ਹੈ। ਇਹ ਕਪੂਰਥਲਾ ਤੋਂ ਸੁਲਤਾਨਪੁਰ ਲੋਧੀ ਨੂੰ ਜਾਣ ਵਾਲੀ ਮੁੱਖ-ਸੜਕ 'ਤੇ ਭਾਰਤ ਸਰਕਾਰ ਦੀ ਮਸ਼ਹੂਰ 'ਰੇਲ ਕੋਚ ਫ਼ੈਕਟਰੀ' (ਆਰ.ਸੀ.ਐੱਫ਼) ਦੇ ਨਜ਼ਦੀਕ ਹੀ ਹੈ।

'ਕੱਚੀ-ਪੱਕੀ' ਤੋਂ ਲੈ ਕੇ 'ਪਲੱਸ-ਟੂ' (ਬਾਰਵੀਂ) ਤੱਕ ਪੜ੍ਹਾਈ ਜਸਵੀਰ ਖੈੜਾ ਨੇ ਆਪਣੇ ਪਿੰਡ ਦੇ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ ਅਤੇ ਫਿਰ ਜਲਦੀ ਹੀ ਕੈਨੇਡਾ ਦੇ ਸ਼ਹਿਰ ਬਰੈਂਪਟਨ ਦੀ ਵਸਨੀਕ ਇੱਕ ਲੜਕੀ ਦੀ 'ਯੋਗ ਵਰ' ਵਜੋਂ ਦੱਸ ਪੈ ਗਈ ਤੇ ਵਿਆਹ ਕਰਵਾ ਕਰਕੇ 1991 ਵਿੱਚ ਇੱਥੇ ਬਰੈਂਪਟਨ ਆ ਗਿਆ। ਇੱਥੇ ਆ ਕੇ ਆਮ ਪਰਵਾਸੀਆਂ ਵਾਂਗ ਢਾਈ ਕੁ ਸਾਲ ਫ਼ੈਕਟਰੀਆਂ ਵਿੱਚ ਕੰਮ ਕੀਤਾ। ਇਸ ਦੌਰਾਨ ਟਰੱਕ ਡਰਾਈਵਿੰਗ ਦੀ ਸਿਖਲਾਈ ਲੈ ਕੇ 'ਪੱਕਾ ਡਰਾਈਵਰ' ਬਣ ਕੇ ਅਮਰੀਕਾ ਦੇ ਵੱਡੇ ਸੂਬਿਆਂ ਕੈਲੇਫ਼ੋਰਨੀਆ ਤੇ ਟੈੱਕਸਾਸ ਅਤੇ ਮੈਕਸੀਕੋ ਦੇ ਸ਼ਹਿਰਾਂ ਦੇ ਲੰਮੇ ਰੂਟਾਂ 'ਤੇ ਜਾਣ ਦੀ ਤਿਆਰੀ ਕਰ ਲਈ। ਇਹ ਆਮ ਵੇਖਣ ਵਿੱਚ ਆਇਆ ਹੈ ਕਿ ਸਾਡੇ ਪੰਜਾਬੀ ਨੌਜੁਆਨ ਫ਼ੈਕਟਰੀਆਂ ਵਿੱਚ ਕੰਮ ਕਰਨ ਨਾਲੋਂ ਟਰੱਕ ਡਰਾਈਵਰੀ ਨੂੰ ਵਧੇਰੇ ਤਰਜੀਹ ਦਿੰਦੇ ਹਨ ਅਤੇ ਜਸਵੀਰ ਖੈੜਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਖੇਡਾਂ ਅਤੇ ਦੌੜਨ ਵਿੱਚ ਹਿੱਸਾ ਲੈਣ ਬਾਰੇ ਪੁੱਛਣ 'ਤੇ ਜਸਵੀਰ ਨੇ ਦੱਸਿਆ ਕਿ ਸਕੂਲ ਵਿੱਚ ਪੜ੍ਹਦੇ ਸਮੇਂ ਉਹ ਕਬੱਡੀ ਅਤੇ ਫੁੱਟਬਾਲ ਖੇਡਦਾ ਸੀ ਅਤੇ ਸਕੂਲ ਦੀ ਕਬੱਡੀ ਟੀਮ ਦਾ ਮੈਂਬਰ ਸੀ। ਇਸ ਦੇ ਨਾਲ ਹੀ ਉਹ 'ਹਾਈ-ਜੰਪ' ਤੇ 'ਲੌਂਗ- ਜੰਪ' ਦੇ ਮੁਕਾਬਲਿਆਂ ਵਿੱਚ ਵੀ ਹਿੱਸਾ ਲੈਂਦਾ ਸੀ ਅਤੇ 'ਹਾਈ-ਜੰਪ' ਵਿੱਚ ਉਸਨੇ ਪੰਜਾਬ ਦੀਆਂ ਸੂਬਾ ਪੱਧਰ ਦੀਆਂ ਖੇਡਾਂ ਵਿੱਚ 'ਗੋਲਡ ਮੈਡਲ' ਵੀ ਹਾਸਲ ਕੀਤਾ। ਇਸ ਤੋਂ ਬਾਅਦ ਨੈਸ਼ਨਲ ਲੈਵਲ 'ਤੇ ਖੇਡਣ ਲਈ ਬੰਗਲੌਰ ਜਾਣ ਲਈ ਖਿਡਾਰੀਆਂ ਦੀ ਚੋਣ ਕਰਨ ਲਈ ਜਲੰਧਰ ਸ਼ਹਿਰ ਵਿੱਚ ਖਿਡਾਰੀਆਂ ਦਾ ਕੈਂਪ ਲੱਗਿਆ ਜਿਸ ਵਿੱਚ ਉਸ ਦੀ ਚੋਣ ਹੋ ਗਈ ਪਰ ਨਾਲ ਹੀ ਚੋਣਕਾਰਾਂ ਵੱਲੋਂ ਇਹ ਸ਼ਰਤ ਰੱਖੀ ਗਈ ਕਿ ਉਹ ਆਪਣੇ ਨਾਂ 'ਤੇ ਨਹੀਂ ਦੌੜੇਗਾ, ਸਗੋਂ ਪੰਜਾਬ ਪੋਲੀਸ ਦੇ ਇੱਕ ਉੱਚ-ਅਧਿਕਾਰੀ ਦੇ ਲੜਕੇ ਦੇ ਨਾਂ 'ਤੇ ਬੰਗਲੌਰ ਦੇ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲਏਗਾ, ਜਿਸ ਦੇ ਲਈ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਕੌਮੀ ਪੱਧਰ 'ਤੇ ਹਾਈ-ਜੰਪ ਲਗਾਉਣ ਦੀ ਸੱਧਰ ਚੋਣ-ਅਧਿਕਾਰੀਆਂ ਦੀ ਇਸ 'ਬੇਈਮਾਨੀ' ਕਾਰਨ ਉਸਦੇ ਮਨ 'ਚ ਹੀ ਰਹਿ ਗਈ ਜਿਸਦਾ ਉਸਨੂੰ ਉਦੋਂ ਬੜਾ ਦੁੱਖ ਤੇ ਅਫ਼ਸੋਸ ਹੋਇਆ, ਪਰ ਆਪਣੀ ਸਮਝ ਅਨੁਸਾਰ ਉਸਨੇ ਇਹ ਠੀਕ ਹੀ ਕੀਤਾ। ਸਕੂਲ ਵਿਚਲਾ ਕਬੱਡੀ ਖੇਡਣ ਦਾ ਸ਼ੌਕ ਪੂਰਾ ਕਰਨ ਲਈ ਕੈਨੇਡਾ ਆ ਕੇ ਉਸਨੇ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ। ਉਹ 'ਬਰੈਂਪਟਨ ਸਪੋਰਟਸ ਕਲੱਬ' ਦਾ ਮੈਂਬਰ ਬਣ ਗਿਆ ਅਤੇ ਇਸ ਦੇ ਸਰਗਰਮ ਮੈਂਬਰ ਵਜੋਂ ਉਸਨੇ ਬਰੈਂਪਟਨ ਵਿੱਚ 1992 ਵਿੱਚ ਹੋਏ ਕਬੱਡੀ ਦੇ ਸਲਾਨਾ ਟੂਰਨਾਮੈਂਟ ਵਿੱਚ 'ਜਾਫ਼ੀ' (ਸਟੌਪਰ) ਵਜੋਂ ਭਾਗ ਲਿਆ। ਅਗਲੇ ਸਾਲ 1993 ਵਿੱਚ ਉਹ 'ਓਨਟਾਰੀਓ ਕਬੱਡੀ ਕਲੱਬ' ਵੱਲੋਂ ਖੇਡਿਆ ਅਤੇ ਫਿਰ ਉਸ ਤੋਂ ਅਗਲੇ ਸਾਲ 1994 ਦੇ ਇਸ ਸਲਾਨਾ ਟੂਰਨਾਮੈਂਟ ਵਿੱਚ ਉਸਨੇ 'ਸ਼ੇਰੇ ਪੰਜਾਬ ਕਬੱਡੀ ਕਲੱਬ' ਵੱਲੋਂ ਭਾਗ ਲਿਆ। ਇਸ ਵਾਰ ਉਨ੍ਹਾਂ ਦੀ ਕਲੱਬ ਦਾ ਫ਼ਾਈਨਲ ਮੁਕਾਬਲਾ 'ਮਾਲਟਨ ਕਬੱਡੀ ਕਲੱਬ' ਨਾਲ ਸੀ। ਮੈਚ ਬੜਾ ਦਿਲਚਸਪ ਸੀ। ਦੋਵੇਂ ਟੀਮਾਂ ਤਕੜੀਆਂ ਸਨ ਅਤੇ ਇੱਕੋ ਜਿੰਨੇ ਪੋਆਇੰਟ ਲੈ ਕੇ ਬਰਾਬਰ ਚੱਲ ਰਹੀਆਂ ਹਨ। ਮੈਚ ਦੀ 'ਆਖ਼ਰੀ ਰੇਡ' 'ਤੇ ਰੇਡ ਪਾਉਣ ਆਏ ਮਾਲਟਨ ਕਬੱਡੀ ਟੀਮ ਦੇ 'ਰੇਡਰ' ਨੂੰ ਜਸਵੀਰ ਨੇ ਘੇਰ ਕੇ ਅਜਿਹੀ 'ਕੈਂਚੀ' ਮਾਰੀ ਜਿਸ ਨੂੰ ਉਹ ਛੁਡਾ ਨਾ ਸਕਿਆ ਅਤੇ ਮੈਚ ਵਿੱਚ ਜਸਵੀਰ ਦੀ 'ਬੱਲੇ-ਬੱਲੇ' ਹੋ ਗਈ, ਕਿਉਂਕਿ ਉਸਦੇ ਵੱਲੋਂ ਲਏ ਗਏ ਇਸ ਪੋਆਇੰਟ ਨਾਲ ਉਸਦੀ 'ਸ਼ੇਰੇ ਪੰਜਾਬ ਕਲੱਬ' ਨੂੰ ਜੇਤੂ ਬਣਨ 'ਤੇ 'ਕਬੱਡੀ ਕੱਪ' ਨੂੰ ਚੁੰਮਣ ਦਾ ਮਾਣ ਹਾਸਲ ਹੋਇਆ। ਇਸ ਦੌਰਾਨ 1992-93 ਵਿੱਚ ਜਸਵੀਰ ਖੈੜਾ ਨੇ 'ਵਰਸਟੀ ਸਟੇਡੀਅਮ ਡਾਊਨ ਟਾਊਨ ਟੋਰਾਂਟੋ' ਵਿੱਚ ਹੋਏ 'ਵਰਲਡ ਕਬੱਡੀ ਕੱਪ ਟੂਰਨਾਮੈਂਟ' ਵਿੱਚ ਕੈਨੇਡਾ ਦੀ ਟੀਮ ਦੇ ਖਿਡਾਰੀ ਵਜੋਂ 'ਸਟੌਪਰ' ਦੇ ਤੌਰ 'ਤੇ ਹਿੱਸਾ ਲਿਆ। ਇਸ ਵਿਸ਼ਵ-ਪੱਧਰੀ ਟੂਰਨਾਮੈਂਟ ਵਿੱਚ ਅਮਰੀਕਾ, ਇੰਗਲੈਂਡ, ਕੈਨੇਡਾ, ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਸ਼ਾਮਲ ਸਨ। ਟੀਮ ਭਾਵੇਂ ਪਹਿਲੀਆਂ ਦੋ ਪੋਜ਼ੀਸ਼ਨਾਂ ਵਿੱਚ ਨਾ ਆ ਸਕੀ, ਪਰ ਉਸਦੇ ਲਈ ਅੰਤਰਰਾਸ਼ਟਰੀ ਪੱਧਰ 'ਤੇ ਹੋਏ ਇਸ ਟੂਰਨਾਮੈਂਟ ਵਿੱਚ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨਾ ਹੀ ਬੜੀ ਵੱਡੀ ਗੱਲ ਸੀ।

ਦੌੜਾਂ ਵਿੱਚ ਭਾਗ ਲੈਣ ਬਾਰੇ ਪੁੱਛਣ 'ਤੇ ਜਸਵੀਰ ਦਾ ਕਹਿਣਾ ਸੀ ਕਿ ਸੱਭ ਤੋਂ ਪਹਿਲਾਂ ਉਸਨੇ 2007 ਅਤੇ 2008 ਵਿੱਚ 'ਮਿਸੀਸਾਗਾ ਮੈਰਾਥਨ' ਵਿੱਚ 10 ਕਿਲੋਮੀਟਰ ਦੌੜ ਵਿੱਚ ਹਿੱਸਾ ਲਿਆ। ਫਿਰ 2009 ਵਿੱਚ 'ਨਿਆਗਰਾ ਫ਼ਾਲਜ਼ ਮੈਰਾਥਨ' ਵਿੱਚ ਹਾਫ਼-ਮੈਰਾਥਨ ਇੱਕ ਘੰਟਾ 45 ਮਿੰਟ ਵਿੱਚ ਲਗਾਈ। 2010 ਵਿੱਚ ਦੌੜਨ ਲਈ 'ਰੱਨਿੰਗ ਗੋਲ ਕਲੱਬ ਮਿਸੀਸਾਗਾ' ਦੇ ਕੋਚ ਵਿਲੀਅਮ ਕਲਿਊ ਕੋਲੋਂ ਕੋਚਿੰਗ ਲਈ ਅਤੇ 2011 ਵਿੱਚ ਕੋਲੰਬੀਆ (ਅਮਰੀਕਾ) ਵਿੱਚ ਹਾਫ਼-ਮੈਰਾਥਨ ਇੱਕ ਘੰਟਾ 32 ਮਿੰਟ 'ਚ ਲਗਾਈ। ਅਗਲੇ ਸਾਲ 2012 ਵਿੱਚ ਮਿਸੀਸਾਗਾ ਹਾਫ਼-ਮੈਰਾਥਨ ਵਿੱਚ ਇਸ ਦਾ ਸਮਾਂ ਹੋਰ ਘਟਾਇਆ ਅਤੇ ਇਹ ਇੱਕ ਘੰਟਾ 25 ਮਿੰਟ ਵਿੱਚ ਸੰਪੰਨ ਕੀਤੀ। ਹਾਫ਼-ਮੈਰਾਥਨ ਦਾ 'ਬੈੱਸਟ-ਟਾਈਮ' ਉਸ ਦਾ 2014 ਵਿੱਚ ਹੋਈ ਬਰਲਿੰਗਟਨ ਦੀ 'ਚਿੱਲੀ ਮੈਰਾਥਨ' ਦਾ ਸੀ, ਜਿਸ ਨੂੰ ਉਸ ਨੇ ਇੱਕ ਘੰਟਾ 23 ਮਿੰਟ 'ਚ ਪੂਰਾ ਕੀਤਾ। ਮੈਰਾਥਨ ਦੌੜ ਵਿੱਚ ਜਸਵੀਰ ਨੇ ਪਹਿਲੀ ਵਾਰ ਅੰਤਰਰਾਸ਼ਟਰੀ 'ਸ਼ਿਕਾਗੋ ਮੇਜਰ ਮੈਰਾਥਨ' ਵਿੱਚ 2012 ਵਿੱਚ ਹਿੱਸਾ ਲਿਆ ਅਤੇ ਇਹ ਤਿੰਨ ਘੰਟੇ ਦੋ ਮਿੰਟ 'ਚ ਲਗਾਈ। ਉਸਦੀ ਦੂਸਰੀ ਮੇਜਰ




ਮੈਰਾਥਨ 2013 ਵਿੱਚ 'ਬੋਸਟਨ ਮੈਰਾਥਨ' ਸੀ, ਜਿਸ ਨੂੰ ਉਸਨੇ ਤਿੰਨ ਘੰਟੇ ਪੰਜ ਮਿੰਟਾਂ 'ਚ ਪੂਰਾ ਕੀਤਾ। ਇਹ ਪੁੱਛਣ 'ਤੇ ਕਿ ਇਸ ਵਿੱਚ ਤਿੰਨ ਮਿੰਟ ਵਧੇਰੇ ਕਿਉਂ ਲੱਗ ਗਏ, ਜਸਵੀਰ ਨੇ ਦੱਸਿਆ ਕਿ ਸ਼ਿਕਾਗੋ ਮੈਰਾਥਨ ਦਾ ਰੂਟ ਲੱਗਭੱਗ 'ਪੱਧਰਾ' (ਸਮਤਲ) ਹੀ ਹੈ, ਜਦਕਿ ਬੋਸਟਨ ਮੈਰਾਥਨ ਵਾਲਾ ਕੁਝ ਉੱਚਾ-ਨੀਵਾਂ ਜਿਹਾ ਹੈ। ਇਸ ਮੈਰਾਥਨ ਦੌੜ ਲਗਾਉਣ ਸਮੇਂ ਟਰੈਕ ਉੱਪਰ ਬੰਬ ਚੱਲਣ ਦੀ ਵਾਪਰੀ ਅਤੀ ਦੁਖਦਾਇਕ ਘਟਨਾ ਬਾਰੇ ਜ਼ਿਕਰ ਕਰਦਿਆਂ ਉਸਨੇ ਦੱਸਿਆ ਕਿ 16 ਅਪ੍ਰੈਲ 2013 ਨੂੰ ਜਦੋਂ ਉਹ ਅਤੇ ਕੁਝ ਹੋਰ ਤੇਜ਼ ਦੌੜਾਕ ਇਸ ਦੌੜ ਦਾ 'ਫਿਨਿਸ਼ ਪੋਆਇੰਟ' ਪਾਰ ਕਰ ਚੁੱਕੇ ਸਨ ਤਾਂ ਅਚਾਨਕ ਉਨ੍ਹਾਂ ਦੇ ਪਿੱਛੇ ਲੱਗਭੱਗ 180 ਮੀਟਰ ਦੀ ਦੂਰੀ 'ਤੇ ਟਰੈਕ ਉੱਪਰ ਇੱਕ ਬੰਬ ਧਮਾਕਾ ਹੋਇਆ ਜਿਸ ਵਿੱਚ ਤਿੰਨ ਦੌੜਾਕਾਂ ਦੀ ਜਾਨ ਚਲੀ ਗਈ। ਇਸ ਤੋਂ ਬਾਅਦ ਪ੍ਰਬੰਧਕਾਂ ਵੱਲੋਂ ਦੌੜ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ ਗਿਆ ਅਤੇ ਪਿੱਛੇ ਆਉਣ ਵਾਲੇ ਹੋਰ ਦੌੜਾਕਾਂ ਨੂੰ ਪੋਲੀਸ ਵੱਲੋਂ ਉੱਥੇ ਹੀ ਰੋਕ ਦਿੱਤਾ ਗਿਆ। ਉਸ ਤੋਂ 10 ਮਿੰਟ ਬਾਅਦ ਹੀ ਟਰੈਕ ਦੇ ਸੱਜੇ ਪਾਸੇ ਖੜੇ ਦਰਸ਼ਕਾਂ ਦੇ ਵਿਚਕਾਰ ਇੱਕ ਹੋਰ ਬੰਬ ਫਟਿਆ ਜਿਸ ਵਿੱਚ 100 ਤੋਂ ਵਧੇਰੇ ਦਰਸ਼ਕ ਜ਼ਖ਼ਮੀ ਹੋ ਗਏ, ਜਿਨਾਂ ਨੂੰ ਤੁਰਤ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ। ਉਨ੍ਹਾਂ ਦੀ ਜਾਨ ਤਾਂ ਬਚ ਗਈ, ਪਰ ਉਨ੍ਹਾਂ ਵਿੱਚੋਂ ਕਈਆਂ ਦੇ ਕਈ ਅੰਗ ਨਕਾਰਾ ਹੋ ਗਏ। ਉਸ ਤੋਂ ਅਗਲੇ ਦੋ ਸਾਲਾਂ 2014 ਅਤੇ 2015 ਵਿੱਚ ਜਸਵੀਰ ਨੇ ਇਹ 'ਬੋਸਟਨ ਮੇਜਰ ਮੈਰਾਥਨ' ਦੌੜ ਫਿਰ ਦੂਸਰੀ ਅਤੇ ਤੀਸਰੀ ਵਾਰ ਕ੍ਰਮਵਾਰ 3 ਘੰਟੇ 3 ਮਿੰਟਾਂ ਅਤੇ 3 ਘੰਟੇ 2 ਮਿੰਟਾਂ ਵਿੱਚ ਲਗਾਈ।

ਉਸਦੀ 'ਤੀਸਰੀ ਅੰਤਰਰਾਸ਼ਟਰੀ ਮੇਜਰ ਮੈਰਾਥਨ' ਜਰਮਨੀ ਦੇ ਸ਼ਹਿਰ ਬਰਲਿਨ ਵਿੱਚ ਸੀ ਜੋ ਉਸ ਨੇ 2013 ਵਿੱਚ 3 ਘੰਟੇ 33 ਸਕਿੰਟਾਂ ਵਿੱਚ ਪੂਰੀ ਕੀਤੀ ਜੋ ਉਸਦੇ ਲਈ ਬੜੇ ਮਾਣ ਵਾਲੀ ਗੱਲ ਸੀ, ਕਿਉਂਕਿ ਇਸ ਵਿੱਚ ਉਸਦਾ ਇਸ ਨੂੰ ਪੂਰੀ ਕਰਨ ਦਾ ਸਮਾਂ ਹੋਰ ਵੀ ਘਟਿਆ ਸੀ। ਇਸ ਕੜੀ ਵਿੱਚ ਚੱਲਦਿਆਂ 2023 ਵਿੱਚ ਚੌਥੀ 'ਮੇਜਰ ਮੈਰਾਥਨ ਲੰਡਨ' ਉਸਦੇ ਵੱਲੋਂ ਲੰਡਨ ਵਿੱਚ ਲਗਾਈ ਗਈ ਜੋ 3 ਘੰਟੇ 29 ਮਿੰਟ ਵਿੱਚ ਪੂਰੀ ਹੋਈ ਅਤੇ 2025 ਵਿੱਚ ਪੰਜਵੀਂ 'ਮੇਜਰ ਮੈਰਾਥਨ ਨਿਊਯੌਰਕ' ਲਗਾਉਣ ਵਿੱਚ ਵੀ ਉਸ ਨੂੰ ਏਨਾ ਹੀ ਸਮਾਂ ਲੱਗਿਆ। ਇਨ੍ਹਾਂ ਤੋਂ ਇਲਾਵਾ ਉਸ ਨੇ 2014 ਵਿੱਚ 'ਡਬਲਿਨ (ਆਇਰਲੈਂਡ) ਮੈਰਾਥਨ' ਅਤੇ 2015 ਵਿੱਚ 'ਟੋਰਾਂਟੋ ਸਕੋਸ਼ੀਆਬੈਂਕ ਵਾਟਰਮੈਰਾਥਨ' ਵੀ ਲਗਾਈਆਂ ਜੋ ਮੇਜਰ ਮੈਰਾਥਨਾਂ ਵਿੱਚ ਸ਼ਾਮਲ ਨਹੀਂ ਹਨ ਅਤੇ ਇਨ੍ਹਾਂ ਨੂੰ 'ਕੁਆਲੀਫ਼ਾਈਇੰਗ ਮੈਰਾਥਨਾਂ' ਦਾ ਨਾਂ ਦਿੱਤਾ ਜਾਂਦਾ ਹੈ।

ਜਸਵੀਰ ਹੁਣ ਅੱਜਕੱਲ੍ਹ 'ਟੋਕੀਓ ਮੇਜਰ ਮੈਰਾਥਨ' ਵਿੱਚ ਸ਼ਾਮਲ ਹੋਣ ਲਈ ਤਿਆਰੀ ਕਰ ਰਿਹਾ ਹੈ ਜੋ ਕਿ ਪਹਿਲੀ ਮਾਰਚ 2026 ਨੂੰ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋ ਰਹੀ ਹੈ। ਆਪਣੇ ਗੋਰੇ ਕੋਚ ਵਿਲੀਅਮ ਕਲਿਊ ਵੱਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਅਨੁਸਾਰ ਉਹ ਸਵੇਰੇ-ਸ਼ਾਮ ਟ੍ਰੇਨਿੰਗ ਲਈ ਹਾਜ਼ਰ ਹੁੰਦਾ ਹੈ। ਇਸ ਕੋਚਿੰਗ ਦੌਰਾਨ ਹੋ ਰਹੀ 'ਤਿਆਰੀ' ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਹ ਪਹਿਲੇ 20 ਕਿਲੋਮੀਟਰ 5 ਮਿੰਟ ਤੇ 15-20 ਸਕਿੰਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਲਗਾਉਂਦਾ ਹੈ ਅਤੇ ਫਿਰ ਅਗਲੇ 20-22 ਕਿਲੋਮੀਟਰਾਂ ਵਿੱਚ ਉਸਦੀ ਇਹ ਸਪੀਡ ਵੱਧ ਜਾਂਦੀ ਹੈ। ਅੰਤਰਰਾਸ਼ਟਰੀ ਮੈਰਾਥਨਾਂ ਲਗਾਉਣ ਸਮੇਂ ਵੀ ਲੱਗਭੱਗ ਏਹੀ ਸਿਲਸਿਲਾ ਚੱਲਦਾ ਹੈ। ਕਹਿਣ ਦਾ ਭਾਵ ਹੈ ਕਿ ਪਹਿਲੇ ਅੱਧ ਵਿੱਚ ਦੌੜਾਕਾਂ ਵੱਲੋਂ ਕੁਝ 'ਸਲੋਅ' ਹੀ ਚੱਲਿਆ ਜਾਂਦਾ ਹੈ ਅਤੇ ਅਗਲੇ ਅੱਧ ਵਿੱਚ ਇਸ ਸਪੀਡ ਨੂੰ ਕੁਝ ਵਧਾਇਆ ਜਾਂਦਾ ਹੈ। ਉਦੋਂ ਦਰਸ਼ਕਾਂ ਵੱਲੋਂ ਮਿਲ ਰਹੀ ਹੱਲਾਸ਼ੇਰੀ ਵੀ ਦੌੜਾਕਾਂ ਦੀ 'ਚਾਲ' ਨੂੰ ਕੁਝ ਹੱਦ ਤੀਕ ਵਧਾਉਣ ਵਿੱਚ ਸਹਾਈ ਹੁੰਦੀ ਹੈ। ਖ਼ੁਰਾਕ ਬਾਰੇ ਪੁੱਛੇ ਜਾਣ 'ਤੇ ਜਸਵੀਰ ਨੇ ਦੱਸਿਆ ਕਿ ਉਹ ਘਰੇਲੂ 'ਵੈਜੀਟੇਰੀਅਨ ਭੋਜਨ' ਹੀ ਪਸੰਦ ਕਰਦਾ ਹੈ ਜਿਸ ਵਿੱਚ ਦਾਲ, ਸਬਜ਼ੀ, ਫੁਲਕਾ ਹੀ ਵਧੇਰੇ ਕਰਕੇ ਸ਼ਾਮਲ ਹੁੰਦੇ ਹਨ। ਕਦੇ-ਕਦੇ ਚੌਲ਼ ਵੀ ਖਾ ਲੈਂਦਾ ਹੈ, ਪਰ ਬਹੁਤ ਹੀ ਘੱਟ। ਇਸ ਦੇ ਨਾਲ ਹੀ ਅਲਸੀ/ਮੇਥੇ ਅਤੇ ਖੋਏ ਦੀਆਂ 'ਪਿੰਨੀਆਂ' ਵੀ ਉਸਦੀ ਖ਼ੁਰਾਕ ਵਿੱਚ ਸ਼ਾਮਲ ਹਨ। 'ਨਾਨ-ਵੈੱਜ' ਵਿੱਚ ਉਹ ਕਦੇ-ਕਦੇ ਚਿਕਨ ਖਾਂਦਾ ਹੈ ਅਤੇ 'ਗੋਟ' ਜਾਂ 'ਬੀਫ਼' ਤੋਂ ਪੂਰਾ ਪ੍ਰਹੇਜ਼ ਕਰਦਾ ਹੈ, ਕਿਉਂਕਿ ਇਹ 'ਭਾਰੇ' ਹੋਣ ਕਰਕੇ ਜਲਦੀ ਨਹੀਂ ਪਚਦੇ ਅਤੇ ਇਹ ਖਾਣ 'ਤੇ ਅਗਲੇ ਦਿਨ ਦੌੜਨ 'ਚ ਮੁਸ਼ਕਲ ਪੇਸ਼ ਆਉਂਦੀ ਹੈ।

ਟੀ.ਪੀ.ਏ.ਆਰ. ਕਲੱਬ ਵਿੱਚ ਸ਼ਾਮਲ ਹੋਣ ਬਾਰੇ ਪੁੱਛਣ 'ਤੇ ਉਸਦਾ ਕਹਿਣਾ ਸੀ ਕਿ ਇਹ ਮਾਮਾ ਜੀ ਸੂਰਤ ਸਿੰਘ ਚਾਹਲ ਹੁਰਾਂ ਦੀ ਪ੍ਰੇਰਨਾ ਸਦਕਾ ਸੰਭਵ ਹੋ ਸਕਿਆ ਹੈ। ਦੌੜਾਕਾਂ ਨੂੰ ਦੌੜਨ ਲਈ ਇਹ ਕਲੱਬ ਬੜੀ ਹੱਲਾਸ਼ੇਰੀ ਦੇ ਰਹੀ ਹੈ ਅਤੇ ਇਸ ਦੇ ਨਾਲ ਹੀ ਸਰੀਰ ਨੂੰ ਤੰਦਰੁਸਤ ਤੇ ਚੁਸਤ-ਦਰੁੱਸਤ ਰੱਖਣ ਲਈ ਆਮ ਲੋਕਾਂ ਨੂੰ ਬੜਾ ਵਧੀਆ ਤੇ ਸਾਰਥਿਕ ਸੁਨੇਹਾ ਦੇ ਰਹੀ ਹੈ। ਇਸ ਦੇ ਮੈਂਬਰ ਬਹੁਤ ਸਾਰੇ ਸਥਾਨਕ ਅਤੇ ਦੂਰ-ਨੇੜੇ ਹੋਣ ਵਾਲੀਆਂ ਦੌੜਾਂ ਦੇ ਈਵੈਂਟਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਇਕ ਦੂਸਰੇ ਲਈ ਪ੍ਰੇਰਨਾ ਦੇ ਵਧੀਆ ਸਰੋਤ ਬਣਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਸ ਕਲੱਬ ਦੇ ਕਈ ਮੈਂਬਰਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬੜੀਆਂ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਨਾਲ ਬਾਕੀ ਮੈਂਬਰਾਂ ਨੂੰ ਬੜਾ ਉਤਸ਼ਾਹ ਮਿਲਦਾ ਹੈ ਅਤੇ ਉਨ੍ਹਾਂ ਵਿੱਚ ਹੋਰ ਵਧੇਰੇ ਮਿਹਨਤ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਦੌੜਨ ਤੋਂ ਇਲਾਵਾ ਕਿਸੇ ਹੋਰ 'ਸ਼ੁਗਲ' (ਹੌਬੀ) ਬਾਰੇ ਪੁੱਛਣ 'ਤੇ ਜਸਵੀਰ ਨੇ ਦੱਸਿਆ ਕਿ ਆਪਣੇ ਡਰਾਈਵਰੀ ਦੇ ਕੰਮ ਦੇ ਨਾਲ ਦੌੜਨ ਤੋਂ ਇਲਾਵਾ ਹੋਰ ਕੁਝ ਸੋਚਣ ਜਾਂ ਕਰਨ ਲਈ ਸਮਾਂ ਹੀ ਨਹੀਂ ਮਿਲਦਾ। ਅਲਬੱਤਾ! ਉਸ ਨੂੰ ਦੇਸ਼-ਵਿਦੇਸ਼ ਘੁੰਮਣ-ਫਿਰਨ ਦਾ ਸ਼ੌਕ ਜ਼ਰੂਰ ਹੈ ਅਤੇ ਇਸ ਸ਼ੌਕ ਨੂੰ ਪਾਲ਼ਦਿਆਂ ਹੋਇਆਂ ਉਸਨੇ ਅੰਤਰਰਾਸ਼ਟਰੀ ਮੈਰਾਥਨ ਦੌੜਾਂ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਤੋਂ ਇਲਾਵਾ ਹੁਣ ਤੀਕ ਕਿਊਬਾ, ਜਮਾਇਕਾ, ਮੈਕਸੀਕੋ, ਕੌਸਟਾ ਰੀਕਾ, ਅਰੂਬਾ, ਆਦਿ ਦੇਸ਼ ਘੁੰਮ ਲਏ ਹਨ ਅਤੇ ਕਈ ਹੋਰ ਘੁੰਮਣ ਦੀ ਤਮੰਨਾ ਹੈ। ਵੇਖੋ, ਉਹ ਕਦੋਂ ਕੁ ਪੂਰੀ ਹੁੰਦੀ ਹੈ। ਇਸ ਦੇ ਨਾਲ ਹੀ ਉਸਨੇ ਦੱਸਿਆ ਕਿ ਦੌੜਨ ਦਾ ਸ਼ੌਕ ਪੂਰਾ ਕਰਨ ਲਈ ਉਸਨੂੰ ਘਰ ਤੋਂ ਪੂਰਾ ਸਹਿਯੋਗ ਮਿਲਦਾ ਹੈ। ਉਸਦੀ ਪਤਨੀ ਕੁਲਵਿੰਦਰ ਕੌਰ ਅਤੇ ਦੋਵੇਂ ਬੇਟੀਆਂ ਉਸਦੀ ਸਮੇਂ-ਸਮੇਂ ਹੌਸਲਾ-ਅਫ਼ਜ਼ਾਈ ਕਰਦੀਆਂ ਹਨ, ਜਿਸ ਨਾਲ ਉਸ ਨੂੰ ਹੋਰ ਵੀ ਉਤਸ਼ਾਹ ਮਿਲਦਾ ਹੈ।

ਵੇਖਿਆ ਜਾਏ ਤਾਂ ਕਿਸੇ ਐਥਲੀਟ ਜਾਂ ਕਿਸੇ ਵੀ ਗੇਮ ਦੇ ਖਿਡਾਰੀ ਨੂੰ ਇਸ ਤਰ੍ਹਾਂ ਦੇ ਉਚੇਰੇ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਣ ਲਈ ਜਿੱਥੇ ਉਸਦੀ ਆਪਣੀ ਸਖ਼ਤ ਮਿਹਨਤ, ਲਗਨ ਅਤੇ ਸਿਰੜ ਕੰਮ ਕਰਦੇ ਹਨ, ਉੱਥੇ ਉਸ ਦੇ ਪਰਿਵਾਰ ਦੇ ਮੈਂਬਰਾਂ ਦਾ ਵੀ ਵੱਡਾ ਯੋਗਦਾਨ ਹੁੰਦਾ ਹੈ, ਖ਼ਾਸ ਤੌਰ 'ਤੇ ਉਸ ਦੇ ਜੀਵਨ ਸਾਥੀ/ਸਾਥਣ ਦਾ ਜੋ ਉਸਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਚੱਲਦੇ ਹਨ। ਪੁਰਸ਼ ਖਿਡਾਰੀਆਂ ਦੇ ਕੇਸ ਵਿੱਚ ਉਨ੍ਹਾਂ ਦੀਆਂ ਪਤਨੀਆਂ ਉਨ੍ਹਾਂ ਦੀ ਰੋਜ਼ਾਨਾ ਖ਼ੁਰਾਕ ਵੱਲ ਵਿਸ਼ੇਸ਼ ਧਿਆਨ ਦਿੰਦੀਆਂ ਹਨ ਅਤੇ ਖੇਡਾਂ ਦੇ ਈਵੈਂਟਾਂ ਵਿੱਚ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਲਈ ਉਨ੍ਹਾਂ ਦੇ ਨਾਲ 'ਕੰਪਨੀ' ਕਰਦੀਆਂ ਹਨ। ਉਨ੍ਹਾਂ ਦੇ ਬੱਚੇ ਵੀ ਇਸ ਕੰਮ ਵਿੱਚ ਆਪਣੇ ਮਾਂ/ਬਾਪ ਦਾ ਪੂਰਾ ਸਾਥ ਦਿੰਦੇ ਹਨ। ਖਿਡਾਰੀਆਂ ਲਈ ਵੀ ਇਹ ਇੱਕ ਤਰ੍ਹਾਂ 'ਭਗਤੀ' ਵਾਲ਼ੀ ਗੱਲ ਹੁੰਦੀ ਹੈ ਅਤੇ ਉਨ੍ਹਾਂ ਦੇ ਕੋਚ ਉਨ੍ਹਾਂ ਦੀ 'ਭਗਤੀ' ਦੇ ਇਸ ਮਾਰਗ ਵਿੱਚ 'ਗੁਰੂ' ਅਤੇ 'ਮਾਰਗ-ਦਰਸ਼ਕ' ਦੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇੱਕ ਚੰਗਾ ਕੋਚ, ਖਿਡਾਰੀ ਨੂੰ ਸਹੀ ਤਰੀਕੇ ਨਾਲ ਕੋਚਿੰਗ ਦਿੰਦਿਆਂ ਹੋਇਆਂ ਇੱਕ ਸਿਆਣੇ 'ਜੌਹਰੀ' ਅਤੇ ਸੁਚੱਜੇ 'ਕਲਾਤਮਿਕ ਕਾਰੀਗਰ' ਵਾਲਾ ਕੰਮ ਕਰਦਾ ਹੈ ਜਿਸਦੀ ਖਿਡਾਰੀ ਨੂੰ 'ਹੀਰੇ' ਵਾਂਗ ਤਰਾਸ਼ਣ ਵਾਲੀ ਅਹਿਮ ਭੂਮਿਕਾ ਹੈ। ਜਸਵੀਰ ਦੀ ਸਖ਼ਤ ਮਿਹਨਤ ਅਤੇ ਸਿਰੜ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਉਸਦੇ ਬਾਰੇ ਇਹ ਆਰਟੀਕਲ ਲਿਖਣ ਲਈ ਜਦੋਂ ਇਹ ਪੱਤਰਕਾਰ ਉਸ ਦੇ ਨਾਲ ਇੰਟਰਵਿਊ ਕਰਨ ਗਿਆ ਤਾਂ ਉਹ ਉਸ ਦਿਨ ਸਵੇਰੇ ਮਨਫ਼ੀ 20 ਡਿਗਰੀ ਸੈਂਟੀਗਰੇਡ ਦੇ ਕਰੀਬ ਚੱਲ ਰਹੇ ਤਾਪਮਾਨ ਵਿੱਚ ਲੱਗਭੱਗ 35 ਕਿਲੋਮੀਟਰ ਦੌੜ ਲਗਾ ਕੇ ਆਇਆ ਸੀ ਅਤੇ ਦੱਸ ਰਿਹਾ ਸੀ ਕਿ ਇਸ ਇੰਟਰਵਿਊ ਤੋਂ ਬਾਅਦ ਸ਼ਾਮ ਨੂੰ ਪੰਜ ਵਜੇ ਉਸ ਨੇ ਆਪਣੇ ਕੋਚ ਕੋਲ ਅਕੈਡਮੀ 'ਚ ਵੀ ਜਾਣਾ ਹੈ, ਜਿੱਥੇ ਚੱਲ ਰਹੀ ਟ੍ਰੇਨਿੰਗ ਵਜੋਂ ਉਸਨੇ 5-7 ਜਾਂ 10 ਕਿਲੋਮੀਟਰ ਅਜੇ ਹੋਰ ਦੌੜਨਾ ਹੈ। ਅਗਲੇ ਮਹੀਨੇ ਪਹਿਲੀ ਮਾਰਚ 2026 ਨੂੰ 'ਟੋਕੀਓ ਮੇਜਰ 'ਮੈਰਾਥਨ' ਵਿੱਚ ਭਾਗ ਲੈਣ ਲਈ ਜਸਵੀਰ ਖੈੜਾ ਨੂੰ ਸ਼ੁਭ-ਕਾਮਨਾਵਾਂ। ਰੱਬ ਕਰੇ, ਉੱਥੋਂ ਉਹ ਆਪਣੇ ਮਾਮਾ ਜੀ ਸੂਰਤ ਸਿੰਘ ਚਾਹਲ ਵਾਂਗ 'ਸਿਕਸ ਸਟਾਰ ਮੈਡਲ' ਲੈ ਕੇ ਆਏ ਅਤੇ ਅੱਗੋਂ ਸਿਡਨੀ ਤੋਂ 'ਸੈਵਨ ਸਟਾਰ ਮੈਡਲ' ਵੀ ਉਸਦੀ ਝੋਲੀ 'ਚ ਪਵੇ। ਇਸ ਦੇ ਹੀ ਜਸਵੀਰ ਨੇ ਇਸ ਪੱਤਰਕਾਰ ਨਾਲ ਇਹ ਖ਼ੁਸ਼ਖ਼ਬਰੀ ਵੀ ਸਾਂਝੀ ਕੀਤੀ ਕਿ ਉਹ 24 ਮਈ ਨੂੰ ਅਫ਼ਰੀਕਾ ਦੇ ਸ਼ਹਿਰ 'ਕੇਪ ਟਾਊਨ' ਵਿੱਚ ਹੋ ਰਹੀ ਮੈਰਾਥਨ ਦੌੜ ਵਿੱਚ ਭਾਗ ਲੈਣ ਲਈ ਜਾ ਰਿਹਾ ਹੈ ਜਿਸ ਦੇ ਲਈ 'ਐਬਟ ਵਰਲਡ ਮੈਰਾਥਨ ਮੇਜਰਜ਼' ਵੱਲੋਂ ਆਈ ਈ-ਮੇਲ ਰਾਹੀਂ ਆਇਆ ਹੋਇਆ 'ਸੱਦਾ-ਪੱਤਰ' (ਨਿਵਿਟਓਟਿਨ) ਇਸ ਪੱਤਰਕਾਰ ਨੂੰ ਵਿਖਾਇਆ। ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਫ਼ਰੀ ਸੱਦਾ 'ਐਬਟ ਵਰਲਡ ਮੈਰਾਥਨ ਮੇਜਰਜ਼' ਵੱਲੋਂ ਕੇਵਲ ਉਨ੍ਹਾਂ ਮੈਰਾਥਨ ਦੌੜਾਕਾਂ ਨੂੰ ਭੇਜਿਆ ਜਾਂਦਾ ਹੈ, ਜਿਨ੍ਹਾਂ ਨੇ ਛੇ ਮੇਜਰ ਮੈਰਾਥਨਾਂ ਵਿੱਚੋਂ ਤਿੰਨਾਂ ਦੇ ਵਿੱਚ 3 ਘੰਟੇ 5 ਮਿੰਟ ਤੋਂ ਘੱਟ ਸਮਾਂ ਲਿਆ ਹੋਵੇ। ਪਹਿਲੀ ਮਈ ਵਾਲੀ 'ਟੋਕੀਓ ਮੇਜਰ ਮੈਰਾਥਨ' ਦੇ ਨਾਲ ਨਾਲ 24 ਮਈ ਨੂੰ ਹੋ ਰਹੀ 'ਕੇਪ ਟਾਊਨ' ਦੀ ਇਸ ਅੰਤਰਰਾਸ਼ਟਰੀ ਮੈਰਾਥਨ ਦੌੜ ਵਿੱਚ ਸ਼ਾਮਲ ਹੋਣ ਲਈ ਵੀ ਜਸਵੀਰ ਖੈੜਾ ਨੂੰ ਸ਼ੁਭ-ਕਾਮਨਾਵਾਂ!











ਪੰਜਾਬ ਸਟਾਰ
www.punjabstar.com

# ਕੋਇ ਨ ਕਿਸ ਹੀ ਜੇਹਾ ਉਪਾਇਆ...



ਇਸ ਸੰਸਾਰ ਵਿੱਚ ਕੋਈ ਕਿਸੇ ਵਰਗਾ ਨਹੀਂ ਹੈ। ਹਰ ਕਿਸੇ ਦੀ ਆਪਣੀ ਹੋਂਦ ਹੈ ਆਪਣੀ ਹਸਤੀ ਹੈ। ਹਰ ਕਿਸੇ ਦਾ ਵੱਖਰਾ ਸੁਭਾਅ ਹੈ। ਵੱਖਰੀ ਸੋਚ ਹੈ। ਚਿਹਰੇ ਮੁਹਰੇ ਵੀ ਦੇਖੀਏ ਤਾਂ ਕੋਈ ਕਿਸੇ ਵਰਗਾ ਨਹੀਂ। ਥੋੜਾ ਬਹੁਤ ਮੁਹਾਂਦਰਾ ਮਿਲਦਾ ਹੋ ਸਕਦਾ ਹੈ ਪਰ ਹੂਬਹੂ ਕੋਈ ਕਿਸੇ ਨਾਲ ਨਹੀਂ ਮਿਲਦਾ।

ਸੋਚ ਕੇ ਵੇਖੋ ਕਿ ਅੱਜ ਤੱਕ ਜ਼ਿੰਦਗੀ ਵਿੱਚ ਤੁਹਾਨੂੰ ਕਿੰਨੇ ਲੋਕ ਮਿਲੇ ਹਨ। ਕਦੇ ਵੇਖਿਆ ਹੈ ਕਿ ਕੋਈ ਕਿਸੇ ਵਰਗਾ ਹੋਵੇ। ਥੋੜੇ ਬਹੁਤ ਫਰਕ ਨਾਲ ਇੱਕ ਦੂਜੇ ਤੋਂ ਹਰ ਕੋਈ ਵੱਖਰਾ ਹੈ ਤੇ ਕਈ ਵਾਰ ਬਹੁਤ ਜ਼ਿਆਦਾ ਫਰਕ ਨਾਲ। ਇਥੋਂ ਇਹ ਤਾਂ ਸਮਝ ਆਉਂਦੀ ਹੈ ਕਿ ਅਸੀਂ ਕਿਸੇ ਵੀ ਦੋ ਜਾਂ ਚਾਰ ਬੰਦਿਆਂ ਨੂੰ ਇੱਕ ਕਸਵੱਟੀ ਤੇ ਪਰਖ ਨਹੀਂ ਸਕਦੇ। ਜਦ ਉਹ ਇੱਕੋ ਜਿਹੇ ਹੀ ਨਹੀਂ ਤਾਂ ਫਿਰ ਉਹਨਾਂ ਨੂੰ ਇੱਕੋ ਜਿਹਾ ਸਮਝ ਕੇ ਜਾਂ ਇੱਕੋ ਜਿਹੇ ਗੁਣਾਂ ਦੇ ਆਧਾਰ ਤੇ ਪਰਖਿਆ ਕਿਵੇਂ ਜਾ ਸਕਦਾ ਹੈ। ਇਹ ਜ਼ਿੰਦਗੀ ਦੀ ਬਹੁਤ ਵੱਡੀ ਸੱਚਾਈ ਹੈ ਜੇਕਰ ਮਨੁੱਖ ਸਮਝ ਲਵੇ।

ਕਿਸੇ ਇੱਕ ਮਨੁੱਖ ਦੇ ਚੰਗੇ ਜਾਂ ਮਾੜੇ ਹੋਣ ਨਾਲ ਉਸਦੇ ਪਰਿਵਾਰ ਉਸਦੇ ਸਾਥੀ ਉਸਦੇ ਦੋਸਤ ਉਸਦੇ ਮਿਲਣ ਵਰਤਣ ਵਾਲੇ ਚੰਗੇ ਜਾਂ ਮਾੜੇ ਨਹੀਂ ਹੋ ਜਾਂਦੇ। ਇੱਕ ਪਰਿਵਾਰ ਵਿੱਚ ਇੱਕੋ ਕੁੱਖ ਤੋਂ ਜੰਮੇ ਭੈਣ ਭਰਾ ਵੀ ਇੱਕੋ ਜਿਹੇ ਨਹੀਂ ਹੁੰਦੇ। ਉਹਨਾਂ ਦੇ ਸੁਭਾਅ ਵਿੱਚ ਕਈ ਵਾਰ ਜਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਫਿਰ ਅਸੀਂ ਕਿਵੇਂ ਇੱਕ ਬਸ਼ਰ ਨੂੰ ਦੇਖ ਕੇ ਉਸ ਤੋਂ ਸਾਰੇ ਪਰਿਵਾਰ ਬਾਰੇ ਰਾਏ ਬਣਾ ਲੈਂਦੇ ਹਾਂ। ਇਹ ਉਚਿਤ ਨਹੀਂ ਹੈ। ਇੱਕੋ ਪਰਿਵਾਰ ਵਿੱਚ ਕੋਈ ਦਾਨੀ ਮਹਾਤਮਾ ਵੀ ਹੋ ਸਕਦਾ ਹੈ ਤੇ ਕੋਈ ਅਪਰਾਧੀ ਵੀ।

ਸਾਨੂੰ ਇੱਕ ਦੂਜੇ ਤੋਂ ਇਸ ਵਖਰੇਵੇਂ ਨੂੰ ਸਮਝਣਾ ਤੇ ਅਪਣਾਉਣਾ ਚਾਹੀਦਾ ਹੈ। ਇਧਰ ਅਸਲ ਸੌਖੀ ਜ਼ਿੰਦਗੀ ਦਾ ਇਕ ਰਾਹ ਹੈ। ਜਦੋਂ ਇਹ ਸਮਝ ਲਿਆ ਜਾਵੇ ਕਿ ਹਰ ਕਿਸੇ ਦੀ ਵੱਖਰੀ ਸੋਚ ਹੈ ਤੇ ਵੱਖਰਾ ਵਿਹਾਰ ਤਾਂ ਮਨ ਕਾਫੀ ਹੱਦ ਤੱਕ ਸਕੂਨ ਵਿੱਚ ਰਹਿੰਦਾ ਹੈ। ਫਿਰ ਅਸੀਂ ਦੂਸਰੇ ਤੋਂ ਉਹ ਉਮੀਦ ਨਹੀਂ ਕਰਦੇ ਜਿਹੋ ਜਿਹਾ ਅਸੀਂ ਸੋਚਦੇ ਹਾਂ। ਸਾਡੇ ਦੁੱਖ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਅਸੀਂ ਜਿਸ ਤਰ੍ਹਾਂ ਕਿਸੇ ਨਾਲ ਵਿਹਾਰ ਕਰਦੇ ਹਾਂ ਚਾਹੁੰਦੇ ਹਾਂ ਕਿ ਉਹ ਵੀ ਸਾਡੇ ਨਾਲ ਉਸੇ ਤਰ੍ਹਾਂ ਹੀ ਵਿਹਾਰ ਕਰੇ। ਇਹ ਕਦੇ ਜੀ ਸੰਭਵ ਨਹੀਂ ਹੋ ਸਕਦਾ।

ਹਰ ਮਨੁੱਖ ਦੀ ਆਪਣੀ ਸੋਚਣ ਦੀ ਬਿਰਤੀ ਹੈ। ਉਸ ਸੋਚ ਦੀ ਬਿਰਤੀ ਦੇ ਹਿਸਾਬ ਨਾਲ ਹੀ ਉਸ ਦਾ ਵਿਹਾਰ ਹੈ।

ਅੱਜ ਮਨੁੱਖ ਦੇ ਦੁੱਖ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉਹ ਦੂਸਰਿਆਂ ਤੋਂ ਉਹੀ ਉਮੀਦ ਰੱਖਦਾ ਹੈ ਜੋ ਉਹ ਦੂਜਿਆਂ ਲਈ ਕਰਦਾ ਹੈ। ਉਸਨੂੰ ਜਾਪਦਾ ਹੈ ਕਿ ਜੇ ਮੈਂ ਕਿਸੇ ਨਾਲ ਚੰਗਾ ਕੀਤਾ ਤਾਂ ਸਾਹਮਣੇ ਵਾਲਾ ਵੀ ਮੇਰੇ ਨਾਲ ਨੇਕੀ ਕਰੇ। ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਤੁਸੀਂ ਆਪਣੇ ਆਪ ਵਿੱਚ ਇੱਕ ਵਿਲੱਖਣ ਸ਼ਖਸੀਅਤ ਹੋ। ਜਿਸ ਦਿਨ ਤੁਸੀਂ ਇਸ ਗੱਲ ਨੂੰ ਸਮਝ ਲਿਆ ਤੇ ਆਪਣੇ ਆਪ ਨੂੰ ਅਪਣਾ ਲਿਆ ਉਸ ਦਿਨ ਤੁਹਾਡੀ ਜ਼ਿੰਦਗੀ ਦਾ ਰਾਹ ਬਦਲ ਜਾਵੇਗਾ। ਤੁਹਾਡੇ ਮਨ ਨੂੰ ਸਕੂਨ ਮਿਲੇਗਾ।

ਕਈ ਵਾਰ ਅਸੀਂ ਦੂਜੇ ਨਾਲ ਆਪਣੇ ਆਪ ਨੂੰ ਤੁਲਨਾ ਕਰਕੇ ਛੋਟਾ ਸਮਝਦੇ ਹਾਂ। ਇਸ ਨਾਲ ਅਸੀਂ ਨਿਰਾਸ਼ਾ ਦੀ ਖਾਈ ਵਿੱਚ ਜਾ ਡਿੱਗਦੇ ਹਾਂ। ਅਸੀਂ ਇਸ ਤਰ੍ਹਾਂ ਸੋਚਣ ਲੱਗਦੇ ਹਾਂ ਕਿ ਅਸੀਂ ਉਸ ਵਰਗੇ ਕਿਉਂ ਨਹੀਂ ਹੋ ਸਕਦੇ। ਸਾਫ ਜਿਹੀ ਗੱਲ ਹੈ ਉਹ ਵੀ ਤਾਂ ਸਾਡੇ ਵਰਗਾ ਨਹੀਂ ਹੋ ਸਕਦਾ। ਉਸ ਦੇ ਗੁਣ ਉਸ ਦੀਆਂ ਖਾਮੀਆਂ ਉਸਦੀਆਂ ਹਨ। ਸਾਡੇ ਗੁਣ ਸਾਡੀਆਂ ਖਾਮੀਆਂ ਅਲੱਗ ਹਨ। ਦੂਸਰੇ ਨੂੰ ਦੇਖ ਕੇ ਉਸ ਵਰਗਾ ਬਣਨ ਦੀ ਕੋਸ਼ਿਸ਼ ਕਰਨਾ ਸੰਭਵ ਹੈ। ਇਹ ਵੀ ਸੰਭਵ ਹੈ ਕਿ ਕਾਫੀ ਹੱਦ ਤੱਕ ਤੁਸੀਂ ਬਦਲ ਜਾਵੋ। ਪਰ ਇਸ ਤੋਂ ਜਿਆਦਾ ਮਹੱਤਵਪੂਰਨ ਇਹ ਹੈ ਕਿ ਤੁਸੀਂ ਆਪਣੇ ਆਪ ਤੇ ਕੰਮ ਕਰੋ।
ਆਪਣੇ ਲਿਆਕਤ ਨੂੰ ਪਛਾਣੋ। ਆਪਣੇ ਗੁਣ ਸਮਝੋ ਤੇ ਉਹਨਾਂ ਨੂੰ ਉਭਾਰਨ ਦੀ ਕੋਸ਼ਿਸ਼ ਕਰੋ। ਆਪਣੇ ਔਗੁਣ ਚਿਤਾਰੋ ਤੇ ਉਹਨਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰੋ। ਅਸੀਂ ਚਾਹ ਕੇ ਵੀ ਦੂਜੇ ਵਰਗੇ ਨਹੀਂ ਹੋ ਸਕਦੇ। ਪਰ ਜੋ ਅਸੀਂ ਹਾਂ ਉਸ ਤੋਂ ਬਿਹਤਰ ਹੋ ਸਕਦੇ ਹਾਂ। ਅੱਜ ਕੱਲ ਮਾਤਾ ਪਿਤਾ ਵੀ ਬੱਚਿਆਂ ਤੇ ਬੜਾ ਜ਼ੋਰ ਦਿੰਦੇ ਹਨ ਕਿ ਉਹ ਦੂਜੇ ਦੇ ਬੱਚੇ ਵਰਗਾ ਹੋਵੇ। ਅਕਸਰ ਮਾਂ ਬਾਪ ਦੂਜਿਆਂ ਦੇ ਬੱਚਿਆਂ ਨਾਲ ਆਪਣੇ ਬੱਚਿਆਂ ਦੀ ਤੁਲਨਾ ਕਰਦੇ ਹੋਏ ਉਹਨਾਂ ਨੂੰ ਕਮਤਰੀ ਦਾ ਅਹਿਸਾਸ ਕਰਾਉਂਦੇ ਹਨ। ਮਾਂ ਬਾਪ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹਰ ਬੱਚਾ ਕੁਝ ਵੱਖਰੇ ਗੁਣ ਲੈ ਕੇ ਪੈਦਾ ਹੁੰਦਾ ਹੈ।

ਅੱਜ ਦੇ ਇਸ ਮੁਕਾਬਲੇ ਦੀ ਯੁੱਗ ਵਿੱਚ ਜੇ ਇੱਕ ਬੱਚਾ ਇੱਕ ਕਰੋੜ ਦਾ ਪੈਕਜ ਲੈਂਦਾ ਹੈ ਤਾਂ ਜਰੂਰੀ ਨਹੀਂ ਕਿ ਦੂਜਾ ਵੀ ਉਨਾ ਹੀ ਪੈਕੇਜ ਲਵੇਗਾ। ਇੱਕ ਬੱਚਾ ਜੇਕਰ ਡਾਕਟਰ ਬਣਨਾ ਚਾਹੁੰਦਾ ਹੈ ਤਾਂ ਦੂਸਰਾ ਚਿੱਤਰਕਾਰ ਬਣਨਾ ਚਾਹੁੰਦਾ ਵੀ ਹੋ ਸਕਦਾ ਹੈ। ਬੱਚੇ ਨੂੰ ਉਸਦੇ ਗੁਣ ਅਤੇ ਉਸਦੀ ਪਸੰਦ ਦੇ ਹਿਸਾਬ ਨਾਲ ਵਧਣ ਫੁੱਲਣ ਦਿਓ। ਕਦੇ ਕਿਸੇ ਬੇਲ ਨੂੰ ਵਧਦਿਆਂ ਦੇਖੋ ਕਿਸੇ ਬੂਟੇ ਨੂੰ ਵਰਦੇ ਹੋਏ ਦੇਖੋ ਉਹ ਆਪਣੀ ਕੁਦਰਤ ਦੀ ਤਰੀਕੇ ਨਾਲ ਬੜੀ ਖੂਬਸੂਰਤੀ ਨਾਲ ਵੱਧਦਾ ਹੈ ਤੇ ਬਹੁਤ ਉੱਚਾ ਵੀ ਜਾਂਦਾ ਹੈ। ਜਦੋਂ ਉਸਨੂੰ ਕੱਟ ਕੇ ਅਸੀਂ ਆਪਣੇ ਹਿਸਾਬ ਦਾ ਕੋਈ ਰੂਪ ਦੇਣਾ ਚਾਹੁੰਦੇ ਹਾਂ ਤਾਂ ਅਕਸਰ ਬੂਟਾ ਛੋਟਾ ਜਿਹਾ ਰਹਿ ਜਾਂਦਾ ਹੈ। ਠੀਕ ਇਹੀ ਗੱਲ ਬੱਚਿਆਂ ਤੇ ਵੀ ਲਾਗੂ ਹੁੰਦੀ ਹੈ।

ਅਸੀਂ ਆਪਣੇ ਜੀਵਨ ਸਾਥੀ ਤੋਂ ਵੀ ਉਹ ਉਮੀਦ ਕਰਦੇ ਹਾਂ ਜੋ ਸਾਡੇ ਕਿਸੇ ਜਾਨਣ ਵਾਲੇ ਦੇ ਜੀਵਨ ਸਾਥੀ ਦਾ ਵਿਹਾਰ ਹੈ। ਇੱਥੇ ਇਹ ਸਮਝ ਲੈਣਾ ਜਰੂਰੀ ਹੈ ਕਿ ਸਾਡੇ ਜੀਵਨ ਸਾਥੀ ਵਿੱਚ ਜੇ ਕੋਈ ਖਾਮੀ ਹੈ ਤਾਂ ਕੋਈ ਗੁਣ ਵੀ ਜਰੂਰ ਹੋਵੇਗਾ। ਉਸ ਦੇ ਗੁਣ ਵੱਲ ਧਿਆਨ ਦਿਓ। ਉਸ ਨੂੰ ਦੂਸਰਿਆਂ ਵਰਗਾ ਕਰਨ ਦੀ ਕੋਸ਼ਿਸ਼ ਨਾ ਕਰੋ। ਉਸ ਦੀ ਵਿਲੱਖਣਤਾ ਨੂੰ ਪਛਾਣੋ। ਉਸ ਵਿੱਚ ਅਨੇਕਾਂ ਅਜਿਹੇ ਗੁਣ ਹੋਣਗੇ ਜੋ ਉਸ ਵਿਅਕਤੀ ਵਿੱਚ ਨਹੀਂ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਉਹ ਸੰਪੂਰਨ ਹੈ।

ਮਨੁੱਖੀ ਰਿਸ਼ਤਿਆਂ ਦੀ ਸਭ ਤੋਂ ਵੱਡੀ ਤਰਾਸਦੀ ਹੀ ਇਹ ਹੈ ਕਿ ਉਹ ਦੂਜੇ ਨੂੰ ਆਪਣੇ ਮੁਤਾਬਕ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤੇ ਇਸ ਕੋਸ਼ਿਸ਼ ਵਿੱਚ ਰਿਸ਼ਤਾ ਮਰ ਜਾਂਦਾ ਹੈ। ਕੋਈ ਕਦੀ ਕਿਸੇ ਵਰਗਾ ਨਹੀਂ ਹੁੰਦਾ। ਹੋਣਾ ਵੀ ਨਹੀਂ ਚਾਹੀਦਾ। ਹਰ ਕਿਸੇ ਦੀ ਆਪਣੀ ਸ਼ਖਸੀਅਤ ਹੁੰਦੀ ਹੈ। ਹਰ ਕਿਸੇ ਦਾ ਆਪਣਾ ਵੱਖਰਾ ਸੁਭਾਅ ਹੁੰਦਾ ਹੈ ਪਸੰਦ ਹੁੰਦੀ ਹੈ। ਕੁਝ ਚਿੱਤਰਕਾਰ ਹੁੰਦਾ ਹੈ ਤੇ ਕੋਈ ਵਿਗਿਆਨੀ। ਜੋ ਚਿੱਤਰਕਾਰ ਕਰ ਸਕਦਾ ਹੈ ਉਹ ਵਿਗਿਆਨੀ ਨਹੀਂ ਕਰ ਸਕਦਾ ਤੇ ਜੋ ਵਿਗਿਆਨੀ ਕਰਦਾ ਹੈ ਉਹ ਚਿੱਤਰਕਾਰ ਨਹੀਂ ਕਰ ਸਕਦਾ। ਸਾਨੂੰ ਸਮਾਜ ਵਿੱਚ ਹਰ ਤਰ੍ਹਾਂ ਦੇ ਲੋਕਾਂ ਦੀ ਜ਼ਰੂਰਤ ਹੈ।

ਕੋਈ ਨ ਕਿਸ ਹੀ ਜੇਹਾ ਇਸ ਵਾਕ ਨੂੰ ਸਮਝ ਕੇ ਕੇ ਅਪਣਾ ਲੈਣ ਨਾਲ ਜ਼ਿੰਦਗੀ ਬੇਹਦ ਖੂਬਸੂਰਤ ਹੋ ਸਕਦੀ ਹੈ। ਗੱਲ ਸਿਰਫ ਇਨੀ ਹੈ ਕਿ ਜੋ ਜਿਸ ਤਰ੍ਹਾਂ ਦਾ ਹੈ ਉਸਨੂੰ ਉਸੇ ਤਰ੍ਹਾਂ ਅਪਣਾ ਲਿਆ ਜਾਵੇ। ਮਨੁੱਖ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਸਮੱਸਿਆ ਹੀ ਇਹ ਹੈ ਕਿ ਉਹ ਦੂਜਿਆਂ ਨੂੰ ਆਪਣੇ ਮੁਤਾਬਕ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਨਾ ਤਾਂ ਉਹ ਖੁਦ ਕਿਸੇ ਮੁਤਾਬਕ ਬਦਲ ਸਕਦਾ ਹੈ ਤੇ ਨਾ ਹੀ ਕੋਈ ਉਸਦੇ ਮੁਤਾਬਕ। ਬਹੁਤ ਜਰੂਰੀ ਹੈ ਕਿ ਦੂਜੇ ਨੂੰ ਉਸ ਦੀ ਸ਼ਖਸੀਅਤ ਦੇ ਮੁਤਾਬਕ ਹੀ ਅਪਣਾ ਲਿਆ ਜਾਵੇ। ਉਸਦੀਆਂ ਖੂਬੀਆਂ ਖਾਮੀਆਂ ਦੇ ਨਾਲ। ਉਸ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਉਸਦੇ ਵਖਰੇਵੇਂ ਨੂੰ ਸਮਝਣਾ ਚਾਹੀਦਾ ਹੈ।

ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਕੋਈ ਕਿਸੇ ਵਰਗਾ ਨਹੀਂ ਹੁੰਦਾ। ਕਿਸੇ ਰਿਸ਼ਤੇ ਵਿੱਚ ਕਿਸੇ ਨੂੰ ਕਿਸੇ ਨਾਲ ਤੁਲਨਾ ਕਰਕੇ ਛੋਟਾ ਮਹਿਸੂਸ ਨਾ ਕਰਵਾਓ। ਖੁਸ਼ ਰਹਿਣਾ ਚਾਹੁੰਦੇ ਹੋ ਤਾਂ ਸਭ ਨੂੰ ਅਪਣਾਓ।

## ਕਵਿਤਾ

ਮੈਨੂੰ ਤੇਰੀ ਸਮਝ ਨਾ ਆਉਂਦੀ
ਹਰ ਵੇਲੇ ਕਿਉਂ ਰਹੇਂ ਸਤਾਉਂਦੀ
ਕਦੀ ਸਵੇਰੇ ਕਦੀ ਹਨ੍ਹੇਰੇ
ਸੁਪਨਿਆਂ ਵਿੱਚ ਵੀ ਆਣ ਜਗਾਉਂਦੀ
ਮਨ ਤੇਰੇ ਦੀਆਂ ਗੁੱਝੀਆਂ ਪਰਤਾਂ
ਮੈਂ ਕੀ ਸਮਝਾ ਕੀ ਜਾਣਾ
ਫਿਰ ਵੀ ਮੇਰਾ ਪਿੱਛਾ ਕਰਕੇ
ਲੱਭ ਲੈਂਨੀ ਐਂ ਪਤਾ ਠਿਕਾਣਾ
ਮੈਂ ਨਿਰਮੋਹਾ ਪਿਆਰ ਤੇਰੇ ਨੂੰ
ਫਿਰ ਵੀ ਸਮਝ ਨਾ ਪਾਵਾਂ
ਜਿੱਧਰ ਦੇਖਾਂ ਵੱਧ ਮੁਨਾਫ਼ਾ
ਉੱਧਰ ਵੱਲ ਨੂੰ ਖਿੱਚਿਆ ਜਾਵਾਂ
ਵਸਤੂ ਦੀ ਥਾਂ ਵਸਤੂ ਬਣਕੇ
ਮਨਫੀ ਮਨਫੀ ਹੁੰਦਾ ਜਾਵਾਂ
ਉੱਚੀਆਂ ਖਾਹਿਸ਼ਾਂ ਉੱਚੇ ਸੁਪਨੇ
ਅਪਣੇ ਲਈ ਹੀ ਜਾਲ਼ ਬਣਾਵਾਂ
ਫੇਰ ਨਹੀਂ ਕੋਈ ਰਿਸ਼ਤਾ ਮੇਰਾ
ਨਾ ਕੋਈ ਮੇਰੇ ਅਪਣੇ ਲੋਕ
ਕੰਮ 'ਤੇ ਜਾਣਾ ਘਰ ਮੁੜ ਆਉਂਣਾ
ਇੱਥੋਂ ਤੱਕ ਹੀ ਮੇਰੀ ਸੋਚ
ਪੂਰੀ ਧਰਤ ਦੀ ਸਾਰ ਤੂੰ ਜਾਣੇ
ਹਾਲ ਦਿਲਾਂ ਦੇ ਦੱਸੇ ਖੋਲ੍ਹ
ਕਿੱਥੇ ਬਾਜ ਨੇ ਮਾਰਨ ਚਿੜੀਆਂ
ਕਿੱਥੇ ਚਿੜੀਆਂ ਕਰਨ ਕਲੋਲ
ਕਿਹੜੇ ਮੁਲਕ ਦੇ ਜਾਬਰ ਰਾਜੇ
ਮਾਰ ਉਜਾੜਨ ਵਸਦੇ ਲੋਕ
ਕਿਸ ਮਿੱਟੀ ਨੂੰ ਖੂਨ ਨਾ ਸਿੰਜਦੇ
ਕਿਰਤੀ ਕਾਮੇ ਬਾਗ਼ੀ ਲੋਕ
ਐ ਕਵਿਤਾ ! ਕਿੱਡਾ ਜੇਰਾ ਤੇਰਾ
ਬ੍ਰਿਹਮੰਡ ਜਿੱਡਾ ਘੇਰਾ ਤੇਰਾ
ਤੇਰੇ ਕੋਲ਼ੋਂ ਸਭ ਡਰਦੇ ਜਾਬਰ
ਅਸਲੀ ਰੂਪ ਜਦ ਦੇਖਣ ਤੇਰਾ
ਸੋਹਣੇ ਤੇਰੇ ਨੈਣ ਨਕਸ਼ ਨੇ
ਨਰਮ, ਗਰਮ ਜਿਹੇ ਤੇਰੇ ਬੋਲ
ਧੁਰ ਅੰਦਰੀ ਧੂਹ ਪਾਵਣ ਮੇਰੇ
ਸਾਰੀ ਰਾਤੀਂ ਪੈਂਦੇ ਹੌਲ
ਹਰ ਪੱਤਣ ਦੀ ਖ਼ਾਕ ਸਾਣ ਕੇ
ਛੋਹ ਤੇਰੀ ਨੂੰ ਮਾਣ ਮਾਣ ਕੇ
ਹੁਣ ਤੇਰੇ ਨਾਲ ਪਿਆਰ ਹੋ ਗਿਆ
ਮਿਲਦੀ ਰਹੀਂ ਹੁਣ ਅਪਣਾ ਜਾਣ ਕੇ।

ਨਾਹਰ ਸਿੰਘ ਔਜਲਾ

# ਇਥੋਪੀਆ ਦੇ ਲੋਕ ਭਿਆਨਕ...



ਇਥੋਪੀਆ ਦੇ ਸਮਰਾਟ ਹੇਲ ਸਿਲਾਸੀ ਦੇ ਜੀਵਨ ਵਿੱਚ ਇਹ ਜ਼ਿਕਰ ਹੈ ਅਤੇ ਮਹੱਤਵਪੂਰਨ ਜ਼ਿਕਰ ਹੈ ਕਿ ਇਥੋਪੀਆ ਦੇ ਲੋਕ ਭਿਆਨਕ ਬਿਮਾਰੀਆਂ ਤੋਂ ਪੀੜਤ ਸਨ। ਇਨ੍ਹਾਂ ਬਿਮਾਰੀਆਂ ਦਾ ਕੁੱਲ ਕਾਰਨ ਇੰਨਾਂ ਸੀ ਕਿ ਇਥੋਪੀਆ ਦੇ ਲੋਕ, ਮੀਂਹ ਦੇ ਦਿਨਾਂ ਵਿੱਚ ਟੋਇਆਂ ਵਿੱਚ ਰਸਤਿਆਂ ਦੇ ਕਿਨਾਰੇ ਜੋ ਪਾਣੀ ਭਰ ਜਾਂਦਾ ਸੀ, ਉਹ ਪੀਂਦੇ ਸਨ। ਉਹ ਪਾਣੀ ਗੰਦਾ ਹੁੰਦਾ ਸੀ। ਉਸ ਵਿੱਚ ਹਰ ਤਰ੍ਹਾਂ ਦੇ ਕੀਟਾਣੂ ਹੁੰਦੇ ਸਨ।

ਯੂ. ਐਨ. ਓ. (ਸੰਯੁਕਤ ਰਾਸ਼ਟਰ ਸੰਘ) ਨੇ ਡਾਕਟਰਾਂ ਦੀ ਇੱਕ ਟੀਮ ਨੂੰ ਇਹ ਅਧਿਐਨ ਕਰਨ ਲਈ ਭੇਜਿਆ ਕਿ ਇਥੋਪੀਆ ਵਿੱਚ ਲੋਕ ਇੰਨੀਆਂ ਬਿਮਾਰੀਆਂ ਤੋਂ ਪੀੜਤ ਕਿਉਂ ਹਨ ਅਤੇ ਉਸਨੇ ਆਪਣੀ ਰਿਪੋਰਟ ਇਥੋਪੀਆ ਦੇ ਸਮਰਾਟ ਨੂੰ ਦਿੱਤੀ, ਜਿਸ ਵਿੱਚ ਕਿਹਾ ਗਿਆ ਸੀ ਕਿ ਬੜੀ ਆਸਾਨੀ ਨਾਲ ਬਿਮਾਰੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ, ਸਿਰਫ ਲੋਕਾਂ ਨੂੰ, ਪਾਣੀ ਪੀਣ ਦੀ ਜਿਹੜੀ ਉਨ੍ਹਾਂ ਦੀ ਸਦੀਆਂ ਪੁਰਾਣੀ ਆਦਤ ਹੈ, ਉਸਨੂੰ ਥੋੜ੍ਹਾ ਬਦਲਣਾ ਪਵੇਗਾ। ਬਿਹਤਰ ਖੂਹ ਅਤੇ ਪਾਣੀ ਦੇ ਤਲਾਬ ਬਣਾਉਣੇ ਪੈਣਗੇ। ਬਸ ਪੀਣ ਵਾਲੇ ਪਾਣੀ ਦਾ ਪ੍ਰਬੰਧ ਬਦਲਣ ਦੀ ਲੋੜ ਹੈ। ਜੇਕਰ ਲੋਕ ਸੜਕ ਦੇ ਕਿਨਾਰੇ ਗੰਦੇ ਛੱਪੜਾਂ ਵਿੱਚ ਇਕੱਠਾ ਹੋਣ ਵਾਲਾ ਪਾਣੀ ਪੀਣਾ ਬੰਦ ਕਰ ਦੇਣ ਤਾਂ ਇਨ੍ਹਾਂ ਸਾਰੀਆਂ ਬਿਮਾਰੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਲੋਕ ਸਿਹਤਮੰਦ ਹੋ ਸਕਦੇ ਹਨ।

ਪਰ ਹੇਲ ਸਿਲਾਸੀ ਨੇ ਕਿਹਾ ਕਿ ਤੁਹਾਡੀ ਗੱਲ ਸਹੀ ਹੋਵੇਗੀ ਪਰ ਮੈਂ ਅਜਿਹਾ ਕਰਨ ਲਈ ਤਿਆਰ ਨਹੀਂ ਹਾਂ ਕਿਉਂਕਿ ਲੋਕ ਜਿਵੇਂ ਹੀ ਸਿਹਤਮੰਦ ਹੋਣਗੇ, ਓਵੇਂ ਹੀ ਮੇਰੇ ਲਈ ਸਿਆਪਾ ਖੜ੍ਹਾ ਹੋ ਜਾਵੇਗਾ। ਨਾ ਤਾਂ ਲੋਕਾਂ ਨੂੰ ਸਿਹਤਮੰਦ ਕਰਨ ਦੀ ਲੋੜ ਹੈ, ਨਾ ਹੀ ਸਿੱਖਿਅਤ ਕਰਨ ਦੀ ਲੋੜ ਹੈ। ਜਿਵੇਂ ਹੀ ਉਹ ਸਿੱਖਿਅਤ ਹੁੰਦੇ ਹਨ, ਜਿਵੇਂ ਹੀ ਉਹ ਸਿਹਤਮੰਦ ਹੁੰਦੇ ਹਨ, ਜਿਵੇਂ ਹੀ ਥੋੜ੍ਹਾ ਜਿਹਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਸੁੱਖ ਆਉਂਦਾ ਹੈ ਕਿ ਬਸ ਉਦੋਂ ਹੀ ਮੁਸੀਬਤ ਸ਼ੁਰੂ ਹੋ ਜਾਂਦੀ ਹੈ, ਬਗਾਵਤ ਸ਼ੁਰੂ ਹੋ ਜਾਂਦੀ ਹੈ, ਇਨਕਲਾਬ ਦੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਮੈਂ ਅਜਿਹਾ ਨਹੀਂ ਹੋਣ ਦਿਆਂਗਾ।

ਅਤੇ ਓਦੋਂ ਉਸਨੇ ਨਹੀਂ ਹੋਣ ਦਿੱਤਾ ਪਰ ਇਸ ਗੱਲ ਨੂੰ ਕਿੰਨਾ ਚਿਰ ਲਟਕਾਇਆ ਜਾ ਸਕਦਾ ਸੀ? ਅੰਤ ਵਿੱਚ, ਜਦੋਂ ਇਥੋਪੀਆ ਦੇ ਲੋਕਾਂ ਨੂੰ ਵੀ ਪਤਾ ਲੱਗਣਾ ਸ਼ੁਰੂ ਹੋਇਆ ਕਿ ਸਾਡੀ ਬਿਮਾਰੀ ਦਾ ਅਸਲ ਕਾਰਨ ਇਹ ਹੈ ਤਾਂ ਸਿਲਾਸੀ ਨੂੰ ਵੀ ਰਾਜੀ ਹੋਣਾ ਪਿਆ।

ਅਤੇ ਉਸਨੇ ਜੋ ਸੋਚਿਆ ਸੀ ਉਹ ਸਹੀ ਸਾਬਤ ਹੋਇਆ। ਜਿਵੇਂ ਹੀ ਲੋਕ ਸਿਹਤਮੰਦ ਹੋਏ ਅਤੇ ਜਿਵੇਂ ਹੀ ਲੋਕਾਂ ਨੂੰ ਸਿੱਖਿਆ ਉਪਲਬਧ ਹੋਈ ਅਤੇ ਜਿਵੇਂ ਹੀ ਲੋਕਾਂ ਦਾ ਬਿਮਾਰੀ ਦਾ ਜਾਲ ਟੁੱਟਿਆ, ਉਦੋਂ ਹੀ ਬਗਾਵਤ ਸ਼ੁਰੂ ਹੋ ਗਈ। ਹੇਲ ਸਿਲਾਸੀ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਹੇਲ ਸਿਲਾਸੀ ਤਾਕਤਵਰ ਤੋਂ ਤਾਕਤਵਰ ਸਮਰਾਟ ਸੀ ਪਰ ਉਸਦਾ ਸਾਰਾ ਸਮਰਾਜ ਖਿੱਲਰ ਗਿਆ। ਉਹ ਮਰਿਆ ਇੱਕ ਕੈਦੀ ਦੀ ਤਰ੍ਹਾਂ।

ਹੇਲ ਸਿਲਾਸੀ ਦੀ ਗੱਲ ਵਿੱਚ ਸਾਰਥਕਤਾ ਹੈ। ਇਹ ਸਾਰੇ ਸੱਤਾਧਾਰੀ ਲੋਕ, ਫਿਰ ਭਾਵੇਂ ਧਾਰਮਿਕ ਸੱਤਾਧਾਰੀ ਹੋਣ ਜਾਂ ਰਾਜਨੀਤਿਕ ਸੱਤਾਧਾਰੀ ਹੋਣ, ਉਨ੍ਹਾਂ ਦਾ ਸਾਰਾ ਸੱਤਾ ਦਾ ਖੇਡ, ਉਨ੍ਹਾਂ ਦੇ ਹੰਕਾਰ ਦੀ ਸ਼ਾਨ, ਇਸ ਗੱਲ ਵਿੱਚ ਹੀ ਹੈ ਕਿ ਲੋਕ ਦੀਨ ਹੋਣ, ਗਰੀਬ ਹੋਣ, ਕਮਜ਼ੋਰ ਹੋਣ, ਅਨਪੜ੍ਹ ਹੋਣ ਤਾਂ ਕਿ ਜੋ ਵੀ ਹੋ ਰਿਹਾ ਹੈ ਉਹ ਉਸਨੂੰ ਚੁੱਪਚਾਪ ਸਵੀਕਾਰ ਕਰ ਸਕਣ। ਉਨ੍ਹਾਂ ਦੇ ਜੀਵਨ ਵਿੱਚ ਕੋਈ ਸੂਰਜ ਦੀ ਕਿਰਨ ਨਹੀਂ ਹੋਣੀ ਚਾਹੀਦੀ। ਸੱਤਾਧਾਰੀਆਂ ਦਾ ਵਜੂਦ ਇਸੇ ਬੁਨਿਆਦ 'ਤੇ ਟਿਕਿਆ ਹੈ।

— ਓਸ਼ੋ

# ਐਪਸਟਿਨ ਫਾਇਲਾਂ ਨੇ ਸਾਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ



ਪਰ ਭਾਰਤ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਏਥੇ ਵੀ ਇੱਕ ਕਾਲਾ ਮਾਮਲਾ ਹੋਇਆ ਸੀ — ਮੁਜ਼ੱਫਰਪੁਰ ਬਾਲਿਕਾ ਸ਼ੈਲਟਰ ਹੋਮ ਕਾਂਡ।

ਮੁਜ਼ੱਫ਼ਰਪੁਰ ਬਾਲਿਕਾ ਸ਼ੈਲਟਰ ਹੋਮ ਕਾਂਡ ਭਾਰਤ ਦੇ ਸਮਾਜਿਕ ਇਤਿਹਾਸ ਦਾ ਇੱਕ ਅਜਿਹਾ ਕਾਲਾ ਅਧਿਆਇ ਹੈ, ਜਿਸ ਨੇ ਬੱਚਿਆਂ ਦੀ ਸੁਰੱਖਿਆ, ਸਰਕਾਰੀ ਨਿਗਰਾਨੀ ਅਤੇ ਸਿਸਟਮ ਦੀ ਜ਼ਿੰਮੇਵਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਇਹ ਕੇਸ ਸਿਰਫ਼ ਇੱਕ ਅਪਰਾਧ ਦੀ ਕਹਾਣੀ ਨਹੀਂ, ਸਗੋਂ ਇਹ ਦੱਸਦਾ ਹੈ ਕਿ ਜਦੋਂ ਨਿਗਰਾਨੀ ਫੇਲ੍ਹ ਹੋ ਜਾਵੇ, ਤਾਂ ਭਲਾਈ ਲਈ ਬਣੀਆਂ ਥਾਵਾਂ ਵੀ ਜੁਲਮ ਦੇ ਅੱਡੇ ਬਣ ਸਕਦੀਆਂ ਹਨ।

ਬਿਹਾਰ ਦੇ Muzaffarpur ਵਿੱਚ ਲਗਭਗ 2009–2010 ਦੇ ਆਸ–ਪਾਸ ਇੱਕ ਬਾਲਿਕਾ ਸ਼ੈਲਟਰ ਹੋਮ ਦੀ ਸਥਾਪਨਾ ਕੀਤੀ ਗਈ। ਇਹ ਸ਼ੈਲਟਰ ਹੋਮ ਸੇਵਾ ਸੰਕਲਪ ਏਵਮ ਵਿਕਾਸ ਸਮਿਤੀ ਨਾਮ ਦੀ NGO ਵੱਲੋਂ ਚਲਾਇਆ ਜਾਂਦਾ ਸੀ, ਜਿਸ ਦਾ ਮੁੱਖ ਸੰਚਾਲਕ ਬ੍ਰਜੇਸ਼ ਠਾਕੁਰ ਸੀ। ਏਥੇ ਅਨਾਥ, ਗਰੀਬ ਅਤੇ ਅਦਾਲਤਾਂ ਵੱਲੋਂ ਭੇਜੀਆਂ ਗਈਆਂ ਨਾਬਾਲਿਗ ਕੁੜੀਆਂ ਰਹਿੰਦੀਆਂ ਸਨ। ਸਰਕਾਰ ਵੱਲੋਂ ਇਸ ਸੰਸਥਾ ਨੂੰ ਨਿਯਮਤ ਤੌਰ 'ਤੇ ਫੰਡ ਦਿੱਤੇ ਜਾਂਦੇ ਰਹੇ।

ਕਾਗਜ਼ਾਂ ਵਿੱਚ ਸਭ ਕੁਝ ਠੀਕ ਦਿਸਦਾ ਸੀ—ਰਹਿਣ–ਸਹਿਣ, ਖਾਣ–ਪੀਣ ਅਤੇ ਦੇਖਭਾਲ ਦੇ ਦਾਅਵੇ। ਪਰ ਅਸਲ ਹਕੀਕਤ ਬਹੁਤ ਭਿਆਨਕ ਸੀ।

ਸ਼ੈਲਟਰ ਹੋਮ ਦੇ ਅੰਦਰ ਨਾਬਾਲਿਗ ਕੁੜੀਆਂ ਨਾਲ ਲਗਾਤਾਰ ਜਿਨਸੀ ਸ਼ੋਸ਼ਣ, ਕੁੱਟ ਮਾਰ ਅਤੇ ਧਮਕੀਆਂ, ਦਵਾਈਆਂ ਦੇ ਕੇ ਬੇਹੋਸ਼ ਕਰਨਾ, ਮਨੋਵਿਗਿਆਨਿਕ ਤਸ਼ੱਦਦ ਇਹ ਸਭ ਕੁਝ ਸਾਲਾਂ ਤੱਕ ਚੱਲਦਾ ਰਿਹਾ। ਕੁੜੀਆਂ ਡਰ ਕਾਰਨ ਚੁੱਪ ਰਹੀਆਂ ਕਿਉਂਕਿ ਓਹਨਾਂ ਨੂੰ ਧਮਕਾਇਆ ਜਾਂਦਾ ਸੀ ਕਿ ਜੇ ਕਿਸੇ ਨੂੰ ਦੱਸਿਆ ਤਾਂ ਨਤੀਜੇ ਭਿਆਨਕ ਹੋਣਗੇ।

2017 ਦੇ ਅਖੀਰ ਅਤੇ 2018 ਦੀ ਸ਼ੁਰੂਆਤ ਵਿੱਚ ਬਿਹਾਰ ਸਰਕਾਰ ਨੇ ਸੂਬੇ ਦੇ ਚਾਈਲਡ ਕੇਅਰ ਹੋਮਜ਼ ਦੀ ਸ਼ੋਸ਼ਲ ਆਡਿਟ ਕਰਵਾਉਣ ਦਾ ਫੈਸਲਾ ਕੀਤਾ। ਇਹ ਜ਼ਿੰਮੇਵਾਰੀ Tata Institute of Social Sciences (TISS) ਨੂੰ ਦਿੱਤੀ ਗਈ। ਸ਼ੋਸ਼ਲ ਆਡਿਟ ਸਿਰਫ਼ ਕਾਗਜ਼ੀ ਜਾਂਚ ਨਹੀਂ ਹੁੰਦੀ। ਇਸ ਵਿੱਚ ਮੌਕੇ 'ਤੇ ਜਾ ਕੇ ਨਿਰੀਖਣ, ਲਾਭਪਾਤਰੀਆਂ ਨਾਲ ਗੁਪਤ ਗੱਲਬਾਤ ਅਤੇ ਉਹਨਾਂ ਦੇ ਅਸਲੀ ਤਜਰਬੇ ਸੁਣਨਾ ਸ਼ਾਮਲ ਹੁੰਦਾ ਹੈ।

ਜਦੋਂ TISS ਦੀ ਟੀਮ ਮੁਜ਼ੱਫ਼ਰਪੁਰ ਦੇ ਬਾਲਿਕਾ ਗ੍ਰਿਹ ਪਹੁੰਚੀ, ਤਾਂ ਉਹਨਾਂ ਨੇ ਕੁੜੀਆਂ ਦੇ ਸਰੀਰ 'ਤੇ ਜ਼ਖ਼ਮ, ਡਰਿਆ ਹੋਇਆ ਰਵੱਈਆ ਅਤੇ ਕਰਮਚਾਰੀਆਂ ਦਾ ਸ਼ੱਕੀ ਵਿਹਾਰ ਦੇਖਿਆ। ਅਲੱਗ–ਅਲੱਗ ਗੁਪਤ ਗੱਲਬਾਤ ਦੌਰਾਨ ਕੁੜੀਆਂ ਨੇ ਆਪਣੇ ਨਾਲ ਹੋ ਰਹੇ ਜੁਲਮ ਦੀ ਦਰਦਨਾਕ ਕਹਾਣੀ ਦੱਸ ਦਿੱਤੀ।

TISS ਨੇ ਆਪਣੀ ਸੋਸ਼ਲ ਆਡਿਟ ਰਿਪੋਰਟ (ਮਈ 2018) ਵਿੱਚ ਸਾਫ਼ ਲਿਖਿਆ ਕਿ ਮੁਜ਼ੱਫ਼ਰਪੁਰ ਬਾਲਿਕਾ ਸ਼ੈਲਟਰ ਹੋਮ ਵਿੱਚ ਨਾਬਾਲਿਗ ਕੁੜੀਆਂ ਨਾਲ ਲੰਮੇ ਸਮੇਂ ਤੋਂ ਜਿਨਸੀ ਸ਼ੋਸ਼ਣ ਹੋ ਰਿਹਾ ਹੈ।

31 ਮਈ 2018 ਨੂੰ ਇਸ ਰਿਪੋਰਟ ਦੇ ਆਧਾਰ 'ਤੇ FIR ਦਰਜ ਹੋਈ। ਮੀਡੀਆ ਅਤੇ ਅਦਾਲਤਾਂ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਕੇਸ Central Bureau of Investigation (CBI) ਨੂੰ ਸੌਂਪਿਆ ਗਿਆ। CBI ਦੀ ਜਾਂਚ ਵਿੱਚ 30 ਤੋਂ ਵੱਧ ਕੁੜੀਆਂ ਦੇ ਸ਼ਿਕਾਰ ਹੋਣ ਦੀ ਪੁਸ਼ਟੀ ਹੋਣ ਤੋਂ ਬਾਅਦ ਬ੍ਰਜੇਸ਼ ਠਾਕੁਰ ਅਤੇ ਹੋਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਹੋਈ।

2019–2020 ਵਿੱਚ ਅਦਾਲਤ ਨੇ ਬ੍ਰਜੇਸ਼ ਠਾਕੁਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਹੋਰ ਦੋਸ਼ੀਆਂ ਨੂੰ ਵੀ ਲੰਮੀਆਂ ਸਜ਼ਾਵਾਂ ਮਿਲੀਆਂ। ਅਦਾਲਤ ਨੇ ਇਸ ਨੂੰ "ਮਨੁੱਖਤਾ ਦੇ ਖਿਲਾਫ਼ ਅਪਰਾਧ" ਕਰਾਰ ਦਿੱਤਾ।

ਇਸ ਕੇਸ ਤੋਂ ਬਾਅਦ ਦੇਸ਼ ਭਰ ਦੇ ਚਾਈਲਡ ਕੇਅਰ ਹੋਮਜ਼ ਦੀ ਜਾਂਚ ਹੋਈ, ਨਿਗਰਾਨੀ ਪ੍ਰਣਾਲੀ ਸਖ਼ਤ ਕੀਤੀ ਗਈ ਅਤੇ ਬੱਚਿਆਂ ਦੀ ਸੁਰੱਖਿਆ ਲਈ ਨਵੇਂ ਨਿਯਮ ਲਾਗੂ ਕੀਤੇ ਗਏ

ਫਰਕ ਸਿਰਫ਼ ਇਹ ਹੈ ਕਿ ਅਮਰੀਕਾ ਵਿੱਚ ਨਾਂ ਸਾਹਮਣੇ ਆ ਰਹੇ ਹਨ, ਪਰ ਭਾਰਤ ਵਿੱਚ ਅਜੇ ਵੀ ਕਈ ਨਾਂ ਲੁਕੇ ਹੋਏ ਹਨ। ਜਦੋਂ ਤੱਕ ਪੂਰੀ ਸੱਚਾਈ ਸਾਹਮਣੇ ਨਹੀਂ ਆਉਂਦੀ, ਨਿਆਂ ਅਧੂਰਾ ਹੀ ਰਹੇਗਾ।

ਸਤਨਾਮ ਦੂਹੇਵਾਲਾ

BUY I SELL I INVEST
TEAM GILL



Amarjit Sangha Sales Representative 905-874-9600
Shamsher Gill Sales Representative 905-744-4400
Simrat Grewal Sales Representative 416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night

Send your resume
disptach.accesspersonnel@gmail.com
Contact: 416-675-2288

# ਜਨ ਰਵਿਦਾਸ ਰਾਮ ਰੰਗਿ ਰਾਤਾ...



ਭਗਤ ਰਵਿਦਾਸ ਜੀ ਬਾਰੇ ਜਾਣਕਾਰੀ ਉਹਨਾਂ ਦੀਆਂ ਜਨਮ-ਸਾਖੀਆਂ ਵਿਚੋਂ ਮਿਲਦੀ ਹੈ। ਪਰ ਹੋਰ ਜਨਮ-ਸਾਖੀਆਂ ਵਾਂਗ ਹੀ ਇਹਨਾਂ ਅੰਦਰ ਵੀ ਕਰਾਮਾਤੀ ਅੰਸ਼ ਵਧੇਰੇ ਹੈ ਅਤੇ ਸ਼ਰਧਾ ਨਾਲ ਓਤਪੋਤ ਹਨ। ਇੱਕ ਗੱਲ ਜੋ ਸਪਸ਼ਟ ਹੈ ਅਤੇ ਮੰਨਣਯੋਗ ਵੀ,ਉਹ ਇਹ ਕਿ ਰਵਿਦਾਸ ਜੀ ਉਸ ਵੇਲੇ ਦੀ ਕਹੀ ਜਾਂਦੀ ਸ਼ੂਦਰ ਜਾਤੀ ਵਿੱਚ ਪੈਦਾ ਹੋਏ ਜਿਸ ਕਾਰਨ ਉਹ ਬ੍ਰਾਹਮਣਵਾਦੀ ਸਾਜਿਸ਼ਾਂ ਦਾ ਅਤੇ ਕੁਟਿਲਤਾਵਾਂ ਦੇ ਸ਼ਿਕਾਰ ਹੁੰਦੇ ਰਹੇ। ਇਸੇ ਵਿੱਚੋਂ ਉਹਨਾਂ ਦੀ ਸ਼ਖਸ਼ੀਅਤ ਹੋਰ ਵਧੇਰੇ ਨਿੱਖਰੀ। ਚੌਧਵੀਂ ਸਦੀ ਵਿੱਚ ਜਨਮੇ ਇਸ ਮਹਾਂਪੁਰਸ਼ ਦੇ ਜਨਮ ਬਾਰੇ ਸਾਰੇ ਵਿਦਵਾਨ ਇੱਕ ਮੱਤ ਨਹੀਂ । ਫਿਰ ਵੀ ਅਸੀਂ ਭਗਤ ਰਵਿਦਾਸ ਜੀ ਦਾ ਜਨਮ 1377 ਈਸਵੀ ਵਿੱਚ ਹੋਇਆ ਮੰਨ ਸਕਦੇ ਹਾਂ। ਪਿਤਾ ਸੰਤੋਖ ਦਾਸ, ਜਿਨਾਂ ਨੂੰ ਰਘੂ ਕਰਕੇ ਵੀ ਜਾਣਿਆ ਜਾਂਦਾ ਸੀ,ਦੇ ਘਰ ਅਤੇ ਮਾਤਾ ਕਲਸਾਂ ਦੇਵੀ ਦੀ ਕੁੱਖੋਂ ਸੀਰ ਗੋਵਰਧਨਪੁਰ, ਜ਼ਿਲ੍ਹਾ ਬਨਾਰਸ (ਉੱਤਰ ਪ੍ਰਦੇਸ਼) ਵਿੱਚ ਆਪ ਜੀ ਦਾ ਜਨਮ ਹੋਇਆ। ਅਖੌਤੀ-ਛੋਟੀ ਜਾਤ ਦੇ ਲੋਕਾਂ ਨੂੰ ਉਸ ਸਮੇਂ ਵਿਦਿਆ-ਪ੍ਰਾਪਤੀ ਦੇ ਬਰਾਬਰ ਦੇ ਅਧਿਕਾਰ ਨਹੀਂ ਸਨ। ਇਸ ਲਈ ਉਹ ਜਿਆਦਾ ਰਸਮੀ ਸਿੱਖਿਆ ਨਹੀਂ ਲੈ ਸਕੇ। ਉਹਨਾਂ ਨੇ ਜਾਨਵਰਾਂ ਦੇ ਚੰਮ ਦਾ ਪਿਤਾ ਪੁਰਖੀ ਕੰਮ ਕੀਤਾ। ਉਹਨਾਂ ਨੇ ਇੱਕ ਸਫਲ ਗ੍ਰਹਿਸਥੀ ਜੀਵਨ ਬਤੀਤ ਕੀਤਾ। ਉਹਨਾਂ ਦੀ ਪਤਨੀ ਦਾ ਨਾਂ ਲੋਨਾ ਦੇਵੀ ਅਤੇ ਇੱਕ ਪੁੱਤਰ ਵਿਜੇ ਦਾਸ ਦਾ ਜਿਕਰ ਵੀ ਆਇਆ ਹੈ। ਵਿਆਹ ਉਪਰੰਤ ਆਪ ਮਾਪਿਆਂ ਤੋਂ ਵੱਖਰਾ ਰਹਿਣ ਲੱਗੇ ਅਤੇ ਉਹਨਾਂ ਨੇ ਜੁੱਤੀਆਂ ਗੰਢਣ ਦਾ ਕੰਮ ਕੀਤਾ। ਆਪਣੇ ਕਿੱਤੇ ਬਾਰੇ, ਅਤੇ ਆਪਣੀ ਜਾਤ ਬਾਰੇ ਉਹਨਾਂ ਨੇ ਆਪਣੀ ਬਾਣੀ ਵਿੱਚ ਬੇਬਾਕ ਹੋ ਕੇ ਲਿਖਿਆ ਹੈ।

ਬਚਪਨ ਤੋਂ ਹੀ ਉਹ ਬੈਰਾਗੀ ਤਬੀਅਤ ਦੇ ਮਾਲਿਕ ਸਨ। ਇਤਿਹਾਸ ਵਿੱਚ ਉਹਨਾਂ ਨੂੰ ਰਾਮਾਨੰਦ ਜੀ ਦੇ ਮੁਰੀਦ ਲਿਖਿਆ ਮਿਲਦਾ ਹੈ। ਉਹ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ, ਰਾਮਾਨੰਦ ਜੀ,ਪੀਪਾ ਜੀ,ਸੈਣ ਜੀ,ਧੰਨਾ ਜੀ, ਭੀਖਣ ਜੀ ਅਤੇ ਬੇਣੀ ਜੀ ਦੇ ਸਮਕਾਲੀ ਹੋਏ ਹਨ। ਉਹਨਾਂ ਦੀ ਆਯੂ ਕਾਫੀ ਲੰਮੀ ਸੀ। ਗੁਰੂ ਨਾਨਕ ਜੀ ਨਾਲ ਤਾਂ ਉਹਨਾਂ ਦੀ ਮੁਲਾਕਾਤ ਦਾ ਬਿਰਤਾਂਤ ਵੀ ਹੈ। 1481 ਈਸਵੀ ਵਿੱਚ ਜਦੋਂ ਭਗਤ ਜੀ 105 ਸਾਲ ਦੇ ਅਤੇ ਗੁਰੂ ਨਾਨਕ ਜੀ 12 ਸਾਲ ਦੇ ਸਨ, ਉਦੋਂ ਉਹਨਾਂ ਦੇ ਮੇਲ ਹੋਣ ਦਾ ਜਿਕਰ ਆਉਂਦਾ ਹੈ। ਕਈ ਥਾਂ ਇੱਕ ਤੋਂ ਵੱਧ ਵਾਰੀ ਮਿਲਣ ਦੀ ਗੱਲ ਵੀ ਹੈ, ਜਿਸ ਵਿੱਚ ਚੂਹੜਕਾਣਾ ਵਿਖੇ, ਸੁਲਤਾਨਪੁਰ ਵਿਖੇ ਅਤੇ ਗੋਪਾਲਦਾਸ ਦੀ ਸਰਾਂ ਬਨਾਰਸ, ਜਿੱਥੇ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ, ਵਿਖੇ ਮੁਲਾਕਾਤ ਹੋਈ ਦੱਸੀ ਗਈ ਹੈ। ਇਤਿਹਾਸ ਵਿੱਚ ਮਿਥਿਹਾਸ ਅਕਸਰ ਹੀ ਸ਼ਾਮਿਲ ਹੋ ਜਾਂਦਾ ਹੈ ਇਸ ਲਈ ਅਸੀਂ ਇਸ ਦੀ ਅਸਲੀਅਤ ਦੇ ਵਿਵਾਦ ਵਿੱਚ ਨਹੀਂ ਪਵਾਂਗੇ। ਇਤਿਹਾਸ ਉਥੋਂ ਤੱਕ ਹੀ ਠੀਕ ਹੈ ਜਿੱਥੇ ਤੱਕ ਉਹ ਸਾਨੂੰ ਅੱਗੇ ਵਧਣ ਲਈ, ਕਿਸੇ ਵਿਅਕਤੀ ਜਾਂ ਘਟਨਾ ਤੋਂ ਕੁਝ ਸਿੱਖਣ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਭਗਤ ਰਵਿਦਾਸ ਜੀ ਦੇ ਜੀਵਨ ਤੋਂ ਅਤੇ ਉਹਨਾਂ ਦੀ ਬਾਣੀ ਤੋਂ ਪ੍ਰੇਰਨਾ ਹੀ ਲੈਣੀ ਹੈ।

ਉਹਨਾਂ ਦੇ ਜੀਵਨ ਵਿੱਚ 2-3 ਘਟਨਾਵਾਂ ਖਾਸ ਵਰਣਨਯੋਗ ਹਨ। ਜਦੋਂ ਉਹ ਪਿਤਾ ਤੋਂ ਅਲੱਗ ਹੋ ਕੇ ਆਪਣੀ ਝੁੱਗੀ ਵਿੱਚ ਰਹਿ ਰਹੇ ਸਨ ਅਤੇ ਮੋਚੀ ਦਾ ਕੰਮ ਕਰ ਰਹੇ ਸਨ, ਉਹਨਾਂ ਦੇ ਇੱਕ ਅਮੀਰ ਹਮਦਰਦ ਨੇ ਉਹਨਾਂ ਨੂੰ ਪਾਰਸ ਦੇ ਦਿੱਤਾ, ਜੋ ਭਗਤ ਜੀ ਨੇ ਉੱਪਰ ਪੜਛੱਤੀ ਵਿੱਚ ਰੱਖ ਦਿੱਤਾ। ਕੁਝ ਸਮੇਂ ਬਾਅਦ ਜਦੋਂ ਉਹ ਵਿਅਕਤੀ ਭਗਤ ਜੀ ਨੂੰ ਮਿਲਣ ਆਇਆ, ਉਹਨਾਂ ਨੂੰ ਉਸੇ ਹਾਲ ਵਿੱਚ ਦੇਖ ਕੇ ਹੈਰਾਨ ਹੋਇਆ। ਪੁੱਛੇ ਜਾਣ ਤੇ ਭਗਤ ਜੀ ਨੇ ਉਹ ਪਾਰਸ ਉਸੇ ਥਾਂ ਤੇ ਹੀ ਪਿਆ ਦਿਖਾ ਦਿੱਤਾ। ਕਿਉਂਕਿ ਉਹ ਈਮਾਨਦਾਰੀ ਦੀ ਕਿਰਤ ਨੂੰ ਮਾਣ ਦਿੰਦੇ ਸਨ। ਇਸੇ ਤਰਾਂ ਇੱਕ ਹੋਰ ਸਾਖੀ ਵਿੱਚ ਚਿਤੌੜ ਦੀ ਰਾਣੀ ਝਾਲਾਂ ਬਾਈ, ਜੋ ਆਪ ਦੀ ਮੁਰੀਦ ਸੀ ਨੇ ਬ੍ਰਹਮ-ਭੋਜ ਕੀਤਾ ਅਤੇ ਰਵਿਦਾਸ ਜੀ ਨੂੰ ਵੀ ਸੱਦਾ ਦਿੱਤਾ। ਪਰ ਇਹ ਜਾਣ ਕੇ ਜਾਤ

ਅਭਿਮਾਨੀ ਪੰਡਿਤਾਂ ਨੇ ਬ੍ਰਹਮ-ਭੋਜ ਵਿੱਚ ਆਉਣ ਤੋਂ ਇਨਕਾਰ ਕਰ ਦਿੱਤਾ। ਫੈਸਲਾ ਇਹ ਹੋਇਆ ਕਿ ਬ੍ਰਾਹਮਣ ਪਹਿਲਾਂ ਭੋਜਨ ਛਕਣਗੇ ਅਤੇ ਭਗਤ ਰਵਿਦਾਸ ਜੀ ਉਹਨਾਂ ਤੋਂ ਬਾਅਦ। ਕੁੱਲ 118 ਪੰਡਤਾਂ ਨੂੰ ਭੋਜਨ ਪਰੋਸਿਆ ਗਿਆ ,ਪਰ ਹਰ ਪੰਡਤ ਨੂੰ ਆਪਣੀ ਥਾਲੀ ਵਿੱਚ ਭਗਤ ਰਵਿਦਾਸ ਜੀ ਭੋਜਨ ਕਰਦੇ ਨਜਰ ਆਏ। ਪੰਡਤਾਂ ਨੇ ਭਗਤ ਜੀ ਤੋਂ ਮੁਆਫੀ ਮੰਗੀ ਅਤੇ ਰਾਣੀ ਨੇ ਭਗਤ ਜੀ ਨੂੰ ਹਾਥੀ ਤੇ ਬੈਠਾ ਕੇ ਨਗਰ ਦਾ ਚੱਕਰ ਲਵਾਇਆ ਅਤੇ ਸਨਮਾਨਿਤ ਕੀਤਾ। ਬ੍ਰਾਹਮਣਾਂ ਨੇ ਭਗਤ ਜੀ ਦਾ ਜੱਸ ਵੱਧਦਾ ਦੇਖ ਕੇ ਉਹਨਾਂ ਤੇ ਇੱਕ ਸਭਿਆਚਾਰਕ ਹਮਲਾ ਕੀਤਾ। ਉਹਨਾਂ ਇਹ ਪ੍ਰਚਾਰਿਆ ਕਿ ਰਵਿਦਾਸ ਜੀ ਪਿਛਲੇ ਜਨਮ ਵਿੱਚ ਬ੍ਰਾਹਮਣ ਸਨ ਅਤੇ ਉਹ ਜਨੇਊ ਵੀ ਪਾਉਂਦੇ ਸਨ। ਇਹ ਸਿਰਫ ਉਹਨਾਂ ਆਪਣੀ ਉੱਚਤਾ ਨੂੰ ਜਾਇਜ ਦਰਸਾਉਣ ਲਈ ਕੀਤਾ ਕਿਉਂਕਿ ਉਹਨਾਂ ਨੂੰ ਇਹ ਮੰਨਣ ਵਿੱਚ ਤਕਲੀਫ ਹੋ ਰਹੀ ਸੀ ਕਿ ਕੋਈ ਅਖੌਤੀ ਨੀਵੀਂ ਜਾਤ ਦਾ ਵਿਅਕਤੀ ਭਗਤੀ ਕਰੇ ਅਤੇ ਹਰਮਨ-ਪਿਆਰਾ ਹੋਵੇ। ਭਗਤ ਜੀ ਦੀ ਪ੍ਰਸਿੱਧੀ ਇੱਥੋਂ ਪਤਾ ਲੱਗਦੀ ਹੈ ਕਿ ਉਹਨਾਂ ਦੇ ਮੁਰੀਦ ਉਸ ਸਮੇਂ ਦੇ ਵੱਡੇ ਵੱਡੇ ਰਾਜੇ ਰਾਣੀਆਂ ਸਨ ਜਿਹਨਾਂ ਵਿੱਚ ਮੀਰਾਂ ਬਾਈ. ਝਾਲਾਂ ਬਾਈ, ਰਾਣੀ ਰਤਨ ਕੁੰਵਰ,ਰਾਜਾ ਨਾਗਰ ਮੱਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਰਾਜਾ ਚੰਦ੍ਰਹਾਂਸ, ਰਾਜਾ ਸਾਂਗਾ, ਪੰਡਤ ਸ਼ਰਧਾ ਰਾਮ, ਰਾਮ ਲਾਲ, ਰਾਜਾ ਬੈਨ ਸਿੰਘ, ਪੰਡਤ ਗੰਗਾ ਰਾਮ, ਬੀਬੀ ਭਾਨਮਤੀ, ਰਾਜਾ ਚੰਦ੍ਰ ਪ੍ਰਤਾਪ ਆਦਿ ਵਿਸੇਸ਼ ਸਨ।

ਆਪ ਜੀ ਨੇ ਕਾਫੀ ਯਾਤਰਾਵਾਂ ਵੀ ਕੀਤੀਆਂ। ਜਿਹਨਾਂ ਦਾ ਜਿਕਰ ਗੁਰੂ ਨਾਨਕ ਜੀ ਦੀਆਂ ਉਦਾਸੀਆਂ ਵਰਗਾ ਹੀ ਹੈ। ਆਪ ਜੀ ਬਨਾਰਸ ਤੋਂ ਨਾਗਪੁਰ, ਬੀਜਾਪੁਰ, ਭੁਪਾਲ, ਬਹਾਵਲਪੁਰ, ਝਾਂਸੀ, ਉਦੇਪੁਰ, ਜੋਧਪੁਰ, ਅਜਮੇਰ, ਅਯੁੱਧਿਆ, ਹੈਦਰਾਬਾਦ, ਕਾਠੀਆਵਾੜ, ਬੰਬਈ, ਕਰਾਚੀ, ਜਲਾਲਾਬਾਦ, ਸ਼੍ਰੀ ਨਗਰ, ਡਲਹੌਜੀ, ਗੋਰਖਪੁਰ ਗਏ। ਦੂਸਰੀ ਯਾਤਰਾ ਗੋਰਖਪੁਰ,ਪਰਤਾਪਗੜ ਅਤੇ ਸ਼ਾਹਜਹਾਨਪੁਰ ਦੀ। ਤੀਸਰੀ ਹਿਮਾਚਲ ਪ੍ਰਦੇਸ਼ ਦੀ। ਛੌਥੀ ਹਰਿਦੁਆਰ, ਗੋਦਾਵਰੀ ਅਤੇ ਕੁਰੂਕਸ਼ੇਤਰ ਦੀ ਮੰਨੀ ਗਈ ਹੈ। ਪੰਜਵੀਂ ਗਾਜੀਪੁਰ ਦੇ ਰਾਜਾ ਰੂਪ-ਪਰਤਾਪ(ਚੰਦਰ ਪ੍ਰਤਾਪ) ਦੇ ਸੱਦੇ ਤੇ ਅਤੇ ਛੇਵੀਂ ਯਾਤਰਾ ਪੰਜਾਬ ਦੀ ਜਿਸ ਵਿੱਚ ਲੁਧਿਆਣਾ, ਫਗਵਾੜਾ,ਜਲੰਧਰ,ਸੁਲਤਾਨਪੁਰ ਲੋਧੀ ,ਕਪੂਰਥਲਾ ਅਤੇ ਮੁਲਤਾਨ ਸ਼ਾਮਲ ਹਨ। ਆਪ 1515 ਈਸਵੀ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜਿਲੇ ਵਿੱਚ ਖੁਰਾਲਗੜ੍ਹ ਵਿੱਚ ਆਏ ਅਤੇ 4 ਸਾਲ ਦੇ ਕਰੀਬ ਰਹੇ। 1528 ਈਸਵੀ ਨੂੰ ਬਨਾਰਸ ਵਿਖੇ ਆਪ ਜੋਤੀ ਜੋਤ ਸਮਾ ਗਏ। ਆਪ ਜੀ ਦੀ ਉਮਰ 140 ਸਾਲ ਦੇ ਕਰੀਬ ਸੀ। ਕੁਝ ਨੇ 115 ਸਾਲ ਤੇ ਕੁਝ ਨੇ 150 ਸਾਲ ਵੀ ਲਿਖੀ ਹੈ।

ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭੱਟ ਕਲਸਹਾਰ ਜੀ ਨੇ ਆਪਣੀ ਬਾਣੀ ਵਿੱਚ ਭਗਤ ਜੀ ਦਾ ਵਿਸ਼ੇਸ਼ ਜਿਕਰ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਵਿੱਚ ਸ਼ਾਮਲ ਕਰਕੇ ਉਹਨਾਂ ਨੂੰ ਬਾਕੀ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਦੇ ਬਰਾਬਰ ਦਾ ਮਾਣ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਵੀ ਬਹੁਤ ਸਤਿਕਾਰ ਨਾਲ ਆਪ ਜੀ ਬਾਰੇ ਲਿਖਿਆ ਹੈ। ਆਪ ਜੀ ਦੀ ਬਾਣੀ ਦਾ ਵਿਸ਼ਾ ਗੁਰਮਤਿ ਦੇ ਅਨੁਸਾਰ ਹੈ। ਹੁਣ ਅਸੀਂ ਭਗਤ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦੇ ਹਾਂ- ਰਵਿਦਾਸ ਬਾਣੀ:-ਭਗਤ ਰਵਿਦਾਸ ਜੀ ਰਚਿਤ ਬਾਣੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ- ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਬਾਣੀ। ਜੋ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਹੈ, ਉਸ ਦੀ ਪ੍ਰਮਾਣਿਕਤਾ ਦਾ ਕੋਈ ਸਬੂਤ ਸਾਨੂੰ ਨਹੀਂ ਮਿਲਦਾ। ਡਾ.ਧਰਮ ਪਾਲ ਸਿੰਗਲ ਨੇ ਬਾਹਰਲੀ ਬਾਣੀ ਬਾਰੇ ਲਿਖਿਆ ਹੈ-1.ਬੈਲਵੀਡੀਅਰ ਪ੍ਰੈਸ ਵਲੋਂ ਛਾਪੀ "ਰੈਦਾਸ ਜੀ ਦੀ ਬਾਣੀ" ਜਿਸ ਵਿੱਚ 87 ਪਦ ਹਨ। 2 ਯੋਗੇਂਦ੍ਰ ਸਿੰਘ ਵਲੋਂ ਛਾਪੀ "ਸੰਤ ਰੈਦਾਸ" ਵਿਚ ਸੰਕਲਿਤ ਬਾਣੀ 3. ਆਚਾਰੀਆ ਪ੍ਰਿਥਵੀ ਸਿੰਘ ਆਜਾਦ ਦੀ "ਰਵਿਦਾਸ ਦਰਸ਼ਨ" ਵਿੱਚ ਸੰਕਲਿਤ 194 ਸਾਖੀਆਂ (ਦੋਹੇ) 4.ਡਾ.ਬੀ.ਪੀ ਸ਼ਰਮਾ ਵਲੋਂ "ਸੰਤ ਗੁਰੂ ਰਵਿਦਾਸ ਬਾਣੀ" ਵਿਚ ਸੰਕਲਿਤ 177 ਪਦ ਓਤੇ 41 ਸਾਖੀਆਂ 6. ਬੀ.ਪੀ.ਸਰਮਾ ਕ੍ਰਿਤ "ਸੰਤ ਰਵਿਦਾਸ ਕੀ ਭਕਤਿ ਸਾਧਨਾ ' ਵਿਚ ਰਖੀ "ਗਿਆਨ ਗੋਸਟੀ" । ਇਸ ਸਾਰੀ ਬਾਣੀ ਨੂੰ ਭਾਵੇਂ ਵਿਦਵਾਨਾਂ ਨੇ ਰਵਿਦਾਸ-ਬਾਣੀ ਮੰਨ ਲਿਆ ਹੈ ਪਰ ਅਸੀਂ ਸਮੇਂ ਅਤੇ ਸਥਾਨ ਦੀ ਸੀਮਾ ਨੂੰ ਮੁੱਖ ਰੱਖ ਕੇ ਭਗਤ ਰਵਿਦਾਸ ਜੀ ਰਚਿਤ ਸਿਰਫ ਉਸ ਬਾਣੀ ਦੀ ਹੀ ਗੱਲ ਕਰਾਂਗੇ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਹੈ ਅਤੇ ਪ੍ਰਮਾਣਿਕ ਵੀ ਹੈ।



ਜਸਵਿੰਦਰ ਸਿੰਘ ਰੁਪਾਲ
9814715796

ਗੁਰੂ ਗਰੰਥ ਸਾਹਿਬ ਜੀ ਦੇ 31 ਵਿੱਚੋਂ 16 ਰਾਗਾਂ ਵਿੱਚ ਦਰਜ ਰਵਿਦਾਸ ਜੀ ਦੀ ਬਾਣੀ ਦੇ ਸ਼ਬਦ ਇਸ ਤਰਾਂ ਹਨ।

ਸਿਰੀ-1,ਗਉੜੀ-5,ਆਸਾ-6,ਗੁਜਰੀ-1,ਸੋਰਠਿ-7,ਧਨਾਸਰੀ-3,ਜੈਤਸਰਿ-1,ਸੂਹੀ-3,ਬਿਲਾਵਲ-2,ਗੋਂਡ-2,ਰਾਮਕਲੀ-1,ਮਾਰੂ-2,ਕੇਦਾਰਾ-1, ਭੈਰਉ-1,ਬਸੰਤ-1,ਮਲਾਰ-1.ਇਸ ਤਰਾਂ ਕੁੱਲ 40 ਸ਼ਬਦ ਭਗਤ ਰਵਿਦਾਸ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਮਲ ਹਨ। ਉਹਨਾਂ ਦੀ ਬਾਣੀ ਦਾ ਵਿਸਾ ਪੱਖ ਵਿਚਾਰਦੇ ਹਾਂ-

1. ਪ੍ਰਭੂ-ਭਗਤੀ ਅਤੇ ਪ੍ਰਭੂ-ਪ੍ਰੇਮ:- ਭਗਤ ਰਵਿਦਾਸ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਪ੍ਰਭੂ-ਪ੍ਰੇਮ ਹੀ ਹੈ। ਪਰਮਾਤਮਾ ਦਾ ਪਿਆਰ ਅਤੇ ਉਸਦੀ ਨੇੜਤਾ ਪ੍ਰਾਪਤ ਕਰਨ ਲਈ ਹੀ ਉਸ ਦੀ ਭਗਤੀ ਕਰਨੀ ਹੈ ਕਿਉਂਕਿ ਸਿਰਫ ਪਰਮਾਤਮਾ ਹੀ ਹੈ ਜੋ ਸਮਦ੍ਰਿਸ਼ਟੀ ਰੱਖਦਾ ਹੈ, ਦਿਆਲੂ ਹੈ,ਕ੍ਰਿਪਾਲੂ ਹੈ, ਸਰਬ-ਸ਼ਕਤਮਿਾਨ ਹੈ ਅਤੇ ਨਿਵਿਆਂ ਨੂੰ ਉੱਚਾ ਕਰਦਾ ਹੈ।

* ਸਗਲ ਭਵਨ ਕੇ ਨਾਇਕਾ, ਇਕੁ ਛਿਨੁ ਦਰਸੁ ਦਿਖਾਇ ਜੀ।
ਪ੍ਰੇਮਿ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥.........
(ਪੰਨਾ 346,ਗਉੜੀ ਪੂਰਬੀ, )

ਜਦੋਂ ਪਰਮਾਤਮਾ ਨਾਲ ਪ੍ਰੇਮ ਪੈ ਜਾਦਾ ਹੈ, ਤਾਂ ਭਗਤ ਵਿੱਚ ਅਤੇ ਪ੍ਰਭੂ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ। ਭਗਤ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। ਰਵਿਦਾਸ ਜੀ ਆਪਣਾ ਆਪਾ ਪੂਰਾ ਸਮਰਪਣ ਕਰ ਦਿੰਦੇ ਹਨ । ਉਦੋਂ ਸਾਰੇ ਜੱਗ ਨੂੰ ਵਿਸਾਰ ਕੇ ਸਿਰਫ ਅਤੇ ਸਿਰਫ ਪ੍ਰਭੂ ਵਿੱਚ ਹੀ ਲੀਨ ਹੋ ਜਾਂਦੇ ਹਨ।

* ਸਾਚੀ ਪ੍ਰੀਤ ਹਮ ਤੁਮ ਸਿਉ ਤੋਰੀ।
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।................(ਪੰਨਾ 659, ਸੋਰਠਿ)

ਪ੍ਰਭੂ ਰੰਗ ਵਿਚ ਰੰਗੇ ਹੋਣ ਬਾਰੇ ਆਪ ਜੀ ਆਖਦੇ ਹਨ -

* ਜਨ ਰਵਿਦਾਸ ਰਾਮ ਰੰਗਿ ਰਾਤਾ। ......( ਪੰਨਾ 487, ਆਸਾ)

2. ਪਰਮਾਤਮਾ ਦਾ ਨਿਰਗੁਣ ਰੂਪ :- ਭਾਵੇਂ ਗੁਰਬਾਣੀ ਵਿੱਚ ਸਰਗੁਣ ਨਿਰਗੁਣ ਦੋਵਾਂ ਦਾ ਜਿਕਰ ਹੈ। ਪਰ ਨਿਰਗੁਣ ਪ੍ਰਭੂ ਨੂੰ ਭਗਤ ਅਤੇ ਗੁਰੂ-ਜਨ ਵਧੇਰੇ ਵਡਿਆਈ ਦਿੰਦੇ ਹਨ। ਡਾ.ਜਸਬੀਰ ਸਿੰਘ ਸਾਬਰ ਰਵਿਦਾਸ ਜੀ ਬਾਬਤ ਲਿਖਦੇ ਹਨ," ਉਹਨਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਸੀ"। ਭਗਤ ਰਵਿਦਾਸ ਜੀ ਦੀ ਆਪਣੀ ਬਾਣੀ ਵਿੱਚ ਵੀ ਨਿਰਗੁਣ-ਬ੍ਰਹਮ ਦੇ ਹੀ ਦਰਸ਼ਨ ਹੁੰਦੇ ਹਨ। ਆਪਣੀ ਆਰਤੀ ਵਿੱਚ ਉਹ "ਨਾਮ" ਨੂੰ ਹੀ ਸਭ ਤੋਂ ਉੱਚਾ ਕਹਿੰਦੇ ਹਨ-

*:ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥............(ਪੰਨਾ 858,ਬਿਲਾਵਲੁ)

3. ਜਾਤ-ਪਾਤ ਦਾ ਜਿਕਰ ਅਤੇ ਵਿਰੋਧ:- ਸਭ ਨਾਲੋਂ ਵੱਧ ਭਗਤ ਜੀ ਨੂੰ ਇਸ ਜਾਤ ਕਾਰਨ ਹੀ ਤ੍ਰਿਸਕਾਰ ਦਾ ਸਾਹਮਣਾ ਕਰਨਾ ਪਿਆ। ਉਚ- ਜਾਤ-ਅਭਿਮਾਨੀ ਤਾਂ ਅਖੌਤੀ ਨੀਵੀਆਂ ਜਾਤਾਂ ਵਾਲਿਆਂ ਨੂੰ ਭਗਤੀ ਕਰਨ ਦਾ ਹੱਕ ਵੀ ਨਹੀਂ ਸਨ ਦਿੰਦੇ। ਮੰਦਰਾਂ ਵਿੱਚ ਜਾਣ ਦੀ ਉਹਨਾਂ ਨੂੰ ਆਗਿਆ ਨਹੀਂ ਸੀ । ਧਾਰਮਿਕ ਅਤੇ ਸਮਾਜਿਕ ਥਾਵਾਂ ਤੇ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਭਗਤ ਜੀ ਨੂੰ ਖੁਸ਼ੀ ਹੈ ਕਿ ਉਹ ਇਸ ਜਾਤ ਵਿੱਚੋਂ ਹੋ ਕੇ ਵੀ ਪਰਮਾਤਮਾ ਦੇ ਨੇੜੇ ਹਨ। ਜਦੋਂ ਉਹ ਆਪਣੀ ਬਾਣੀ ਵਿੱਚ ਆਪਣੀ ਜਾਤ ਦਾ ਜਿਕਰ ਖੁੱਲ੍ਹ ਕੇ ਕਰਦੇ ਹਨ-ਜਿਵੇਂ "ਮੇਰੀ ਜਾਤ ਕਮੀਨੀ," "ਕਹੁ ਰਵਿਦਾਸ ਚਮਾਰ", "ਖਲਾਸ ਚਮਾਰਾ" "ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ" "ਚਮਰਟਾ ਗਾਂਠਿ ਨ ਜਨਈ" ਆਦਿ, ਤਾਂ ਇੱਕ ਤਰਾਂ ਨਾਲ ਉਹ ਉਚ-ਜਾਤ-ਅਭਿਮਾਨੀਆਂ ਦੇ ਚਪੇੜ ਹੀ ਤਾਂ ਮਾਰ ਰਹੇ ਹਨ। ਜਦੋਂ ਪ੍ਰਭੂ ਦੀ ਸ਼ਰਨ ਲਈ ਜਾਂਦੀ ਹੈ ਤਾਂ ਸਭ ਬੰਧਨ ਟੁੱਟ ਜਾਂਦੇ ਹਨ ਅਤੇ ਉਹ ਪ੍ਰੀਤਮ ਆਪਣੀਆਂ ਬਾਹਾਂ ਵਿੱਚ ਲੈ ਲੈਂਦਾ ਹੈ।

* ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥.............(ਪੰਨਾ 1106,ਮਾਰੂ)

ਭਗਤ ਜੀ ਸਮਾਜਿਕ ਅਸਮਾਨਤਾ ਦੇ ਜਿੰਮੇਵਾਰ ਬ੍ਰਾਹਮਣ ਵਰਗ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਇਹ ਠੀਕ ਹੈ ਕਿ ਮੈਂ ਚਮਾਰ ਜਾਤੀ ਦਾ ਹਾਂ, ਪਰ ਮੇਰੇ ਅੰਦਰ ਗੋਬਿੰਦ ਦਾ ਨਾਮ ਹੈ । ਜਦੋਂ ਨਾਲੇ ਦਾ ਪਾਣੀ ਗੰਗਾ ਵਿੱਚ ਮਿਲ ਜਾਂਦਾ ਹੈ, ਤਾਂ ਉਹ ਵੀ ਗਮਗਾ-ਜਲ ਹੀ ਅਖਵਾਉਂਦਾ ਹੈ । ਤਾੜ ਦੇ ਭੈੜੇ ਮੰਨੇ ਜਾਂਦੇ ਰੁੱਖ ਤੋਂ ਬਣੇ ਕਾਗਜ ਤੇ ਪ੍ਰਭੂ ਦੇ ਗੁਣ ਲਿਖੇ ਜਾਣ ਤਾਂ ਓਹੀ ਗ੍ਰੰਥ ਪੂਜਣਯੋਗ ਹੋ ਜਾਂਦਾ ਹੈ ।

* ਸੁਰਾ ਅਪਵਿਤ੍ਰ ਨਤ ਅਵਰ ਜਲ ਕੇ, ਸੁਰਸਰੀ ਮਿਲਤ ਨਹਿ ਹੋਇ ਆਨੰ ॥
ਤਰ ਤਾਰਿ ਅਪਵਿਤ੍ਰ ਕਰਿ ਮਾਨਇੈ ਹੈ, ਜੈਸੇ ਕਾਗਰਾ ਕਰ ਬੀਚਾਰੰ॥
ਭਗਤਿ ਭਗਉਤੁ ਲਿਖੀਐ ਤਿਹ ਉਪਰੇ,ਪੂਜੀਐ ਕਰ ਨਮਸਕਾਰੰ॥..........(ਪੰਨਾ 1293, ਮਲਾਰ)

4. ਸੁੱਚ-ਜੂਠ ਦਾ ਵਿਰੋਧ:-ਬ੍ਰਾਹਮਣ ਨੇ ਕਈ ਤਰਾਂ ਦੀ ਸੁੱਚ-ਜੂਠ ਦੇ ਭਰਮ ਭੁਲੇਖੇ ਪੈਦਾ ਕੀਤੇ ਹੋਏ ਸਨ। ਉਸਨੇ ਪਰਮਾਤਮਾ ਦੀ ਭਗਤੀ ਅਤੇ ਹੋਰ ਕਰਮ-ਕਾਂਡਾਂ ਵਿੱਚ ਰੱਬ ਪ੍ਰਤੀ ਵੀ ਸੁੱਚ-ਜੂਠ, ਸੂਤਕ ਪਾਤਕ ਆਦਿ ਦੇ ਬਖੇੜੇ ਖੜੇ ਕੀਤੇ ਹੋਏ ਸਨ। ਭਗਤ ਰਵਿਦਾਸ ਜੀ ਦਾ ਕਹਿਣਾ ਸੀ ਕਿ ਪ੍ਰਭੂ ਨਾ ਤਾਂ ਜਾਤ ਪਾਤ ਦੇਖਦਾ ਹੈ, ਨਾ ਦਿਖਾਵੇ ਦੀ ਸੁੱਚ ਜੂਠ ਜਾਂ ਕਰਮ-ਕਾਂਡ। ਉਹ ਤਾਂ ਪ੍ਰੇਮ-ਭਗਤੀ ਦਾ ਭੁੱਖਾ ਹੈ। ਗੁਜਰੀ ਰਾਗੁ ਦੇ ਇੱਕ ਸ਼ਬਦ ਵਿੱਚ

ਭਗਤ ਜੀ ਤਿੱਖਾ ਵਿਅੰਗ ਕਰਦੇ ਹੋਏ ਬ੍ਰਾਹਮਣ ਨੂੰ ਕਹਿੰਦੇ ਹਨ ਕਿ ਤੇਰਾ ਦੁੱਧ ਵੱਛਰੇ ਨੇ ਜੂਠਾ ਕਰ ਦਿੱਤਾ ਹੈ, ਫੁੱਲ ਭੌਰੇ ਨੇ ਜੂਠੇ ਕੀਤੇ ਹੋਏ ਹਨ, ਪਾਣੀ ਨੂੰ ਮੱਛੀ ਨੇ ਜੂਠਾ ਕਰ ਦਿੱਤਾ ਹੈ। ਤੂੰ ਕਿਸ ਸੁੱਚਮ ਨਾਲ ਪੂਜਾ ਕਰ ਰਿਹਾ ਹੈਂ-

* ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥.................(ਪੰਨਾ 525,ਗੂਜਰੀ)

5.ਵਿਕਾਰਾਂ ਦਾ ਖੰਡਨ :- ਆਪਣੀ ਬਾਣੀ ਵਿੱਚ ਪ੍ਰਭੂ-ਭਗਤੀ ਤੇ ਜੋਰ ਦਿੰਦੇ ਹੋਏ ਰਵਿਦਾਸ ਜੀ ਨੇ ਮਨੁੱਖ ਨੂੰ ਗੁਣ ਧਾਰਨ ਕਰਨ ਅਤੇ ਔਗਣਾਂ ਦਾ ਤਿਆਗ ਕਰਨ ਦੀ ਸਿੱਖਿਆ ਦਿੱਤੀ ਹੈ। ਉਹਨਾਂ ਅਨੁਸਾਰ ਇਨਸਾਨ ਮਾਇਆ ਦੇ ਲੋਭ ਵਿੱਚ ਫਸ ਕੇ ਵਿਕਾਰੀ ਹੋ ਜਾਂਦਾ ਹੈ ਅਤੇ ਆਪਣਾ ਜੀਵਨ- ਮਨੋਰਥ ਭੁੱਲ ਜਾਂਦਾ ਹੈ।

* ਦੇਵ ਸੰਸੇ ਗਾਂਠਿ ਨ ਛੂਟੇ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥.............(ਪੰਨਾ 974, ਰਾਮਕਲੀ)

* ਜਬ ਕਛੁ ਪਾਵੈ ਤਬ ਗਰੁਬ ਕਰਤ ਹੈ॥

6. ਨਿਮਰਤਾ :-ਭਗਤੀ ਲਈ ਨਿਮਰਤਾ ਪਹਿਲੀ ਪਉੜੀ ਹੈ। ਜਦੋਂ ਭਗਤ ਅਤੇ ਪ੍ਰਭੂ ਇੱਕ ਹੁੰਦੇ ਹਨ, ਤਾਂ ਉਸ ਦੇ ਹਿਰਦੇ ਵਿੱਚ ਜਰਾ ਜਿੰਨੀ ਵੀ ਮੈਂ ਨਹੀਂ ਰਹਿੰਦੀ । ਉਹ ਸਿਰਫ ਅਤੇ ਸਿਰਫ ਤੂੰ ਦਾ ਹੀ ਰੂਪ ਹੋ ਜਾਂਦਾ ਹੈ।

* ਜਬ ਹਮ ਹੋਤੇ ਤਬ ਤੂ ਨਾ ਹੀ, ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਿਰ ਮਹਿ ਓਦਧਿ ਜਲ ਕੇਵਲ ਜਲ ਮਾਹੀ ॥.............(ਪੰਨਾ 658,ਸੋਰਠਿ)

7. ਨਾਸ਼ਮਾਨਤਾ :-ਰਵਿਦਾਸ ਬਾਣੀ ਵਿੱਚ ਮਨੁੱਖ ਦੀ ਨਾਸ਼ਮਾਨਤਾ ਦਾ ਜਿਕਰ ਬਹੁਤ ਖੂਬਸੂਰਤੀ ਨਾਲ ਆਇਆ ਹੈ। ਕਿਸੇ ਵੀ ਮ੍ਰਿਤਕ ਦੇ ਭੋਗ ਤੇ ਪੜ੍ਹਿਆ ਜਾਣ ਵਾਲਾ ਇਹ ਸ਼ਬਦ ਬਹੁਤ ਬੈਰਾਗਮਈ ਵਾਤਾਵਰਣ ਸਿਰਜਦਾ ਹੈ;-

* ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ ॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ॥.....(ਪੰਨਾ 659, ਸੋਰਠਿ)

8. ਨਵੇਂ ਸਮਾਜਿਕ-ਰਾਜਨੀਤਿਕ ਪ੍ਰਬੰਧ ਦਾ ਢਾਂਚਾ:- ਭਗਤ ਰਵਿਦਾਸ ਜੀ ਨੇ ਪਰਮਾਤਮਾ ਦੀ ਭਗਤੀ ਕਰ ਕੇ ਨਿਰਭਉ ਅਤੇ ਨਿਰਵੈਰ ਮਨੁੱਖਾਂ ਦਾ ਇੱਕ ਆਦਰਸ਼ ਸਮਾਜਿਕ-ਰਾਜਨੀਤਿਕ ਢਾਂਚਾ ਆਪਣੀ ਬਾਣੀ ਵਿੱਚ ਖਿੱਚਿਆ ਹੈ। ਜਿਸ ਨਿਜਾਮ ਵਿੱਚ ਸਾਰੇ ਮਨੁੱਖ ਬਰਾਬਰ ਹੋਣਗੇ। ਕਿਸੇ ਨੂੰ ਕੋਈ ਦੁੱਖ ਤਕਲੀਫ ਨਹੀਂ ਹੋਏਗੀ। ਕਿਸੇ ਨੂੰ ਕੋਈ ਡਰ ਨਹੀਂ ਹੋਏਗਾ। ਕੋਈ ਟੈਕਸ ਨਹੀਂ ਦੇਣਾ ਹੋਏਗਾ। ਅਜਿਹੀ ਪਾਤਸ਼ਾਹੀ ਸਦਾ ਕਾਇਮ ਰਹਿਣ ਵਾਲੀ ਹੋਏਗੀ। ਇਸ ਨੂੰ ਉਹਨਾਂ ਨੇ ਬੇਗਮਪੁਰਾ ਦਾ ਨਾਮ ਦਿੱਤਾ ਹੈ।

* ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਕੋ ਠਾਉ ॥
ਨਾ ਤਸਵੀਸ ਖਿਰਾਜ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜੁਆਲੁ ॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥...............(ਪੰਨਾ 345, ਗਉੜੀ)

ਆਓ, ਅਸੀਂ ਸਾਰੇ ਰਲ-ਮਿਲ ਕੇ ਭਗਤ ਰਵਿਦਾਸ ਜੀ ਦੇ ਸਿਰਜੇ ਹੋਏ ਆਦਰਸ਼ਕ ਬੇਗਮ-ਪੁਰਾ ਦੇ ਨਿਰਮਾਣ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ । ਉਹਨਾਂ ਦੀ ਬਾਣੀ ਅਨੁਸਾਰ ਚੱਲੀਏ, ਜਾਤ-ਪਾਤ ਦੇ ਵਿਤਕਰੇ ਚੋਂ ਬਾਹਰ ਨਿਕਲ ਕੇ ਸਿਰਫ ਜੋਤ ਨੂੰ ਪਛਾਣੀਏ ਓਤੇ ਸਾਂਝ ਓਤੇ ਭਾਈਵਾਲਤਾ ਵਾਲਾ ਨਰੋਆ ਸਮਾਜ ਸਿਰਜੀਏ।

# ਗੁਰੂ ਕਰਤਾ ਹਰਿ ਰਾਇ



ਗੁਰੂ ਹਰਿਰਾਇ ਜੀ ਦਾ ਜਨਮ 16 ਜਨਵਰੀ 1630 ਈਸਵੀ ਨੂੰ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਜਿਲਾ ਰੋਪੜ ਵਿਖੇ ਹੋਇਆ । ਜਿੱਥੇ ਅੱਜਕਲ੍ਹ ਗੁਰਦੁਆਰਾ ਸ਼ੀਸ਼ ਮਹਲ ਸ਼ੁਸ਼ੋਭਿਤ ਹੈ। ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੂੰ ਬਚਪਨ ਵਿਚ ਹੀ ਸ਼ਸ਼ਤਰ ਅਤੇ ਸ਼ਾਸ਼ਤਰ ਵਿਦਿਆ ਦਿੱਤੀ ਗਈ। ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ। ਪ੍ਰਭੂ ਦੀ ਬੰਦਗੀ ਵਿਚ ਆਪਣਾ ਸਮਾਂ ਗੁਜਾਰਦੇ ਸਨ। ਸਤਿ ਸੰਤੋਖ , ਸਬਰ, ਅਤੇ ਕੋਮਲਤਾ ਆਪ ਜੀ ਦੇ ਰਗ ਰਗ ਵਿਚ ਰਚੀ ਹੋਈ ਸੀ। ਆਪ ਜੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਦੀ ਸੰਗਤ ਕਰਦੇ ਅਤੇ ਉਹਨਾਂ ਤੋਂ ਦੁਨਿਆਵੀ ਅਤੇ ਰੂਹਾਨੀ ਗਿਆਨ ਪ੍ਰਾਪਤ ਕਰਦੇ। ਗੁਰੂ ਹਰਿਗੋਬਿੰਦ ਜੀ ਦੀ ਜੁਝਾਰੂ ਬਿਰਤੀ ਤੋਂ ਵੀ ਆਪ ਪ੍ਰਭਾਵਿਤ ਸਨ । ਇਸ ਲਈ 2200 ਸਿੰਘ ਸੂਰਮੇ ਆਪ ਜੀ ਦੇ ਨਾਲ ਹਮੇਸ਼ਾ ਤਿਆਰ ਰਹਿੰਦੇ ਸਨ। ਪਰ ਆਪ ਜੀ ਸ਼ਾਂਤ ਸੁਭਾਅ ਦੇ ਹੋਣ ਕਾਰਨ ਕਦੇ ਵੀ ਜੰਗ ਨਹੀਂ ਸੀ ਕਰਦੇ ਅਤੇ ਜੇ ਕੋਈ ਵੀ ਵਾਰ ਕਰਦਾ, ਤਾਂ ਆਪ ਜੀ ਮਸਲੇ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਰਜੀਹ ਦਿੰਦੇ ਸਨ। ਸ਼ਿਕਾਰ ਦੇ ਸ਼ੌਕੀਨ ਸਨ ਪਰ ਆਪ ਕਿਸੇ ਵੀ ਜਾਨਵਰ ਨੂੰ ਮਾਰਦੇ ਨਹੀਂ ਸਨ ,ਸਗੋ ਉਸ ਨੂੰ ਫੜ ਕੇ ਲੈ ਜਾਂਦੇ ਅਤੇ ਆਪਣੇ ਬਾਗ ਵਿਚ ਉਸਦੀ ਸੰਭਾਲ ਕਰਦੇ।

1640 ਈਸਵੀ ਵਿੱਚ ਜਦੋਂ ਆਪ ਜੀ 14 ਸਾਲ ਦੇ ਸਨ, ਯੂ.ਪੀ.ਦੇ ਸ਼ਹਿਰ ਅਨੂਪ ਨਗਰ ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ। ਜਿਸ ਦੀ ਕੁੱਖੋਂ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ ਅਤੇ ਇੱਕ ਪੁੱਤਰੀ ਬੀਬੀ ਅਨੂਪ ਕੌਰ ਦਾ ਜਨਮ ਹੋਇਆ। ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ - ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਹਨਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 ਵਿਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿੱਚ ਜੁਟੇ ਰਹਿੰਦੇ ਸਨ। ਅਤੇ ਸੂਰਜ ਮੱਲ ਤੇ ਦੁਨਿਆਵੀ ਬਿਰਤੀ ਜਿਆਦਾ ਭਾਰੂ ਸੀ, ਜਿਸ ਕਾਰਨ ਇਹਨਾਂ ਵਿੱਚੋ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿੱਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 2 ਸਾਲ ਪਹਿਲਾਂ ਹੀ ਹਰਿਰਾਇ ਜੀ ਨੂੰ ਗੱਦੀ ਦਾ ਵਾਰਸ ਬਣਾ ਦਿੱਤਾ ਸੀ ਜਦਕਿ 1644 ਈਸਵੀ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਵਰਗ ਸਿਧਾਰਨ ਤੋ ਬਾਅਦ ਹੀ ਹਰਿ ਰਾਇ ਜੀ ਨੇ ਪੂਰੀ ਜਿੰਮੇਵਾਰੀ ਸੰਭਾਲੀ ਸੀ।

ਗੁਰੂ ਹਰਿ ਰਾਇ ਜੀ ਨੇ ਗੁਰੂ ਅੰਗਦ ਦੇਵ ਜੀ ਵਾਂਗ ਸਰੀਰਕ ਤੰਦਰੁਸਤੀ ਵੱਲ ਕਾਫੀ ਧਿਆਨ ਦਿੱਤਾ। ਇੱਕ ਪਾਸੇ ਤਾਂ ਆਪ ਜੀ ਦੀ ਸਰਪ੍ਰਸਤੀ ਵਿਚ ਮੱਲ ਅਖਾੜੇ ਵੀ ਚਲਦੇ ਸਨ, ਦੂਜੇ ਪਾਸੇ ਆਪ ਜੀ ਨੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਵਾਉਣ ਲਈ ਦਵਾਖਾਨਾ ਵੀ ਖੋਲ੍ਹਿਆ ਸੀ। ਜਿਥੋ ਜਨਤਾ ਤੰਦਰੁਸਤ ਹੋ ਕੇ ਜਾਂਦੀ ਸੀ। ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਇੱਕ ਵਾਰੀ ਬਿਮਾਰ ਹੋ ਗਿਆ ਸੀ।, ਉਸਨੂੰ ਆਪ ਜੀ ਦੇ ਦਵਾਖਾਨੇ ਤੋਂ ਦਿੱਤੀ ਦਵਾਈ ਨਾਲ ਆਰਾਮ ਆਇਆ ਸੀ। ਹਾਲਾਂਕਿ ਰਾਜਿਆਂ ਦਾ ਗੁਰੂ ਘਰ ਨਾਲ ਸ਼ੁਰੂ ਤੋ ਹੀ ਇੱਟ ਖੜਿਕਾ ਚੱਲਦਾ ਰਿਹਾ ਸੀ, ਪਰ ਗੁਰੂ ਘਰ ਦੀ ਹੀ ਪਿਰਤ ਅਨੁਸਾਰ ਗੁਰੂ ਹਰਿਰਾਇ ਜੀ ਦੇ ਮਨ ਵਿਚ ਕਿਸੇ ਪ੍ਰਤੀ ਵੀ ਕੋਈ ਵੈਰ ਦੀ ਭਾਵਨਾ ਨਹੀਂ ਸੀ। ਸਮਦ੍ਰਿਸ਼ਟੀ ਅਤੇ ਮਾਨਵਤਾ ਦੀ ਸੇਵਾ ਆਪ ਜੀ ਨੂੰ ਭਰਾਤਰੀ ਭਾਵ ਬਣਾਈ ਰੱਖਣ ਵਿਚ ਸਹਾਇਕ ਹੁੰਦੀ।

ਆਪ ਜੀ ਦੀ ਕੋਮਲਤਾ ਨਾਲ ਸੰਬੰਧਿਤ ਇੱਕ ਘਟਨਾ ਦਾ ਜਿਕਰ ਆਉਂਦਾ ਹੈ ਕਿ ਇੱਕ ਵਾਰ ਆਪ ਜੀ ਦੇ ਚੋਲੇ ਨਾਲ ਲੱਗ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਬੜੇ ਉਦਾਸ ਹੋਏ। ਗੁਰੂ ਹਰਿਗੋਬਿੰਦ ਜੀ ਬੋਲੇ ,ਫ਼ਤੋਟ;ਜੇ ਚੋਲਾ ਵਡਾ ਹੋਵੇ ਤਾਂ ਸੰਭਲ ਕੇ ਤੁਰਨਾ ਸਿੱਖੋ। ਫ਼ਤੋਟ; ਗੁਰੂ ਹਰਿਰਾਇ ਜੀ ਨੇ ਇਹ ਸਿੱਖਿਆ ਪੱਲੇ ਬੰਨ੍ਹ ਲਈ ਅਤੇ ਸਮਝ ਗਏ ਕਿ ਵਡੀ ਜਿੰਮੇਵਾਰੀ ਨੂੰ ਸੰਭਾਲਣ ਲਈ ਵਡੀ ਮਿਹਨਤ ਅਤੇ ਵਧੇਰੇ ਧਿਆਨ ਦੀ ਲੋੜ ਹੈ। ਗੁਰੂ ਬਣਨ ਤੋ ਬਾਅਦ ਆਪ ਜੀ ਨੇ ਸਿੱਖੀ ਦੇ ਪ੍ਰਚਾਰ ਵੱਲ ਕਾਫੀ ਧਿਆਨ ਦਿੱਤਾ। ਜਿੱਥੇ ਆਪ ਜੀ ਨੇ ਕਾਫੀ ਪ੍ਰਚਾਰਕ ਦੌਰੇ ਵੀ ਲਗਾਏ ਜਿਹਨਾਂ ਵਿਚ ਆਪ ਜੀ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ , ਵਡੀ ਲਹਿਲ,ਹਰੀਆਂ ਵੇਲਾਂ, ਭੂੰਗਰਤਾ, ਕਰਤਾਰਪੁਰ, ਪੁਆਧਾ,ਭਾਈ ਕੀ ਡਰੌਲੀ, ਮਾੜੀ, ਮਰ੍ਹਾਜ,ਪਲਾਹੀ ਆਦਿ ਥਾਵਾਂ ਵਿਸ਼ੇਸ਼ ਹਨ। ਆਪ ਜੀ ਨੇ 360 ਮੰਜੀਆਂ ਹੋਰ ਥਾਪੀਆਂ। 4 ਧੂਣੇ ਅਤੇ 6 ਬਖਸ਼ਿਸ਼ਾਂ ਵੀ ਕੀਤੀਆਂ। ਆਪ ਜੀ ਨੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਆਦਿ ਬੀੜ ਦੀਆਂ ਕਾਪੀਆਂ ਵੀ ਤਿਆਰ ਕਰਵਾਈਆਂ ।

ਆਪ ਜੀ ਗੁਰਬਾਣੀ ਦਾ ਬਹੁਤ ਜਿਆਦਾ। ਸਤਿਕਾਰ ਕਰਦੇ ਸਨ । ਆਪ ਜੀ ਦੇ ਦਰਬਾਰ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਸਨ। ਇੱਕ ਵਾਰ ਸੰਗਤ ਸ਼ਬਦ ਪੜ੍ਹਦੀ ਹੋਈ ਆ ਰਹੀ ਸੀ ਕਿ ਸ਼ਬਦ ਦੇ ਸਤਿਕਾਰ ਵਜੋਂ ਆਪ ਇੱਕਦਮ ਉੱਠ ਖੜ੍ਹੇ ਹੋਏ। ਆਪ ਜੀ ਦਾ ਗੋਡਾ ਪਲੰਘ ਦੀ ਬਾਹੀ ਵਿਚ ਜੋਰ ਦੀ ਵਜਾ। ਜਦੋਂ ਸਿੱਖਾਂ ਨੇ ਪੁੱਛਿਆ ਤਾਂ ਜਵਾਬ ਦਿੱਤਾ ਕਿ ਬਾਣੀ ਤਾਂ ਸਭ ਤੋਂ ਉੱਚੀ ਹੈ। ਇਸਦਾ ਭੈ ਅਦਬ ਹੋਣਾ ਬਹੁਤ ਜਰੂਰੀ ਹੈ।

ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ --
ਜਿਨ ਭੈ ਅਦਬ ਨਾ ਬਾਣੀ ਧਾਰਾ ।
ਸੋ ਜਾਨਹੁ ਨਹੀਂ ਸਿੱਖ ਹਮਾਰਾ। ....(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ 10, ਅੰਸੂ 21)

ਆਪ ਜੀ ਕੁਦਰਤ ਦੇ ਬਹੁਤ ਪ੍ਰੇਮੀ ਸਨ। ਵਾਤਾਵਰਣ ਸਾਫ ਬਣਾਈ ਰੱਖਣ ਵਿਚ ਖਾਸ ਰੁਚੀ ਲੈਂਦੇ ਸਨ। ਆਪ ਜੀ ਨੇ ਕਾਫੀ ਸਾਰੇ ਬਾਗ਼ ਆਪਣੇ ਹੱਥੀਂ ਲਗਵਾਏ ਅਤੇ ਵਿਕਸਿਤ ਕੀਤੇ। ਆਪ ਜੀ ਦੇ ਇਸ ਪ੍ਰੇਮ ਨੂੰ ਸਤਿਕਾਰ ਦੇਣ ਲਈ ਸਿੱਖ ਕੌਮ ਆਪ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਉਂਦੀ ਆ ਰਹੀ ਹੈ।

ਮੁਗਲ ਬਾਦਸ਼ਾਹ ਔਰੰਗਜੇਬ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲੇ ਹਰ ਸਮਰਥਕ ਨੂੰ ਸਜਾਵਾਂ ਦਿੱਤੀਆਂ ਸਨ । ਇਸੇ ਕਾਰਨ ਉਸਨੇ ਗੁਰੂ ਹਰਿਰਾਇ ਜੀ ਨੂੰ ਵੀ ਦਿੱਲੀ ਬੁਲਾਵਾ ਭੇਜ ਦਿੱਤਾ। ਆਪ ਜੀ ਨੇ ਆਪਣੇ ਵਡੇ ਪੁੱਤਰ ਰਾਮਰਾਇ ਨੂੰ ਇਹ ਸਮਝਾ ਕੇ ਦਿੱਲੀ ਭੇਜ ਦਿੱਤਾ ਕਿ ਡਰਨਾ ਨਹੀਂ, ਸਿਰਫ ਅਤੇ ਸਿਰਫ ਸੱਚ ਦੀ ਗੱਲ ਕਰਨੀ ਹੈ, ਬਾਣੀ ਦੇ ਸੱਚ ਤੋ ਬਾਹਰ ਨਹੀਂ ਜਾਣਾ। ਪਰ ਰਾਮਰਾਇ ਦਿੱਲੀ ਜਾ ਕੇ ਰਾਜੇ ਨੂੰ ਖੁਸ਼ ਕਰਨ ਲੱਗ ਗਏ। ਜਿੱਥੇ ਉਹਨਾਂ ਨੇ ਗੁਰਮਤਿ ਤੋ ਉਲਟ ਕੁਝ ਕਰਾਮਾਤਾਂ ਦਿਖਾਈਆਂ, ਉਥੇ ਇੱਕ ਹੋਰ ਵਡੀ ਗਲਤੀ ਕਰ ਦਿੱਤੀ। ਗੁਰਬਾਣੀ ਦੀ ਪੰਕਤੀ ਹੀ ਬਦਲ ਕੇ ਸੁਣਾ ਦਿੱਤੀ। ਇਸ ਨਾਲ ਰਾਜਾ ਤਾਂ ਖੁਸ਼ ਹੋਇਆ ਅਤੇ ਉਸ ਨੇ ਜਗੀਰ ਵੀ ਦਿੱਤੀ। ਪਰ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਣ ਤੇ ਉਹਨਾਂ ਨੇ ਰਾਮਰਾਇ ਨੂੰ ਮੂੰਹ ਨਾ ਲਗਾਇਆ ਅਤੇ ਸੰਗਤ ਨੂੰ ਵੀ ਉਸ ਨਾਲ ਤਾਲਮੇਲ ਰੱਖਣ ਤੋ ਵਰਜ ਦਿੱਤਾ। ਇਸ ਲਈ ਆਪ ਜੀ ਨੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਯੋਗ ਜਾਣ ਕੇ ਉਸਨੂੰ ਗੁਰਗੱਦੀ ਸੌਂਪ ਦਿੱਤੀ।

20 ਅਕਤੂਬਰ 1661 ਈਸਵੀ ਨੂੰ ਮਾਤਰ 31 ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪ ਜੀ ਦੀ ਸਿਫਤ ਕਰਦੇ ਹੋਏ ਲਿਖਦੇ ਹਨ -
ਸਾਹਾਨਸ਼ਹਿ ਹੱਕ ਨਸਕ ਗੁਰੂ ਕਰਤਾ ਹਰਿਰਾਇ।
ਫਰਮਾ-ਦੇਹ ਨੇਹੁ ਤਬਕ ਗੁਰੂ ਕਰਤਾ ਹਰਿਰਾਇ।
ਗਰਦਨ ਜਨਿ ਸਰਕਸ਼ਾਂ ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰਆਂ ਗੁਰੂ ਕਰਤਾ ਹਰਿਰਾਇ। ..........(ਗੰਜ ਨਾਮਾ 11,ਭਾਈ ਨੰਦ ਲਾਲ ਜੀ)

ਭਾਵ ਗੁਰੂ ਹਰਿਰਾਇ ਜੀ ਵਾਹਿਗੁਰੂ ਜੀ ਦੀ ਸੋਝੀ ਦੇਣ ਵਾਲੇ ਹਨ। ਨੌ ਆਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ।

ਜਸਵਿੰਦਰ ਸਿੰਘ ਰੁਪਾਲ, 9814715796

# ਬੇਗਮਪੁਰੇ ਦੇ ਹਾਮੀ ਭਗਤ ਰਵਿਦਾਸ ਜੀ

ਭਗਤ ਰਵਿਦਾਸ ਜੀ ਦਾ ਜਨਮ ਅਜਿਹੇ ਸਮੇਂ ਹੋਇਆ ਜਦੋਂ ਸਮਾਜ ਜਾਤਾਂ-ਪਾਤਾਂ ਦੇ ਤਾਣੇ ਵਿੱਚ ਉਲਝਿਆ ਹੋਇਆ ਸੀ। ਇੱਕ ਪਾਸੇ ਬਦੇਸ਼ੀ ਹਕੂਮਤਾਂ, ਦੂਜੇ ਪਾਸੇ ਸਵਦੇਸ਼ੀ ਹਕੂਮਤ ਜਿਸ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਅਨੁਸਾਰ ਲੋਕ ਵਰਣ ਵੰਡ ਰਾਹੀਂ ਵੰਡੇ ਹੋਏ ਸਨ। 'ਕੁਦਰਤ ਦੇ ਬੰਦਿਆਂ' ਵਿੱਚ ਉਚ-ਨੀਚ ਦਾ ਪਾੜਾ ਪਾ ਕੇ ਮਨੁੱਖਤਾ ਦਾ ਬਟਵਾਰਾ ਕੀਤਾ ਹੋਇਆ ਸੀ। ਪੁਜਾਰੀ ਅਤੇ ਪੁਰੋਹਿਤ ਸ਼੍ਰੇਣੀ ਨੇ ਯੋਜਨਾਬੱਧ ਤਰੀਕੇ ਨਾਲ ਧਾਰਮਿਕ ਗ੍ਰੰਥਾਂ ਰਾਹੀਂ ਮਨੁੱਖਾਂ ਵਿੱਚ ਵੰਡ ਪਾਈ ਹੋਈ ਸੀ। ਮਨੂ ਸਿਮਰਤੀ ਵਿੱਚ ਲਿਖਿਆ ਮਿਲਦਾ ਹੈ ਕਿ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਸੁਣਦਾ ਹੈ ਤਾਂ ਉਸ ਦੇ ਕੰਨ ਵਿੱਚ ਸਿੱਕਾ ਪਿਘਲਾਕੇ ਪਾ ਦਿੱਤਾ ਜਾਵੇ ਅਤੇ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਕਰਦਾ ਹੈ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ। ਅਜਿਹੇ ਸਮੇਂ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਇੱਕ ਲਹਿਰ ਚੱਲੀ ਜਿਸ ਨੂੰ ਭਗਤੀ ਲਹਿਰ ਦਾ ਨਾਂਅ ਦਿੱਤਾ ਗਿਆ। ਇਤਫ਼ਾਕ ਵਸ ਇਸ ਲਹਿਰ ਦਾ ਮੁੱਢ ਉਤਰੀ ਭਾਰਤ ਵਿੱਚ ਬਨਾਰਸ ਤੋਂ ਹੀ ਬੱਝਾ ਉਹ 'ਬਨਾਰਸ' ਜੋ ਬ੍ਰਾਹਮਣਵਾਦੀ ਅੰਦੋਲਨ ਅਤੇ ਸੱਭਿਆਚਾਰ ਦਾ ਕੇਂਦਰ ਸੀ। ਇਸ ਲਹਿਰ ਦੇ ਦੋ ਪ੍ਰਮੁੱਖ ਨੇਤਾ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਜੋ ਕਥਿਤ ਨੀਵੀਆਂ ਜਾਤਾਂ ਨਾਲ ਸੰਬੰਧਤ ਸਨ, ਨੇ ਉਸ ਸਮੇਂ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਜਿਹੀ ਚੁਣੌਤੀ ਦਿੱਤੀ ਜਿਸ ਨੇ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਪਾਠ ਪੜ੍ਹਾਇਆ ਅਤੇ ਲੋਕਾਈ ਵਿੱਚ ਇਹ ਦ੍ਰਿੜ ਕਰਵਾਇਆ ਕਿ ਕੋਈ ਵੀ ਮਨੁੱਖ ਆਪਣੇ ਕੰਮਾਂ-ਕਾਰਾਂ ਕਰਕੇ ਛੋਟਾ-ਵੱਡਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੀ ਉਸ ਨੂੰ ਵੱਡਾ ਜਾਂ ਛੋਟਾ ਬਣਾਉਂਦੀ ਹੈ ਅਤੇ ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਿਤੇ ਲੁਕਾਉਣ ਦਾ ਯਤਨ ਨਹੀਂ ਕੀਤਾ ਸਗੋਂ ਡੰਕੇ ਦੀ ਚੋਟ 'ਤੇ ਕਿਹਾ

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭਗਤ ਰਵਿਦਾਸ ਜੀ ਦੇ ਜਨਮ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ ਹਨ ਪਰ ਫਿਰ ਵੀ ਬਹੁਤੇ ਇਤਿਹਾਸਕਾਰ ਆਪ ਜੀ ਦਾ ਜਨਮ ਮਾਘ ਸੁਦੀ 15 ਸੰਮਤ 1633 ਨੂੰ ਮੰਨਦੇ ਹਨ। ਆਪ ਜੀ ਦੇ ਨਾਮ ਬਾਰੇ ਵੀ ਪ੍ਰਚਲਿਤ ਹੈ ਕਿ ਰਵੀਵਾਰ ਮਤਲਬ ਐਤਵਾਰ ਦੇ ਦਿਨ ਦਾ ਜਨਮ ਹੋਣ ਕਰਕੇ ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ ਜਾਂ ਕਈ ਲੋਕ ਇਸ ਨਾਮ ਦਾ ਮਤਲਬ ਕੱਢਦੇ ਹਨ ਕਿ ਰੱਬ ਦਾ ਦਾਸ ਰਵਿਦਾਸ। ਕਈ ਲੇਖਕਾਂ ਦਾ ਮੱਤ ਹੈ ਕਿ ਸ਼ੁਰੂਆਤੀ ਰਵਿਦਾਸ ਭਗਤ ਨੂੰ ਰੈਦਾਸ ਵੀ ਆਖਿਆ ਜਾਂਦਾ ਸੀ। ਬੰਗਾਲ ਵਿੱਚ ਉਨ੍ਹਾਂ ਨੂੰ ਰੁਹਿਦਾਸ ਜਾਂ ਰਾਯਦਾਸ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਭਗਤ ਰਵਿਦਾਸ ਬਾਰੇ ਆਮ ਇਹੀ ਆਖਿਆ ਜਾਂਦਾ ਹੈ ਕਿ ਭਗਤ ਰਵਿਦਾਸ ਸੰਤ ਰਾਮਾਨੰਦ ਦੇ ਚੇਲੇ ਸਨ ਅਤੇ ਕਬੀਰ ਬਾਰੇ ਵੀ ਇਹੀ ਆਖਿਆ ਜਾਂਦਾ ਹੈ ਕਿ ਉਹ ਵੀ ਸੰਤ ਰਾਮਾਨੰਦ ਦੇ ਚੇਲੇ ਸਨ। ਪਰ ਭਗਤ ਰਵਿਦਾਸ ਜੀ ਦੀ ਰਚਨਾ ਅਤੇ ਜੀਵਨ ਉਪਰ ਕੰਮ ਕਰਨ ਵਾਲੇ ਵਿਦਵਾਨਾਂ ਨੇ ਅਸਹਿਮਤੀ ਪ੍ਰਗਟਾਈ ਹੈ। ਡਾ. ਜਸਬੀਰ ਸਿੰਘ ਸਾਬਰ ਨੇ ਤਾਂ ਇਸ ਸਬੰਧੀ ਲਿਖਿਆ, "ਉਹਨਾਂ ਦਾ ਗੁਰੂ ਪਾਰਬ੍ਰਹਮ ਪ੍ਰਮੇਸ਼ਵਰ ਸੀ।"

ਇੱਥੇ ਇਹ ਲਿਖਣਾ ਵਾਜਬ ਹੋਵੇਗਾ ਕਿ ਭਗਤ ਰਵਿਦਾਸ ਜੀ ਨੇ ਜਿਨ੍ਹਾਂ ਮਹਾਂਪੁਰਸ਼ਾਂ ਤੋਂ ਪ੍ਰੇਰਣਾ ਲਈ ਸੀ ਉਨ੍ਹਾਂ ਦੇ ਨਾਵਾਂ ਦਾ ਵਰਨਣ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ :-

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਗੁਰੂ ਅਰਜਨ ਦੇਵ ਜੀ ਨੇ ਵੀ ਭਗਤ ਰਵਿਦਾਸ ਦਾ ਕੋਈ ਦੇਹਧਾਰੀ ਗੁਰੂ ਨਹੀਂ ਮੰਨਿਆ। ਉਹ ਲਿਖਦੇ ਹਨ ਰਵਿਦਾਸ ਜੀ ਨੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿਚੋਂ ਕੀਤੀ ਹੈ :-

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥

ਕਬੀਰ ਜੀ ਦਾ ਵਿਚਾਰ ਹੈ ਕਿ ਰਵਿਦਾਸ ਜੀ ਹਰੀ ਦੇ ਬਿਨਾਂ ਕਿਸੇ ਹੋਰ ਵਿਚ ਸ਼ਰਧਾ ਨਹੀਂ ਰੱਖਦੇ:-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਰਵਿਦਾਸ ਜੀ ਦੇ 40 ਸ਼ਬਦ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਪ੍ਰਾਪਤ ਹੋਣ



ਵਾਲੀ ਬਾਣੀ ਦੀ ਪ੍ਰਮਾਣਿਕਤਾ ਤੇ ਵਿਦਵਾਨਾਂ ਵੱਲੋਂ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ। ਰਵਿਦਾਸ ਬਾਣੀ ਵਿੱਚ ਹਰੀ ਦੇ ਨਾਮ ਦੀ ਉਸਤਤਿ ਤਾਂ ਕੀਤੀ ਹੀ ਹੈ ਨਾਲ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ, ਹਉਮੈ ਨੂੰ ਤਿਆਗ ਕੇ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਣ ਲਈ ਪ੍ਰੇਰਿਤ ਕੀਤਾ ਹੈ। ਬਹੁਤ ਹੀ ਵਧੀਆ ਉਦਾਹਰਣਾਂ ਦੇ ਕੇ ਮਨੁੱਖ ਨੂੰ ਮਾੜੇ ਕੰਮਾਂ ਤੋਂ ਬਚਣ ਲਈ ਅਤੇ ਲੋਕਾਈ ਦੀ ਸੇਵਾ ਲਈ ਤੱਤਪਰ ਰਹਿਣ ਦਾ ਉਪਦੇਸ਼ ਦਿੱਤਾ ਹੈ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ ॥ਰਹਾਉ

ਭਾਵ ਕਿ ਹਿਰਨ ,ਮੱਛੀ ,ਭੌਰੇ ,ਪਤੰਗੇ ਤੇ ਹਾਥੀ ਨੂੰ ਇੱਕ ਇੱਕ ਵਿਕਾਰ ਕਾਰਨ ਮਰਨਾ ਪੈਂਦਾ ਪਰ ਮਨੁੱਖ ਵਿੱਚ ਤਾਂ ਪੰਜੇ ਵਿਕਾਰ ਹਨ ਉਸ ਦਾ ਕੀ ਹਸ਼ਰ ਹੋਏਗਾ ?ਅਗਿਆਨਤਾ ਕਾਰਨ ਸਾਡੀ ਬੁੱਧੀ ਦਾ ਦੀਪ ਮੱਧਮ ਹੈ॥

ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ
ਐਸੇ ਮੇਰਾ ਮਨ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨਾ ਸੂਝ
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ਰਹਾਉ

ਭਗਤ ਰਵਿਦਾਸ ਜੀ ਲਿਖਦੇ ਹਨ ਕਿ ਜਿਸ ਤਰ੍ਹਾਂ ਖੂਹ ਡੱਡੂਆਂ ਨਾਲ ਭਰਿਆ ਹੁੰਦਾ ਹੈ ਤੇ ਡੱਡੂਆਂ ਨੂੰ ਇਹ ਇਲਮ ਵੀ ਨਹੀਂ ਹੁੰਦਾ ਕਿ ਖੂਹ ਤੋਂ ਬਿਨਾਂ ਵੀ ਹੋਰ ਦੇਸ਼ ਪ੍ਰਦੇਸ਼ ਹੈ ਇਸੇ ਤਰਾਂ ਮੇਰਾ ਮਨ ਮਾਇਆ ਦੇ ਮੋਹ ਵਿੱਚ ਡੁਬਿਆ ਹੋਇਆ ਹੈ ਮੈਨੂੰ ਉਰਲੇ ਪਾਰਲੇ ਬੰਨੇ ਦੀ ਕੋਈ ਸੂਝ ਨਹੀਂ ਹੈ ਸੋ ਸਾਰੀ ਸ੍ਰਿਸ਼ਟੀ ਦੇ ਮਾਲਕ ਮੈਨੂੰ ਇੱਕ ਪਲ ਲਈ ਆਪਣਾ ਦਰਸ਼ਨ ਬਖਸ਼ ਦੇ।

ਨਾਮ ਦੇ ਅਭਿਆਸ ਉਪਰ ਜੋਰ ਦਿੰਦਿਆਂ ਭਗਤ ਰਵਿਦਾਸ ਜੀ ਨੇ ਨਾਮ ਜਪਣ ਨੂੰ ਹੀ ਸਭ ਤੋਂ ਉਤਮ ਦੱਸਿਆ ਹੈ। ਬਾਕੀ ਸਭ ਫੋਕਟ ਕਰਮਕਾਂਡ ਹਨ। ਧਨਾਸਰੀ ਰਾਗ ਵਿੱਚ ਨਿਰੰਕਾਰ ਨੂੰ ਸੰਬੋਧਿਤ ਹੁੰਦੇ ਹੋਏ ਲਿਖਦੇ ਹਨ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ਰਹਾਉ
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ॥
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋ॥
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥

ਭਗਤ ਜੀ ਨੇ ਪੱਥਰ ਦੇ ਠਾਕਰ ਅਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਚੜ੍ਹਾਈ ਜਾਣ ਵਾਲੀ ਸਮੱਗਰੀ ਉਪਰ ਵਿਅੰਗ ਕਸਦਿਆਂ ਲਿਖਿਆ ਹੈ :-

ਦੂਧੁ ਤ ਬਛਰੈ ਥਨਹੁ ਬਿਟਾਰਿਓ ॥ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ਅਵਰੁ ਨ ਫੂਲੁ ਅਨੂਪ ਨ ਪਾਵਉ॥ ਰਹਾਉ

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਇੱਕ ਅਜਿਹੇ ਸ਼ਹਿਰ ਦਾ ਸੁਪਨਾ ਲਿਆ ਹੈ ਜਿਸ ਵਿੱਚ ਕਿਸੇ ਨੂੰ ਕੋਈ ਦੁੱਖ ਤਕਲੀਫ਼ ਨਹੀਂ ਹੋਵੇਗਾ। ਨਾਗਰਿਕਾਂ ਦੇ ਜਾਨ ਮਾਲ ਦੀ ਗਾਰੰਟੀ ਹੋਵੇ, ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖਤਰੇ ਦਾ ਡਰ ਨਾ ਹੋਵੇ। ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਹੋਵੇ। ਨਾਗਰਿਕਾਂ ਦੇ ਸੁੱਖ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ :-

ਬੇਗਮ ਪੁਰਾ ਸਹਰ ਕੋ ਨਾਉ ਦੂਖੁ ਅੰਦੋਹ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ
ਕਾਇਮੁ ਦਾਇਮੁ ਸਦਾ ਪਾਤਿਸਾਹੀ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨ ਸਦਾ ਮਸਹੂਰ ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਇਸ ਪ੍ਰਕਾਰ ਰਵਿਦਾਸ ਬਾਣੀ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਵਿਸ਼ਿਆਂ ਉਪਰ ਚਾਨਣਾ ਪਾਇਆ ਗਿਆ ਹੈ। ਰਵਿਦਾਸ ਬਾਣੀ ਸਿੱਖ ਸਿਧਾਤਾਂ ਦੇ ਅਨੁਕੂਲ ਹੋਣ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚੇਚਾ ਥਾਂ ਦਿੱਤਾ ਹੈ।

ਦੁਨੀਆਂ ਵਿੱਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਹੀ ਅਜਿਹਾ ਗ੍ਰੰਥ ਹੈ ਜਿਸ ਵਿੱਚ ਗੁਰੂਆਂ ਦੀ ਬਾਣੀ ਦੇ ਨਾਲ ਨਾਲ ਭਗਤਾਂ ਦੀ ਬਾਣੀ ਵੀ ਦਰਜ਼ ਹੈ ਜਿਸ ਕਰਕੇ ਸੂਝ ਬੂਝ ਰੱਖਣ ਵਾਲੇ ਹਰ ਧਰਮ ਦੇ ਪੈਰੋਕਾਰ ਉਸ ਨੂੰ ਸਿੱਖਾਂ ਵਾਂਗ ਪੂਰਾ ਮਾਣ ਸਤਿਕਾਰ ਦਿੰਦੇ ਹਨ। ਕਬੀਰ, ਰਵਿਦਾਸ, ਨਾਮਦੇਵ ਅਤੇ ਸਿੱਖ ਸਿਧਾਂਤ ਇੱਕ ਅਜਿਹੇ ਸਮਾਜ ਦੀ ਸਿਰਜਣਾ ਦੇ ਹਾਮੀ ਹਨ ਜੋ ਹਰ ਧਰਮ ਦੇ ਸਰਮਾਏਦਾਰੀ ਸੋਚ ਵਾਲੇ ਲੋਕਾਂ ਨੂੰ ਰਾਸ ਨਹੀਂ ਆ ਰਹੇ ਅਤੇ ਉਹ ਹਰ ਵੇਲੇ ਐਸ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ ਜਿਸ ਨਾਲ ਇਨ੍ਹਾਂ ਮਹਾਂਪੁਰਖਾਂ ਦੇ ਪੈਰੋਕਾਰਾਂ ਨੂੰ ਆਪਸ ਵਿੱਚ ਲੜਾਇਆ ਜਾਵੇ ਜਿਹੜੇ ਆਦਮੀ ਭਗਤਾਂ ਅਤੇ ਗੁਰੂਆਂ ਦੀ ਬਾਣੀ ਦਾ ਸਤਿਕਾਰ ਕਰਦੇ ਹਨ ਉਨ੍ਹਾਂ ਨੂੰ ਅਜਿਹੇ ਸਮਾਜ ਵਿਰੋਧੀਆਂ ਦੀ ਚਾਲਾਂ ਵਿੱਚ ਨਹੀਂ ਫਸਣਾ ਚਾਹੀਦਾ।

ਭਗਤ ਰਵਿਦਾਸ ਜੀ ਨੇ ਜਿੱਥੇ ਦੱਬੇ ਕੁਚਲੇ ਅਤੇ ਲਿਤਾੜੇ ਜਾ ਰਹੇ ਵਰਗ ਜਿਸ ਨੂੰ ਉਸ ਸਮੇਂ 'ਅਛੂਤ' ਵੀ ਆਖਿਆ ਜਾਂਦਾ ਸੀ ਉਨ੍ਹਾਂ ਅੰਦਰ ਚਾਨਣ ਦੀ ਇੱਕ ਅਜਿਹੀ ਕਿਰਨ ਜਗਾਈ। ਉਹ ਕ੍ਰਾਂਤੀਕਾਰੀ ਰਹਿਬਰ ਜਿਸ ਨੇ ਬਰਾਬਰਤਾ ਦਾ ਸੰਦੇਸ਼ ਦਿੱਤਾ ਪਖੰਡਵਾਦ ਵਿਰੁੱਧ ਜੰਗ ਵਿੱਢੀ ਅਤੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਯਤਨ ਕੀਤਾ ਉਸਨੂੰ ਸਿਰਫ਼ ਇੱਕ ਭਾਈਚਾਰੇ ਦੀਆਂ ਜਾਂ ਫਿਰਕੇ ਦੀਆਂ ਤੰਗ ਵਲਗਣਾ ਵਿੱਚ ਕਿਉਂ ਬੰਨ੍ਹਿਆ ਜਾ ਰਿਹਾ ਹੈ। ਅੱਜ ਅਸੀਂ ਫਿਰ ਉਸੇ ਬ੍ਰਾਹਮਣਵਾਦੀ ਚਾਲਾਂ ਵਿੱਚ ਫਸਕੇ ਵਖਰੇਵੇ ਖੜੇ ਕਰ ਰਹੇ ਹਾਂ। ਚਾਹੀਦਾ ਤਾਂ ਇਹ ਸੀ ਕਿ ਭਗਤ ਰਵਿਦਾਸ ਦੀ ਸਮੁੱਚੀ ਵਿਚਾਰਧਾਰਾ ਨੂੰ ਪੂਰੇ ਸੰਸਾਰ ਵਿੱਚ ਫੈਲਾ ਦੇਣਾ ਸੀ ਪਰ ਕੁਝ ਸੌੜੀਆਂ ਸੋਚਾਂ ਵਾਲੇ ਲੋਕ ਸਿਆਸਤ ਦੇ ਧੱਕੇ ਚੜ੍ਹਕੇ ਗੁਰੂ ਨਾਨਕ ਅਤੇ ਭਗਤ ਰਵਿਦਾਸ ਨੂੰ ਅਲੱਗ ਕਰ ਰਹੇ ਹਨ। ਅੱਜ ਉਨ੍ਹਾਂ ਨੂੰ ਭਗਤ, ਗੁਰੂ ਜਾਂ ਸਤਿਗੁਰੂ ਕਹਿਣ ਦਾ ਬਿਖੇੜਾ ਸ਼ੁਰੂ ਕਰ ਲਿਆ ਹੈ। ਜਦੋਂਕਿ ਉਨ੍ਹਾਂ ਖੁਦ ਲਿਖਿਆ ਹੈ 'ਭਗਤ ਬਰਾਬਰਿ ਅਉਰੁ ਨ ਕੋਇ' ਅਤੇ ਜਿਸ ਭਗਤ, ਗੁਰੂ ਜਾਂ ਰਹਿਬਰ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਹੋ ਕੇ ਗੁਰਬਾਣੀ ਬਣ ਗਈ ਫਿਰ ਉਨ੍ਹਾਂ ਬਾਰੇ ਗੁਰੂ ਹੋਣ ਜਾਂ ਨਾ ਹੋਣ ਦਾ ਬਿਖੇੜਾ ਸ਼ੁਰੂ ਕਰਨਾ ਕਿਸੇ ਸੋਚੀ ਸਮਝੀ ਸਾਜਿਸ਼ ਦਾ ਨਤੀਜਾ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। ਸਮੂਹ ਰਵੀਦਾਸੀਆ ਭਾਈਚਾਰਾ ਸਿੱਖ ਕੌਮ ਦਾ ਇੱਕ ਅਟੁੱਟ ਅੰਗ ਹੈ (ਜਾਂ ਇਹ ਕਹਿ ਲਈਏ ਸਿੱਖ ਕੌਮ ਅਤੇ ਦਲਿਤਾਂ ਦਾ ਰਿਸ਼ਤਾ ਨਹੁੰ-ਮਾਸ ਦਾ ਹੈ) ਸਿੱਖ ਗੁਰੂ ਸਾਹਿਬਾਨ ਨੇ ਵੀ ਜਾਤਾਂ-ਪਾਤਾਂ ਵਿਰੁੱਧ ਲੜਾਈ ਲੜੀ ਅਤੇ ਹਮੇਸ਼ਾਂ ਨੀਵਿਆਂ ਨਾਲ ਨਿਭਾਇਆ ਹੈ। ਜਿਸ ਦਾ ਪ੍ਰਮਾਣ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਪ੍ਰਤੱਖ ਮਿਲਦਾ ਹੈ :-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕੀਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਸੋ ਸਾਨੂੰ ਅਜਿਹਿਆਂ ਵਲਗਣਾਂ 'ਚੋਂ ਨਿਕਲਕੇ ਰਵਿਦਾਸ ਭਗਤ ਦੇ ਬੇਗਮਪੁਰੇ ਦੇ ਸੰਕਲਪ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬੇਸ਼ੱਕ ਹੁਣ ਦੁਨੀਆਂ ਵਿੱਚ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਂਤ ਦੀ ਚਰਚਾ ਹੋ ਰਹੀ ਹੈ ਪਰ ਇਸ ਗੱਲ ਦਾ ਮਾਣ ਭਗਤ ਰਵਿਦਾਸ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੇਗਮਪੁਰੇ ਦੇ ਸਿਧਾਂਤ ਨੂੰ ਚਿਤਵਿਆ, ਪਰ ਪਤਾ ਨਹੀਂ ਕਿਉਂ ਸਾਡੇ ਵਿੱਚ ਆਪਣੇ ਵਿਰਸੇ ਨਾਲੋਂ ਟੁੱਟਕੇ ਦੂਜਿਆਂ ਨੂੰ ਅਪਨਾਉਣ ਦੀ ਹੋੜ ਜਿਹੀ ਲੱਗੀ ਹੋਈ ਹੈ। ਇਹ ਵੀ ਇੱਕ ਸਾਜਿਸ਼ ਹੈ ਜਿਸ ਨੂੰ ਸਮਝਣਾ ਸਮੇਂ ਦੀ ਲੋੜ ਹੈ।

ਡਾ.ਅਮਨਦੀਪ ਸਿੰਘ ਟੱਲੇਵਾਲੀਆ
9814699446

### ਜਰਖੜ ਖੇਡਾਂ ਦੇ 40 ਵਰ੍ਹੇ –

# ਅੱਜ ਵੀ ਪੰਜਾਬ ਦੇ ਪੇਂਡੂ ਖੇਡ ਸੱਭਿਆਚਾਰ ਨੂੰ ਸੰਭਾਲੀ ਬੈਠੀਆਂ ਹਨ ਜਰਖੜ ਖੇਡਾਂ

## ਜਰਖੜ ਖੇਡਾਂ ਹੋਣਗੀਆਂ 13–14 ਅਤੇ 15 ਫਰਵਰੀ 2026 ਨੂੰ




**ਜਰਖੜ ਖੇਡਾਂ 'ਤੇ ਵਿਸ਼ੇਸ਼ ਰਿਪੋਰਟ**

ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 40 ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਇਸ ਵਰੇ 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰ੍ਹੇ 13–14–15 ਫਰਵਰੀ 2026 ਨੂੰ 6 ਕਰੋੜ ਦੀ ਲਾਗਤ ਨਾਲ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿੱਚ ਹੋ ਰਹੀਆਂ ਹਨ।

ਖੇਡਾਂ ਪ੍ਰਤੀ ਸੁਹਿਰਦ ਲੋਕਾਂ, ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ ,ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਲੋਮੀਟਰ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਨੇੜੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਹੈ। 2000 ਕੁ ਹਜ਼ਾਰ ਦੀ ਅਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਪਹਿਚਾਣ ਪੂਰੀ ਦੁਨੀਆ ਵਿੱਚ ਬਣਾ ਲਈ ਹੈ। ਖੇਡਾਂ ਤੋਂ ਇਲਾਵਾ ਵਿਰਾਸਤ ਨਾਲ ਸੰਬੰਧਿਤ ਇੱਕ ਅਜੂਬਾ "ਜੰਨਤ ਏ ਜਰਖੜ " ਦਾ ਨਜ਼ਾਰਾ ਵੀ ਵੇਖਣ ਵਾਲਾ ਹੈ।

ਗੱਲ ਕਰੀਏ ਜਰਖੜ ਖੇਡਾਂ ਦੀ ਕਿ 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆ ਦਾ ਇੱਕ ਅਜੂਬਾ ਬਣ ਗਿਆ ਹੈ।

ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ 'ਚ ਉਲੰਪਿਕ ਪੱਧਰ ਅਤੇ ਸਕੂਲੀ ਖੇਡਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋਂ ਸਮੇਂ ਬੈਠਿਆਂ ਦਾ 8 ਖੇਡਾਂ ਆਨੰਦ ਮਾਣਿਆ ਜਾ ਸਕਦਾ ਹੈ। ਪਿੰਡ ਜਰਖੜ ਦਾ ਸਟੇਡੀਅਮ ਇੱਕ ਅਜਿਹਾ ਸਟੇਡੀਅਮ ਹੈ ਜਿੱਥੇ ਪੂਰਾ ਸਾਲ ਖੇਡ ਗਤੀਵਿਧੀਆਂ ਹੁੰਦੀਆਂ ਹਨ ਅਤੇ ਸਾਲ ਵਿੱਚ ਕਈ ਵਿਭਾਗੀ ਟੂਰਨਾਮੈਂਟਾਂ ਤੋਂ ਇਲਾਵਾ ਚਾਰ ਪੰਜ ਟੂਰਨਾਮੈਂਟ ਹੁੰਦੇ ਹਨ। ਮਈ ਮਹੀਨੇ ਪੂਰਾ ਇਕ ਮਹੀਨਾ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਲੀਗ ਦੇ ਰੂਪ ਵਿੱਚ ਹੁੰਦਾ ਹੈ। ਜਰਖੜ ਦੀਆਂ ਸਲਾਨਾ ਖੇਡਾਂ ਵਿੱਚ ਆਮ ਤੌਰ 'ਤੇ ਕਬੱਡੀ ,ਹਾਕੀ, ਫੁੱਟਬਾਲ,ਹੈਂਡਬਾਲ, ਬਾਸਕਟਬਾਲ, ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਰੱਸਾਕਸ਼ੀ,ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਵੱਜੋਂ ਪਹਿਚਾਣ ਮਿਲੀ ਹੈ।

ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿੱਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ ਮੈਦਾਨ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿੱਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ, ਸਟੂਡੀਓ ਰੂਮ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇੱਕੋ ਇੱਕ ਸਟੇਡੀਅਮ ਹੈ, ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿੱਚ ਬਣੀ ਫੋਟੋ ਗੈਲਰੀ ਵਿੱਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 7 ਉੱਘੀਆਂ ਖੇਡ ਸਖਸ਼ੀਅਤਾਂ ਜਿੰਨ੍ਹਾਂ ਵਿੱਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ, ਕਬੱਡੀ ਖਿਡਾਰੀ ਸਵ: ਮਾਣਕ ਜੋਧਾ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸਤੋਂ ਇਲਾਵਾ ਸੈਵਨ–ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ।

ਸਾਲ 2006 ਵਿੱਚ ਅਪ੍ਰੈਲ ਦੇ ਵਿੱਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ, ਜਰਖੜ ਅਕੈਡਮੀ ਕਈ ਵਾਰ ਸਟੇਟ ਪੱਧਰ ਤੇ ਚੈਂਪੀਅਨ ਬਣੀ। ਜਰਖੜ ਅਕੈਡਮੀ 'ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ 'ਚ 300 ਦੇ ਕਰੀਬ ਸਕੂਲ ਨੈਸ਼ਨਲ ਤੇ 80 ਤੋਂ ਵੱਧ ਕੌਮੀ ਪੱਧਰ, ਅੰਤਰ ਯੂਨਿਵਰਸਿਟੀ ਪੱਧਰ ਦੇ ਮੁਕਾਬਲੇ ਖੇਡ ਚੁਕੇ ਹਨ। ਹੁਣ ਤੱਕ ਵੱਖ–ਵੱਖ ਵਿਭਾਗਾਂ 'ਚ 50 ਦੇ ਕਰੀਬ ਖਿਡਾਰੀਆਂ ਨੂੰ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ 'ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।

ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ 'ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਜੈਜੀ ਬੀ,ਦਿਲਜੀਤ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ, ਕੰਵਰ ਗਰੇਵਾਲ ਅਤੇ ਹੋਰ ਨਾਮੀ ਕਲਾਕਾਰਾਂ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ–ਵੱਖ ਖੇਡ ਮੇਲਿਆਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਹਨਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ 'ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ। ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ 'ਚ ਪਹੁੰਚਦਿਆਂ ਹੀ ਪਤਾ ਚਲਦਾ ਹੈ।

ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 13–14–15 ਫਰਵਰੀ 2026 ਨੂੰ ਹੋ ਰਹੀਆਂ ਹਨ। ਕਬੱਡੀ ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਹਾਕੀ ਦਾ ਗੋਲਡ ਕੱਪ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਦੇ ਨਾਮ ਤੇ ਹੋਵੇਗਾ। ਵਾਲੀਬਾਲ ਦਾ ਕੱਪ ਅਮਰਜੀਤ ਸਿੰਘ ਗਰੇਵਾਲ ਗੁਜਰਵਾਲ ਦੇ ਨਾਮ ਤੇ ਹੋਵੇਗਾ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ,ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਜਗਦੀਪ ਸਿੰਘ ਕਾਹਲੋਂ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਾਬੀ ਕੂਨਰ ਕੈਨੇਡਾ , ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਦੁਪਿੰਦਰ ਸਿੰਘ ਡਿੰਪੀ , ਪ੍ਰੋ ਰਜਿੰਦਰ ਸਿੰਘ, ਹਰਦੇਵ ਸਿੰਘ ਦੁਲੇਅ ਆਦਿ ਹੋਰ ਨੇੜਲੇ ਸਾਥੀ ਅਤੇ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ ਮਨ ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਵਾਰ ਇਹਨਾਂ ਖੇਡਾਂ ਵਿੱਚ ਹਾਕੀ (ਮਰਦ ਤੇਇਸਤਰੀਆਂ )ਹਾਕੀ ਅੰਡਰ 15 ਸਾਲ ਮੁੰਡੇ , ਕੁਸ਼ਤੀਆਂ , ਰੱਸਾਕਸੀ ਸਕੂਲੀ ਪੱਧਰ ,ਵਾਲੀਵਾਲ ,ਫੁਟਬਾਲ ਖੇਡਾਂ ਦੇ ਮੁਕਾਬਲੇ ਹੋਣਗੇ । ਖੇਡਾਂ ਦੇ ਫਾਈਨਲ ਸਮਾਰੋਹ ਤੇ ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਸੇਵਾ ਕਰਨ ਵਾਲੀਆਂ 5 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਜਿਨਾਂ ਨੂੰ ਵੱਖ ਵੱਖ ਖੇਡ ਐਵਾਰਡਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।

**ਜਗਰੂਪ ਸਿੰਘ ਜਰਖੜ ਖੇਡ ਪ੍ਰਮੋਟਰ ਖੇਡ ਲੇਖ਼ਕ**
**9814300722**

# ਜਰਖੜ ਖੇਡਾਂ ਦੇ ਹਾਕੀ ਜੇਤੂਆਂ ਨੂੰ ਵਿਸ਼ਾਲ ਸਾਈਕਲ ਦੇਵੇਗਾ 20 ਸਾਈਕਲ






ਲੁਧਿਆਣਾ/ ਡੇਹਲੋਂ (ਪੰਕਜ ਕੁਮਾਰ) 38ਵੀਂਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 13 ਤੋਂ 15 ਫਰਵਰੀ 2026 ਨੂੰ 6 ਕਰੋੜ ਦੀ ਲਾਗਤ ਬਣੇ ਜਰਖੜ ਖੇਡ ਸਟੇਡੀਅਮ ਵਿਖੇ ਜਿੱਥੇ ਪੂਰੇ ਜਾਹੋ ਜਲਾਲ ਤੇ ਹੋਣਗੀਆਂ ਉੱਥੇ ਮੁੰਡਿਆ ਦੀ ਹਾਕੀ ਵਿੱਚ 20 ਵਿਸ਼ਾਲ ਸਾਈਕਲ ਜਿੱਤਣ ਲਈ ਟੀਮਾਂ ਜੱਦੋ ਜਹਿਦ ਕਰਨਗੀਆਂ। ਕਿਉਂਕਿ ਹਰ ਸਾਲ ਹੋਣ ਵਾਲੀਆਂ ਜਰਖੜ ਖੇਡਾਂ ਵਿੱਚ ਖਿਡਾਰੀਆਂ ਵਿੱਚ ਸਾਈਕਲ ਜਿੱਤਣ ਦੀ ਖਿੱਚ ਹਮੇਸ਼ਾ ਬਣੀ ਰਹਿੰਦੀ ਹੈ । ਵਿਸਾਲ ਸਾਈਕਲ ਕੰਪਨੀ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੰਜੇ ਮਹਿੰਦਰੂ ਨੇ ਦੱਸਿਆ ਤੇ ਜਰਖੜ ਖੇਡਾਂ ਨੇ ਪੰਜਾਬ ਦੇ ਖੇਡ ਸੱਭਿਆਚਾਰ ਵਿੱਚ ਇੱਕ ਵਿਲੱਖਣ ਸਥਾਨ ਹਾਸਲ ਕੀਤਾ ਹੈ । ਇਨ੍ਹਾਂ ਖੇਡਾਂ ਤੇ ਖਿਡਾਰੀ ਦੀ ਸੇਵਾ ਕਰਨ ਦਾ ਇਕ ਵੱਖਰਾ ਸਕੂਨ ਮਿਲਦਾ ਹੈ। ਜਰਖੜ ਖੇਡਾਂ ਨੌਜਵਾਨਾਂ ਨੂੰ ਹਰ ਸਾਲ ਇੱਕ ਨਵੀਂ ਸੇਧ ਦਿੰਦੀਆਂ ਹਨ। ਸ੍ਰੀ ਅਸ਼ੋਕ ਬਾਵਾ ਵਾਈਸ ਪ੍ਰਧਾਨ ਬਿਜਨਿਸ ਡਿਵੈਲਪਮੈਂਟ ਮਿਸਾਲ ਸਾਈਕਲ ਨੇ ਆਖਿਆ ਕਿ ਵਿਸ਼ਾਲ ਸਾਈਕਲ ਹਾਕੀ ਮੁੰਡਿਆਂ ਦੀਆਂ ਜੇਤੂ ਟੀਮਾਂ ਨੂੰ 20 ਸਾਈਕਲ ਇਨਾਮ ਵਜੋਂ ਜੇਤੂ ਟਰਾਫੀ ਪ੍ਰਦਾਨ ਕਰੇਗਾ।

ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਨੇ ਦੱਸਿਆ ਵਿਸ਼ਾਲ ਸਾਈਕਲ ਵਲੋਂ ਹਾਕੀ ਖਿਡਾਰੀਆਂ ਲਈ ਇਨਾਮ ਦੇਣਾ ਜਰਖੜ ਖੇਡਾਂ ਲਈ ਇਕ ਵੱਡੇ ਮਾਣ ਵਾਲੀ ਗੱਲ ਹੈ। ਉਹਨਾਂ ਆਖਿਆ ਅਸੀਂ ਹਮੇਸ਼ਾ ਵਿਸ਼ਾਲ ਸਾਈਕਲ ਕੰਪਨੀ ਦੇ ਰਿਣੀ ਹਾਂ ਜੋ ਜਰਖੜ ਖੇਡਾਂ ਦੇ ਇਸ ਮਹਾਨ ਕੁੰਭ ਵਿੱਚ ਆਪਣਾ ਵੱਡਾ ਯੋਗਦਾਨ ਪਾਉਂਦੇ ਹਨ। ਪ੍ਰਧਾਨ ਐਡਵੋਕੇਟ ਹਰਕਮਲ ਸਿੰਘ , ਸਰਪੰਚ ਸੰਦੀਪ ਸਿੰਘ ਜਰਖੜ ਨੇ ਦੱਸਿਆ ਕਿ 13 ਤੋਂ 15 ਫਰਵਰੀ ਤੱਕ ਹੋਣ ਵਾਲੀਆਂ ਜਰਖੜ ਖੇਡਾਂ ਵਿੱਚ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਗੋਲਡ ਕੱਪ ਹਾਕੀ ਵਿੱਚ ਮਰਦ ਅਤੇ ਇਸਤਰੀਆਂ ਦੇ ਮੁਕਾਬਲੇ,ਹਾਕੀ ਜੂਨੀਅਰ 15 ਸਾਲ , ਫੁਟਬਾਲ ਮੁੰਡੇ ਅਤੇ ਕੁੜੀਆਂ, ਅਮਰਜੀਤ ਸਿੰਘ ਗਰੇਵਾਲ ਵਾਲੀਬਾਲ ਸਮੈਸ਼ਿੰਗ ਯੂਥ ਸਟੇਟ ਚੈਂਪੀਅਨਸ਼ਿਪ, ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਇੱਕ ਪਿੰਡ ਓਪਨ ਕੱਪ,ਕਬੱਡੀ ਬਾਬਿਆਂ ਦੀ 40 ਸਾਲ ਤੋਂ ਉੱਪਰ , ਰੱਸਾਕਸ਼ੀ ਦੇ ਮੁਕਾਬਲੇ, ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਖੇਡਾਂ, ਕਬੱਡੀ ਮੁੰਡੇ ਤੇ ਕੁੜੀਆਂ, ਰੱਸਾਕਸ਼ੀ ਆਦਿ ਹੋਰ ਖੇਡਾਂ ਦੇ ਮੁਕਾਬਲੇ ਹੋਣਗੇ। ਇਸਤੋਂ ਇਲਾਵਾ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ 5 ਸਖਸ਼ੀਅਤਾਂ ਦਾ ਵੱਖ ਵੱਖ ਖੇਡ ਐਵਾਰਡਾਂ ਨਾਲ ਸਨਮਾਨ ਹੋਵੇਗਾ।

# ਬੀ ਬੀ ਸੀ ਪੁਰਸਕਾਰ ਲਈ ਪੰਜ ਭਾਰਤੀ ਖਿਡਾਰਣਾਂ ਨਾਮਜ਼ਦ

### ਹਰਮਨਪ੍ਰੀਤ, ਸਮ੍ਰਿਤੀ ਮੰਧਾਨਾ, ਦਿਵਿਆ, ਸੁਰੁਚੀ ਤੇ ਜੋਤੀ ਸੂਚੀ 'ਚ ਸ਼ਾਮਲ



ਸਾਲ 2025 ਦੇ ਵੱਕਾਰੀ 'ਬੀ ਬੀ ਸੀ ਇੰਡੀਅਨ ਸਪੋਰਟਸਵੂਮੈਨ ਆਫ ਦਾ ਈਅਰ' ਐਵਾਰਡ ਲਈ ਪੰਜ ਮਹਿਲਾ ਖਿਡਾਰਨਾਂ ਨਾਮਜ਼ਦ ਕੀਤੀਆਂ ਗਈਆਂ ਹਨ। ਇਸ ਸੂਚੀ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਉਪ ਕਪਤਾਨ ਸਮ੍ਰਿਤੀ ਮੰਧਾਨਾ, ਸ਼ਤਰੰਜ ਦੀ ਉੱਭਰਦੀ ਖਿਡਾਰਨ ਦਿਵਿਆ ਦੇਸ਼ਮੁਖ, ਨਿਸ਼ਾਨੇਬਾਜ਼ ਸੁਰੂਚੀ ਸਿੰਘ ਅਤੇ ਅੜਿੱਕਾ ਦੌੜਾਕ ਜੋਤੀ ਯਾਰਾਜੀ ਸ਼ਾਮਲ ਹਨ।

ਹਰਮਨਪ੍ਰੀਤ ਕੌਰ ਨੇ ਭਾਰਤ ਨੂੰ 2025 ਵਿੱਚ ਪਹਿਲੀ ਵਾਰ ਆਈ ਸੀ ਸੀ ਮਹਿਲਾ ਵਿਸ਼ਵ ਕੱਪ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਮੰਧਾਨਾ ਨੇ ਆਸਟਰੇਲੀਆ ਖ਼ਿਲਾਫ਼ 50 ਗੇਂਦਾਂ ਵਿੱਚ ਸੈਂਕੜਾ ਜੜ ਕੇ ਵਿਰਾਟ ਕੋਹਲੀ ਦਾ ਰਿਕਾਰਡ ਤੋੜਿਆ ਸੀ। ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ 20 ਸਾਲ ਦੀ ਉਮਰ ਵਿੱਚ ਫਿਡੇ ਮਹਿਲਾ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚਿਆ ਹੈ। ਉਹ ਸਭ ਤੋਂ ਘੱਟ ਉਮਰ ਦੀ ਜੇਤੂ ਬਣੀ ਹੈ। ਇਸੇ ਤਰ੍ਹਾਂ ਹਰਿਆਣਾ ਦੀ 19 ਸਾਲਾ ਨਿਸ਼ਾਨੇਬਾਜ਼ ਸੁਰੂਚੀ ਸਿੰਘ ਨੇ 2025 ਵਿੱਚ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਵਿੱਚ ਤਿੰਨ ਸੋਨ ਤਗ਼ਮੇ ਜਿੱਤੇ। ਅੜਿੱਕਾ ਦੌੜਾਕ ਜੋਤੀ ਯਾਰਾਜੀ 2024 ਪੈਰਿਸ ਓਲੰਪਿਕ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ ਅਤੇ ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪ 2025 ਵਿੱਚ ਸੋਨ ਤਗ਼ਮਾ ਜਿੱਤਿਆ। ਉਸ ਨੇ 100 ਮੀਟਰ ਅੜਿੱਕਾ ਦੌੜ ਵਿੱਚ ਹੋਰ ਵੀ ਪ੍ਰਾਪਤੀਆਂ ਹਾਸਲ ਕੀਤੀਆਂ। ਬੀ ਬੀ ਸੀ ਨਿਊਜ਼ ਦੀ ਅਧਿਕਾਰੀ ਫਿਓਨਾ ਕਰੈਕ ਨੇ ਕਿਹਾ ਕਿ ਇਹ ਐਵਾਰਡ ਭਾਰਤੀ ਮਹਿਲਾ ਖਿਡਾਰਨਾਂ ਦੀਆਂ ਪ੍ਰਾਪਤੀਆਂ ਨੂੰ ਦੁਨੀਆ ਸਾਹਮਣੇ ਲਿਆਉਣ ਦਾ ਮੌਕਾ ਹੈ।

# ਟੈਨਿਸ: ਹਾਰ ਦੇ ਬਾਵਜੂਦ ਸਬਾਲੇਂਕਾ ਸਿਖਰ 'ਤੇ ਬਰਕਰਾਰ

## ਜੋਕੋਵਿਚ ਪੁਰਸ਼ ਰੈਂਕਿੰਗ ਵਿੱਚ ਤੀਜੇ ਸਥਾਨ 'ਤੇ ਪੁੱਜਿਆ


ਸਬਾਲੇਂਕਾ ਜੋਕੋਵਿਚ

ਐਰੀਨਾ ਸਬਾਲੇਂਕਾ ਫਾਈਨਲ ਵਿੱਚ ਇਲੀਨਾ ਰਿਬਾਕੀਨਾ ਤੋਂ ਹਾਰਨ ਦੇ ਬਾਵਜੂਦ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਣ ਵਿੱਚ ਸਫਲ ਰਹੀ ਹੈ। ਉੱਧਰ, ਕਾਰਲੋਸ ਅਲਕਰਾਜ਼ ਨੇ ਆਸਟਰੇਲੀਅਨ ਓਪਨ ਦਾ ਖ਼ਿਤਾਬ ਜਿੱਤ ਕੇ ਆਪਣੇ ਕਰੀਅਰ ਦਾ ਗਰੈਂਡ ਸਲੈਮ ਪੂਰਾ ਕਰ ਲਿਆ। ਜਿਸ ਖਿਡਾਰੀ ਨੂੰ ਉਸ ਨੇ ਹਰਾਇਆ, ਭਾਵ, 24 ਵਾਰ ਦੇ ਗਰੈਂਡ ਸਲੈਮ ਜੇਤੂ ਨੋਵਾਕ ਜੋਕੋਵਿਚ ਲਈ ਵੀ ਕੁਝ ਰਾਹਤ ਦੀ ਖ਼ਬਰ ਹੈ।

ਅਲਕਰਾਜ਼ ਨੇ ਜਿੱਥੇ ਏ ਟੀ ਪੀ ਟੂਰ 'ਤੇ ਆਪਣੀ ਨੰਬਰ 1 ਦਰਜਾਬੰਦੀ ਬਰਕਰਾਰ ਰੱਖੀ ਹੈ, ਉੱਥੇ ਜੋਕੋਵਿੱਚ ਜਿਸ ਨੇ ਸੈਮੀ ਫਾਈਨਲ ਵਿੱਚ ਜੈਨਿਕ ਸਿਨਰ ਨੂੰ ਹਰਾਇਆ ਸੀ, ਇੱਕ ਦਰਜਾ ਉੱਪਰ ਚੜ੍ਹ ਕੇ ਨੰਬਰ 3 'ਤੇ ਪਹੁੰਚ ਗਿਆ ਹੈ। ਅਗਸਤ 2024 ਤੋਂ ਬਾਅਦ ਇਹ ਪਹਿਲੀ ਵਾਰ ਹੈ, ਜਦੋਂ 38 ਸਾਲਾ ਜੋਕੋਵਿਚ ਚੋਟੀ ਦੇ ਤਿੰਨ ਖਿਡਾਰੀਆਂ ਵਿੱਚ ਸ਼ਾਮਲ ਹੋਇਆ ਹੈ। ਰਿਬਾਕੀਨਾ ਦੋ ਦਰਜੇ ਦੇ ਸੁਧਾਰ ਨਾਲ ਤੀਜੇ ਸਥਾਨ 'ਤੇ ਪਹੁੰਚ ਗਈ ਹੈ। ਇਗਾ ਸਵਿਆਤੇਕ ਰੈਂਕਿੰਗ ਵਿੱਚ ਦੂਜੇ ਸਥਾਨ 'ਤੇ ਕਾਇਮ ਹੈ। ਅਮਰੀਕਾ ਦੀ ਅਮੈਂਡਾ ਅਨੀਸਿਮੋਵਾ ਨੰਬਰ–4, ਕੋਕੋ ਗੌਫ ਅਤੇ ਜੈਸਿਕਾ ਪੇਗੁਲਾ ਅਗਲੇ ਸਥਾਨਾਂ 'ਤੇ ਹਨ। ਐਲਿਨਾ ਸਵਿਤੋਲੀਨਾ ਹੁਣ ਨੰਬਰ 10 'ਤੇ ਆ ਗਈ ਹੈ। ਅਮਰੀਕਾ ਦੇ ਲਰਨਰ ਟੀਨ ਨੇ ਸਭ ਤੋਂ ਵੱਡੀ ਛਾਲ ਮਾਰੀ ਹੈ। 20 ਸਾਲਾ ਟੀਨ ਪੰਜ ਦਰਜੇ ਉੱਪਰ ਚੜ੍ਹ ਕੇ ਆਪਣੇ ਕਰੀਅਰ ਦੀ ਸਰਵੋਤਮ 24ਵੀਂ ਰੈਂਕਿੰਗ 'ਤੇ ਪਹੁੰਚ ਗਿਆ ਹੈ। ਉਹ 2002 ਤੋਂ ਬਾਅਦ ਕਿਸੇ ਪ੍ਰਮੁੱਖ ਟੂਰਨਾਮੈਂਟ ਦੇ ਕੁਆਰਟਰ ਫਾਈਨਲ ਵਿੱਚ ਪੁੱਜਣ ਵਾਲਾ ਸਭ ਤੋਂ ਘੱਟ ਉਮਰ ਦਾ ਅਮਰੀਕੀ ਪੁਰਸ਼ ਖਿਡਾਰੀ ਬਣ ਗਿਆ ਹੈ।

# ਸਕੁਐਸ਼: ਅਨਾਹਤ ਨੇ ਇਤਿਹਾਸ ਰਚਿਆ

ਭਾਰਤ ਦੀ 15 ਸਾਲਾ ਸਕੁਐਸ਼ ਖਿਡਾਰਨ ਅਨਾਹਤ ਸਿੰਘ ਨੇ ਵਾਸ਼ਿੰਗਟਨ ਵਿੱਚ ਹੋਏ 'ਸਕੁਐਸ਼ ਆਨ ਫਾਇਰ ਓਪਨ' ਵਿੱਚ ਇਤਿਹਾਸ ਰਚਦਿਆਂ ਆਪਣਾ ਪਹਿਲਾ ਪੀ ਐੱਸ ਏ ਕਾਂਸੇ ਪੱਧਰ ਦਾ ਖਿਤਾਬ ਜਿੱਤ ਲਿਆ ਹੈ। ਦਿੱਲੀ ਦੀ ਇਸ ਹੋਣਹਾਰ ਖਿਡਾਰਨ ਨੇ ਫਾਈਨਲ ਵਿੱਚ ਸਿਖਰਲਾ ਦਰਜਾ ਪ੍ਰਾਪਤ ਅਤੇ ਵਿਸ਼ਵ ਦੀ 10ਵੇਂ ਨੰਬਰ ਦੀ ਖਿਡਾਰਨ ਇੰਗਲੈਂਡ ਦੀ ਜੌਰਜੀਨਾ ਕੈਨੇਡੀ ਨੂੰ ਸਿੱਧੇ ਸੈੱਟਾਂ ਵਿੱਚ 12–10, 11–5, 11–7 ਨਾਲ ਹਰਾਇਆ। ਪਹਿਲੀ ਗੇਮ ਵਿੱਚ ਉਹ 8–10 ਨਾਲ ਪੱਛੜ ਰਹੀ ਸੀ, ਪਰ ਉਸ ਨੇ ਲਗਾਤਾਰ ਚਾਰ ਅੰਕ ਲੈ ਕੇ ਵਾਪਸੀ ਕੀਤੀ ਅਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਇਹ ਅਨਾਹਤ ਦੇ ਕਰੀਅਰ ਦਾ ਸਭ ਤੋਂ ਵੱਡਾ ਖਿਤਾਬ ਹੈ ਤੇ ਪੀ ਐੱਸ ਏ ਟੂਰ 'ਤੇ ਉਸ ਦੀ 15ਵੀਂ ਜਿੱਤ ਹੈ। ਜਿੱਤ ਮਗਰੋਂ ਅਨਾਹਤ ਨੇ ਕਿਹਾ ਕਿ ਉਹ ਆਪਣੀ ਰੈਂਕਿੰਗ ਸੁਧਾਰਨ ਤੇ ਵਧੀਆ ਪ੍ਰਦਰਸ਼ਨ ਕਰਨ ਲਈ ਦ੍ਰਿੜ੍ਹ ਸੀ।

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Passport & I.D. Photo
Ph: 905.678.1200
Fax: 905.678.1201
Toll Free: 1.888.678.1201
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ।
ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale 905-497-6300 1098 Peter Robertson Blvd., #3 (Springdale) Brampton
Hamilton 905-930-7700 06-141 Highway 8, Stoney Creek
Brampton 905-595-2000 499 Raylawson Blvd., Unit #32, Brampton, ON
Markham 416-603-1800 45 Karachi Dr., Unit 45 Markham
Airport Rd. 905-595-1700 60 Cottrelle Blvd. Unit 12C, Brampton
India 01624-223315-16-17 opp Union Bank of India Tehsil Rd, Jagraon

SKYDOME GROUP OF COMPANIES
Ontario MINISTRY OF TRANSPORTATION Approved Repair Centre
FLEET DISCOUNTS
Towing Across North America
www.skydomeauto.ca
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
FCA MOPAR Certified Collision Repair Facility
Daljit Singh Gaidhu
Satnam Singh Satbir Singh Inderpal Singh InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878
SKYDOME AUTO & BODY CENTRE 308 Rutherford Rd. Brampton, ON L6W 3K7 Office: 905-874-9878 | Fax: 905-874-9747 skydome_auto@hotmail.com
SKYDOME EMISSION & ALIGNMENT CENTRE 210 RUTHERFORD RD SOUTH OFFICE : 9054509878 FAX:-905-450-9808.
SKYDOMETRUCK CENTRE 30 STAFFORD DR BRAMPTON OFFICE: 905-460-1414 FAX: 905-460-9451
SKYDOME AUTO SALES 30 STAFFORD DR BRAMTPON, ON, L6W 1L4 DILJIT : 416-305-9878
ONTARIO'S DRIVE CLEAN

ASIAN FOOD CENTER
www.asainfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338